ਸ਼ੁੱਕਰਵਾਰ, 16 ਜਨਵਰੀ, 2026
3 ਮਾਘ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 227

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 16 JANUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਭਗਵੰਤ ਮਾਨ ਵੱਲੋਂ ਸ਼੍ਰੋਮਣੀ ਕਮੇਟੀ ਬਾਰੇ ਸ਼ਿਕਾਇਤਾਂ ਸਿੰਘ ਸਾਹਿਬਾਨ ਦੇ ਸਪੁਰਦ

## ਮੁੱਖ ਮੰਤਰੀ ਨਾਲ ਸੁਖਾਵੇਂ ਮਾਹੌਲ 'ਚ ਗੱਲਬਾਤ ਹੋਈ, ਸਪੱਸ਼ਟੀਕਰਨ 'ਤੇ ਫ਼ੈਸਲਾ ਬਾਅਦ 'ਚ : ਜਥੇਦਾਰ ਗੜਗੱਜ






**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਦੇ ਸਨਮੁੱਖ ਪੇਸ਼ ਹੋ ਕੇ ਆਪਣਾ ਹਜ਼ਾਰਾਂ ਸਫਿਆਂ ਦਾ ਸਪੱਸ਼ਟੀਕਰਨ ਪੇਸ਼ ਕੀਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਮੁੱਖ ਮੰਤਰੀ ਨੇ ਆਪਣੀ ਗਲਤੀ ਦੀ ਮੁਆਫੀ ਮੰਗ ਲਈ ਹੈ। ਮਾਨ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ 'ਤੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਗੰਭੀਰਤਾ ਨਾਲ ਵਿਚਾਰ ਕਰਨ ਉਪਰੰਤ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਹਨਾ ਕਿਹਾ ਕਿ ਮੁੱਖ ਮੰਤਰੀ ਨਾਲ ਬੜੇ ਹੀ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਹੋਈ। ਉਹਨਾ ਕਿਹਾ ਕਿ ਮੁੱਖ ਮੰਤਰੀ ਖਿਲਾਫ ਉਹ ਮਰਿਆਦਾ ਅਨੁਸਾਰ ਤਾਂ ਕੋਈ ਕਾਰਵਾਈ ਨਹੀ ਕਰ ਸਕਦੇ, ਪਰ ਦੋਸ਼ੀ ਪਾਏ ਜਾਣ 'ਤੇ ਸੰਗਤਾਂ ਦੇ ਨਾਂਅ ਸੰਦੇਸ਼ ਜਾਰੀ ਜ਼ਰੂਰ ਕੀਤਾ ਜਾ ਸਕਦਾ ਹੈ, ਜਿਸ ਵਿੱਚ ਆਮ ਆਦਮੀ ਪਾਰਟੀ ਦਾ ਬਾਈਕਾਟ ਵੀ ਹੋ ਸਕਦਾ ਹੈ।

ਉਨ੍ਹਾ ਕਿਹਾ ਕਿ ਮੁੱਖ ਮੰਤਰੀ ਨਾਲ ਸਿੱਖ ਰਹਿਤ ਮਰਿਆਦਾ ਅਤੇ ਗੁਰੂ ਕੀ ਗੋਲਕ ਬਾਰੇ ਵੀ ਗੱਲਬਾਤ ਹੋਈ ਹੈ, ਜਿਸ ਦੌਰਾਨ ਉਨ੍ਹਾ ਮੰਨਿਆ ਹੈ ਕਿ ਉਨ੍ਹਾ ਨੂੰ ਸਿੱਖ ਰਹਿਤ ਮਰਿਆਦਾ ਬਾਰੇ ਬਹੁਤੀ ਜਾਣਕਾਰੀ ਨਹੀਂ। ਜਥੇਦਾਰ ਨੇ ਕਿਹਾ ਕਿ ਮੁੱਖ ਮੰਤਰੀ ਦੀ ਵਾਇਰਲ ਵੀਡੀਓ ਬਾਰੇ ਉਨ੍ਹਾ ਵੱਲੋਂ ਮੁੱਖ ਮੰਤਰੀ ਨੂੰ ਕਿਹਾ ਗਿਆ ਹੈ ਕਿ ਉਹ ਉਨ੍ਹਾ ਨੂੰ ਦੋ ਲੈਬਾਂ ਦੱਸਣ, ਤਾਂ ਜੋ ਇਸ ਦੀ ਜਾਂਚ ਕਰਵਾਈ ਜਾ ਸਕੇ ਤੇ ਸੱਚਾਈ ਸਾਹਮਣੇ ਆ ਸਕੇ। ਉਨ੍ਹਾ ਕਿਹਾ ਕਿ ਅਕਾਲ ਤਖ਼ਤ ਨੂੰ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣਾ ਸਪੱਸ਼ਟੀਕਰਨ ਦੇਣ ਉਪਰੰਤ ਕਿਹਾ ਕਿ ਜਥੇਦਾਰ ਸਾਹਿਬ ਨਾਲ ਉਨ੍ਹਾ ਦੀ ਗੱਲਬਾਤ ਬੜੇ ਹੀ ਸੁਖਾਵੇਂ ਮਾਹੌਲ ਵਿੱਚ ਹੋਈ। ਉਹਨਾ ਕਿਹਾ ਕਿ ਉਹਨਾ ਜਥੇਦਾਰ ਨੂੰ 25-30 ਹਜ਼ਾਰ ਪੰਨਿਆਂ ਦਾ ਇੱਕ ਪੁਲੰਦਾ ਸੌਂਪਿਆ ਹੈ, ਜਿਸ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਤੇ ਗਿਲੇ-ਸ਼ਿਕਵੇ ਸ਼੍ਰੋਮਣੀ ਕਮੇਟੀ ਪ੍ਰਤੀ ਪ੍ਰਗਟ ਕੀਤੇ ਗਏ ਹਨ। ਉਹਨਾ ਕਿਹਾ ਕਿ ਉਹਨਾ ਨੂੰ ਗੁਰਸਿੱਖ ਨਹੀ ਦੱਸਿਆ ਜਾ ਰਿਹਾ, ਪਰ ਉਹ ਸਿੱਖ ਪਰਵਾਰ ਵਿੱਚ ਪੈਦਾ ਹੋਏ ਹਨ ਤੇ ਅਕਾਲ ਤਖਤ ਤੇ ਸਿੱਖ ਗੁਰੂ ਸਾਹਿਬਾਨ ਨੂੰ ਨਤਮਸਤਕ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰੇਕ ਫੈਸਲੇ ਪ੍ਰਤੀ ਪੂਰਨ ਸਤਿਕਾਰ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, 'ਮੈਂ ਜਥੇਦਾਰ ਸਾਹਿਬ ਦੇ ਹਰੇਕ ਫੈਸਲੇ ਦੀ ਪਾਲਣਾ ਕਰਾਂਗਾ। ਅੱਜ ਇੱਥੇ ਪੇਸ਼ ਹੋਣ ਨਾਲ ਮੇਰੇ ਮਨ ਨੂੰ ਬਹੁਤ ਸਕੂਨ, ਅੰਦਰੂਨੀ ਸ਼ਾਂਤੀ ਅਤੇ ਸੰਤੁਸ਼ਟੀ ਮਿਲੀ ਹੈ।' ਉਨ੍ਹਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜਾਬ ਸਰਕਾਰ ਦਰਮਿਆਨ ਕਿਸੇ ਵੀ ਕਥਿਤ ਟਕਰਾਅ ਬਾਰੇ ਵਿਰੋਧੀ ਤਾਕਤਾਂ ਵੱਲੋਂ ਘੜੇ ਜਾ ਰਹੇ ਬਿਰਤਾਂਤ ਨੂੰ ਮੁੱਢੋਂ ਨਕਾਰਦਿਆਂ ਇਨ੍ਹਾਂ ਨੂੰ ਬੇਬੁਨਿਆਦ ਅਤੇ ਝੂਠਾ ਕਰਾਰ ਦਿੱਤਾ। ਉਨ੍ਹਾ ਕਿਹਾ, 'ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਥਾਰਟੀ ਨੂੰ ਚੁਣੌਤੀ ਦੇਣ ਜਾਂ ਕਮਜ਼ੋਰ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ, ਜੋ ਕਿ ਸਮੁੱਚੇ ਸਿੱਖ ਭਾਈਚਾਰੇ ਲਈ ਸਰਵਉੱਚ ਹੈ। ਮੇਰੀ ਸਰਕਾਰ ਸਿਰਫ ਪੰਜਾਬ ਦੀ ਤਰੱਕੀ ਅਤੇ ਇਸ ਦੇ ਲੋਕਾਂ ਦੀ ਭਲਾਈ 'ਤੇ ਕੇਂਦਰਤ ਹੈ।'

ਮੁੱਖ ਮੰਤਰੀ ਨੇ ਕਿਹਾ ਕਿ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਦੇ ਨੁਮਾਇੰਦੇ ਦੇ ਤੌਰ 'ਤੇ ਉਨ੍ਹਾ ਜਥੇਦਾਰ ਸਾਹਿਬ ਨੂੰ 25,000 ਤੋਂ 30,000 ਪੰਨਿਆਂ ਦੀਆਂ ਸ਼ਿਕਾਇਤਾਂ ਸੌਂਪੀਆਂ ਹਨ। ਉਨ੍ਹਾ ਕਿਹਾ, 'ਇਹ ਸ਼ਿਕਾਇਤਾਂ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਦਰਸਾਉਂਦੀਆਂ ਹਨ, ਜਿਨ੍ਹਾਂ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਵਿੱਚ ਕਈ ਤਰ੍ਹਾਂ ਦੀਆਂ ਬੇਨਿਯਮੀਆਂ ਨੂੰ ਉਜਾਗਰ ਕੀਤਾ ਹੈ। ਮੈਂ ਜਥੇਦਾਰ ਸਾਹਿਬ ਨੂੰ ਨਿਮਰਤਾ ਨਾਲ ਬੇਨਤੀ ਕੀਤੀ ਹੈ ਕਿ ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਕਰਵਾਈ ਜਾਵੇ, ਕਿਉਂਕਿ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਇਨ੍ਹਾਂ ਨਾਲ ਜੁੜੀਆਂ ਹੋਈਆਂ ਹਨ। ਸੰਸਥਾਵਾਂ ਹਮੇਸ਼ਾ ਸਰਵਉੱਚ ਹੁੰਦੀਆਂ ਹਨ, ਪਰ ਉਨ੍ਹਾਂ ਦੇ ਮੁਖੀ ਗਲਤੀ ਕਰ ਸਕਦੇ ਹਨ, ਅਜਿਹੇ ਵਿਅਕਤੀਆਂ ਪ੍ਰਤੀ ਉਨ੍ਹਾਂ ਦੇ ਮਾੜੇ ਕੰਮਾਂ ਲਈ ਕਿਸੇ ਵੀ ਤਰ੍ਹਾਂ ਦੀ ਨਰਮੀ ਨਹੀਂ ਵਰਤਣੀ ਚਾਹੀਦੀ।'

ਉਨ੍ਹਾ ਕਿਹਾ ਕਿ ਉਹ ਜਥੇਦਾਰ ਸਾਹਿਬ ਦੇ ਧੰਨਵਾਦੀ ਹਨ ਕਿ ਉਨ੍ਹਾ ਨੂੰ ਸਿੱਖ ਰਹਿਤ ਮਰਿਆਦਾ ਅਤੇ ਗੁਰਦੁਆਰਾ ਐਕਟ ਨਾਲ ਸੰਬੰਧਤ ਦੋ ਕੀਮਤੀ ਕਿਤਾਬਾਂ ਦਿੱਤੀਆਂ।ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਸਰੂਪਾਂ ਦੀ ਜਾਂਚ ਕਰਨ ਲਈ ਵਿਸ਼ੇਸ਼ ਜਾਂਚ ਟੀਮ ਦੇ ਗਠਨ ਬਾਰੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਫੈਸਲੇ ਦੇ ਪਿੱਛੇ ਕੋਈ ਸਿਆਸੀ ਮਨਸ਼ਾ ਨਹੀਂ। ਉਨ੍ਹਾ ਕਿਹਾ, 'ਐੱਸ ਆਈ ਟੀ ਦੀ ਜਾਂਚ ਲਾਪਤਾ ਸਰੂਪਾਂ ਦਾ ਪਤਾ ਲਾਉਣ ਲਈ ਹੈ। ਐੱਸ ਆਈ ਟੀ ਦੀ ਜ਼ਿੰਮੇਵਾਰੀ ਸਿਰਫ ਲਾਪਤਾ ਸਰੂਪਾਂ ਦਾ ਪਤਾ ਲਾਉਣ ਤੱਕ ਸੀਮਿਤ ਕੀਤੀ ਗਈ ਹੈ, ਤਾਂ ਕਿ ਉਨ੍ਹਾਂ ਦੀ ਦੁਰਵਰਤੋਂ ਨਾ ਹੋਵੇ।' ਮਾਨ ਨੇ ਕਿਹਾ ਕਿ ਉਨ੍ਹਾ ਜਥੇਦਾਰ ਸਾਹਿਬ ਨੂੰ ਦਖ਼ਲ ਦੇਣ ਦੀ ਬੇਨਤੀ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਗੁੰਮ ਹੋਏ ਸਰੂਪਾਂ ਦਾ ਪਤਾ ਲਾਉਣ ਲਈ ਉਨ੍ਹਾਂ ਦੁਆਰਾ ਪ੍ਰਕਾਸ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰੇਕ ਸਰੂਪ ਨੂੰ ਦਿੱਤਾ ਗਿਆ ਵਿਲੱਖਣ ਕੋਡ (ਯੂਨੀਕ ਕੋਡ) ਪ੍ਰਦਾਨ ਕਰਨ ਲਈ ਆਦੇਸ਼ ਜਾਰੀ ਕਰਨ।ਮੁੱਖ ਮੰਤਰੀ ਨੇ ਕਿਹਾ ਕਿ ਪੁਲਸ ਅਤੇ ਸੂਬਾ ਸਰਕਾਰ ਪਾਵਨ ਸਰੂਪਾਂ ਦਾ ਪਤਾ ਲਾਏਗੀ

• ਬਾਕੀ ਸਫਾ 2 'ਤੇ

## ਮਿਆਣੀ 'ਚ ਆਪ ਆਗੂ ਦੀ ਗੋਲੀਆਂ ਮਾਰ ਕੇ ਹੱਤਿਆ



**ਟਾਂਡਾ ਉੜਮੁੜ** : ਟਾਂਡਾ ਦੇ ਪਿੰਡ ਮਿਆਣੀ 'ਚ ਵੀਰਵਾਰ ਨੂੰ ਚਿੱਟੇ ਦਿਨ ਅਣਪਛਾਤੇ ਹਮਲਾਵਰਾਂ ਨੇ ਦੁਕਾਨ ਮਾਲਕ ਤੇ ਆਪ ਆਗੂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ, ਜਦ ਕਿ ਨੇੜੇ ਬੈਠੇ ਉਸ ਦੇ ਸਾਥੀ 'ਤੇ ਵੀ ਗੋਲੀਆਂ ਚਲਾਈਆਂ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ। ਮ੍ਰਿਤਕ ਦੀ ਪਹਿਚਾਣ ਬਲਵਿੰਦਰ ਸਿੰਘ ਸੱਤ ਕਰਤਾਰ ਪੁੱਤਰ ਅਵਤਾਰ ਸਿੰਘ ਵਾਸੀ ਮਿਆਣੀ ਅਤੇ ਜ਼ਖਮੀ ਵਿਅਕਤੀ ਦੀ ਪਹਿਚਾਣ ਲਖਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਮਿਆਣੀ ਵਜੋਂ ਹੋਈ ਹੈ। ਜਦੋਂ ਬਲਵਿੰਦਰ ਸਿੰਘ ਆਪਣੀ ਹਾਰਡਵੇਅਰ ਦੀ ਦੁਕਾਨ 'ਤੇ ਬੈਠਾ ਸੀ ਤਾਂ ਮੋਟਰਸਾਈਕਲ 'ਤੇ ਆਏ ਦੋ ਨੌਜਵਾਨਾਂ ਨੇ ਉਸ ਉਪਰ ਤਾਬੜਤੋੜ ਗੋਲੀਆਂ ਨਾਲ ਹਮਲਾ ਕਰ ਦਿੱਤਾ। ਅਚਾਨਕ ਹੋਏ ਹਮਲੇ ਦਾ ਜਦੋਂ ਦੂਸਰੇ ਸਾਥੀ ਲਖਵਿੰਦਰ ਸਿੰਘ ਨੇ ਵਿਰੋਧ ਕੀਤਾ ਤਾਂ ਹਮਲਾਵਰਾਂ ਨੇ ਉਸ 'ਤੇ ਵੀ ਗੋਲੀਆਂ ਚਲਾ ਦਿੱਤੀਆਂ।

## ਅਨਿੰਦਿਤਾ ਮਿੱਤਰਾ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਨਿਯੁਕਤ



**ਚੰਡੀਗੜ੍ਹ** : ਭਾਰਤੀ ਚੋਣ ਕਮਿਸ਼ਨ ਨੇ 2007 ਬੈਚ ਦੀ ਪੰਜਾਬ ਕੇਡਰ ਦੀ ਆਈ ਏ ਐੱਸ ਅਧਿਕਾਰੀ ਅਨਿੰਦਿਤਾ ਮਿੱਤਰਾ ਨੂੰ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ ਮੁੱਖ ਚੋਣ ਅਧਿਕਾਰੀ ਪੰਜਾਬ ਵਜੋਂ ਆਈ ਏ ਐੱਸ ਅਧਿਕਾਰੀ ਸਿਬਿਨ ਸੀ ਨਿਯੁਕਤ ਸੀ, ਪਰ ਉਨ੍ਹਾਂ ਦੇ ਕੇਂਦਰੀ ਡੈਪੂਟੇਸ਼ਨ 'ਤੇ ਜਾਣ ਕਰਕੇ ਅਨਿੰਦਿਤਾ ਮਿੱਤਰਾ ਦੀ ਨਿਯੁਕਤੀ ਕੀਤੀ ਗਈ ਹੈ।

## 40 ਕਿਲੋਗ੍ਰਾਮ ਹੈਰੋਇਨ ਫੜੀ, 4 ਕਾਬੂ

**ਧਰਮਕੋਟ** : ਅੰਮ੍ਰਿਤਸਰ ਪੁਲੀਸ ਨੇ ਗੁਪਤ ਸੂਚਨਾ ਦੇ ਆਧਾਰ ਉੱਤੇ ਚਾਰ ਨੌਜਵਾਨਾਂ ਨੂੰ ਹੈਰੋਇਨ ਦੀ ਵੱਡੀ ਖੇਪ ਸਮੇਤ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਪੁਲੀਸ ਵੱਲੋਂ ਬਰਾਮਦ 40 ਕਿਲੋਗ੍ਰਾਮ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 200 ਕਰੋੜ ਰੁਪਏ ਦੱਸੀ ਜਾ ਰਹੀ ਹੈ। ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਬੀਤੀ ਰਾਤ ਨਾਕਾਬੰਦੀ ਦੌਰਾਨ ਇਨ੍ਹਾਂ ਨੌਜਵਾਨਾਂ ਨੂੰ ਕਾਬੂ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲੀਸ ਵਲੋਂ ਕਾਬੂ ਕੀਤੇ ਇਹ ਚਾਰੋ ਨੌਜਵਾਨ ਯਾਕੂਬ ਉਰਫ਼ ਪ੍ਰਿੰਸ, ਨਰਿੰਦਰ ਸਿੰਘ ਉਰਫ ਨੋਨੀ,ਅਜੈ ਕੁਮਾਰ ਉਰਫ ਰਵੀ ਅਤੇ ਸੂਰਜ ਕੁਮਾਰ ਕਸਬਾ ਕੋਟ ਈਸੇ ਖਾਂ ਦੇ ਰਹਿਣ ਵਾਲੇ ਹਨ ।

## ਸਕੂਲਾਂ ਦਾ ਸਮਾਂ ਬਦਲਿਆ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਸੰਘਣੀ ਧੁੰਦ ਤੇ ਵਧ ਰਹੀ ਠੰਢ ਦੇ ਮੱਦੇਨਜ਼ਰ ਪੰਜਾਬ ਦੇ ਸਕੂਲਾਂ ਦਾ ਸਮਾਂ ਬਦਲ ਦਿੱਤਾ ਹੈ। ਪੰਜਾਬ ਸਰਕਾਰ ਦੇ ਸਕੱਤਰ ਅਨਿੰਦਿੱਤਾ ਮਿੱਤਰਾ ਨੇ ਵੀਰਵਾਰ ਨੂੰ ਹੁਕਮ ਜਾਰੀ ਕਰਦਿਆਂ ਕਿਹਾ ਕਿ ਇਹ ਸਮਾਂ 16 ਤੋਂ 21 ਜਨਵਰੀ ਲਈ ਲਾਗੂ ਹੋਵੇਗਾ। ਸੂਬੇ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲ ਸਵੇਰ ਦਸ ਵਜੇ ਤੋਂ ਦੁਪਹਿਰ ਤਿੰਨ ਵਜੇ ਤੱਕ ਖੁੱਲ੍ਹਣਗੇ, ਜਦ ਕਿ ਸਮੂਹ ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲ ਸਵੇਰ 10 ਤੋਂ ਦੁਪਹਿਰ 3:20 ਵਜੇ ਤੱਕ ਖੁੱਲ੍ਹੇ ਰਹਿਣਗੇ।

## ਠੰਢ ਤੋਂ ਅਜੇ ਰਾਹਤ ਨਹੀਂ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ 'ਚ ਠੰਢ ਹੋਰ ਵਧਦੀ ਜਾ ਰਹੀ ਹੈ। ਕੁਝ ਇਲਾਕਿਆਂ 'ਚ ਤਾਂ ਤਾਪਮਾਨ ਆਮ ਨਾਲੋਂ ਕਾਫੀ ਘੱਟ ਰਿਹਾ ਅਤੇ ਕਈ ਖੇਤਰਾਂ ਵਿੱਚ ਜ਼ੀਰੋ ਡਿਗਰੀ ਦੇ ਨੇੜੇ ਪਹੁੰਚ ਗਿਆ। ਦੂਜੇ ਪਾਸੇ ਕਸ਼ਮੀਰ ਵਿੱਚ ਰਾਤ ਦਾ ਤਾਪਮਾਨ ਵਧਣਾ ਸ਼ੁਰੂ ਹੋ ਗਿਆ ਹੈ। ਹਿਸਾਰ ਸਭ ਤੋਂ ਠੰਢਾ ਰਿਹਾ, ਜਿੱਥੇ ਤਾਪਮਾਨ ਮਨਫੀ 0.2 ਡਿਗਰੀ ਰਿਕਾਰਡ ਕੀਤਾ। ਮੌਸਮ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਪਿਛਲੇ ਕੁਝ ਸਾਲਾਂ ਵਿੱਚ ਹਿਸਾਰ ਵਿੱਚ ਜ਼ੀਰੋ ਤੋਂ ਵੀ ਘੱਟ ਤਾਪਮਾਨ ਰਿਹਾ। ਕਈ ਥਾਵਾਂ 'ਤੇ ਧੁੰਦ ਕਾਰਨ ਦਿਸਣ ਹੱਦ ਕਾਫ਼ੀ ਘੱਟ ਰਹੀ ਅਤੇ ਹਰਿਆਣਾ ਦੇ ਕੁਝ ਥਾਵਾਂ 'ਤੇ ਵੀ ਤਾਪਮਾਨ ਪਿਛਲੇ ਦਿਨਾਂ ਤੋਂ ਘੱਟ ਦਰਜ ਕੀਤਾ ਗਿਆ। ਪੰਜਾਬ ਦਾ ਬਠਿੰਡਾ ਸ਼ਹਿਰ 1.6 ਡਿਗਰੀ ਨਾਲ ਸਭ ਤੋਂ ਠੰਢਾ ਰਿਹਾ। ਚੰਡੀਗੜ੍ਹ 'ਚ ਵੀ ਤਾਪਮਾਨ 4.5 ਡਿਗਰੀ ਰਿਕਾਰਡ ਕੀਤਾ, ਜੋ ਕਿ ਸਾਧਾਰਨ ਤਾਪਮਾਨ ਨਾਲੋਂ 4 ਡਿਗਰੀ ਘੱਟ ਸੀ। ਕਸ਼ਮੀਰ ਵਿੱਚ ਰਾਤ ਦੇ ਤਾਪਮਾਨ ਵਿੱਚ ਥੋੜ੍ਹਾ ਵਾਧਾ ਹੋਇਆ ਹੈ, ਪਰ ਪਾਰਾ ਹਾਲੇ ਵੀ ਜ਼ੀਰੋ ਡਿਗਰੀ ਤੋਂ ਹੇਠਾਂ ਹੈ। ਸ੍ਰੀਨਗਰ ਵਿੱਚ ਰਾਤ ਦਾ ਤਾਪਮਾਨ ਮਨਫੀ 3.9 ਡਿਗਰੀ ਸੈਲਸੀਅਸ ਰਿਹਾ, ਜੋ ਪਿਛਲੇ ਦਿਨ ਦੇ ਮਨਫੀ 5.2 ਡਿਗਰੀ ਤੋਂ ਵੱਧ ਹੈ। ਠੰਢ ਕਾਰਨ ਡੱਲ ਝੀਲ ਸਣੇ ਕਈ ਤਲਾਬਾਂ ਦਾ ਪਾਣੀ ਜੰਮਿਆ ਹੋਇਆ ਹੈ। ਦੱਖਣੀ ਕਸ਼ਮੀਰ ਦੇ ਸ਼ੋਪੀਆਂ ਵਿੱਚ ਤਾਪਮਾਨ ਸਭ ਤੋਂ ਵੱਧ ਰਿਹਾ। ਪੁਲਵਾਮਾ ਵਿੱਚ ਵੀ ਤਾਪਮਾਨ -6.1 ਡਿਗਰੀ ਰਿਕਾਰਡ ਕੀਤਾ। ਦੱਖਣੀ ਕਸ਼ਮੀਰ ਦੇ ਸੈਰਸਪਾਟਾ ਕੇਂਦਰ ਪਹਿਲਗਾਮ ਵਿੱਚ ਵੀ ਤਾਪਮਾਨ ਮਨਫੀ 5 ਡਿਗਰੀ ਰਿਹਾ। ਕਸ਼ਮੀਰ ਵਾਦੀ ਇਸ ਵੇਲੇ 'ਚਿੱਲਾ-ਏ-ਕਲਾਨ' ਦੇ ਚਰਮਕਾਲ ਵਿੱਚ ਹੈ, ਜੋ 40 ਦਿਨਾਂ ਦਾ ਸਭ ਤੋਂ ਠੰਢਾ ਸਮਾਂ ਹੈ।

## ਚੰਗਿਆੜੇ ਕੱਢਣ ਵਾਲਾ ਮੋਡੀਫਾਈ ਕਰ'ਤਾ




**ਬੇਂਗਲੁਰੂ** : ਕਰਨਾਟਕ ਦੀ ਹੇਨੂਰ ਟਰੈਫਿਕ ਪੁਲਸ ਨੇ ਕਾਰ ਦਾ ਸਾਈਲੈਂਸਰ ਗੈਰਕਾਨੂੰਨੀ ਢੰਗ ਨਾਲ ਮੋਡੀਫਾਈ ਕਰਨ ਵਾਲੇ ਵਿਦਿਆਰਥੀ ਨੂੰ ਇੱਕ ਲੱਖ 11 ਹਜ਼ਾਰ 500 ਰੁਪਏ ਦਾ ਜੁਰਮਾਨਾ ਲਾਇਆ ਹੈ। ਕਾਰ ਦੀ ਕੀਮਤ ਸਿਰਫ 70 ਹਜ਼ਾਰ ਹੈ। ਮੂਲ ਰੂਪ ਵਿੱਚ ਕੇਰਲਾ ਦਾ ਵਿਦਿਆਰਥੀ ਦੋ ਜਨਵਰੀ ਨੂੰ ਭਾਰਤੀਆ ਸਿਟੀ ਨੇੜੇ ਹੇਨੂਰ ਰੋਡ 'ਤੇ ਚੰਗਿਆੜੇ ਕੱਢਦਾ ਜਾ ਰਿਹਾ ਸੀ।

ਇਸ ਦੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਟਰੈਫਿਕ ਪੁਲਸ ਐਕਸ਼ਨ ਵਿੱਚ ਆਈ। ਟਰੈਫਿਕ ਪੁਲਸ ਨੇ ਕੇਸ ਦਰਜ ਕਰਨ ਦੀ ਥਾਂ ਮਾਮਲਾ ਰਿਜਨਲ ਟਰਾਂਸਪੋਰਟ ਆਫਿਸ (ਆਰ ਟੀ ਓ) ਨੂੰ ਸੌਂਪ ਦਿੱਤਾ। ਸਿਆਸਤਦਾਨਾਂ ਨੇ ਪੁਲਸ 'ਤੇ ਕਾਫੀ ਦਬਾਅ ਪਾਇਆ ਕਿ ਮਾਮੂਲੀ ਜੁਰਮਾਨਾ ਲਾ ਕੇ ਕਾਰ ਛੱਡ ਦੇਵੇ, ਪਰ ਆਰ ਟੀ ਓ ਅਧਿਕਾਰੀਆਂ ਨੇ ਹੋਰਨਾਂ ਨੂੰ ਸਬਕ ਸਿਖਾਉਣ ਲਈ ਇੱਕ ਲੱਖ 11 ਹਜ਼ਾਰ 500 ਰੁਪਏ ਦਾ ਜੁਰਮਾਨਾ ਠੋਕ ਦਿੱਤਾ। ਵਿਦਿਆਰਥੀ ਨੇ ਬੁੱਧਵਾਰ ਜੁਰਮਾਨਾ ਭਰ ਕੇ ਕਾਰ ਛੁਡਵਾਈ।

## ਕੰਗਣਾ ਨੂੰ ਬਠਿੰਡੇ ਆਉਣੋਂ ਡਰ ਲਗਦੈ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਭਾਜਪਾ ਸਾਂਸਦ ਤੇ ਅਦਾਕਾਰਾ ਕੰਗਣਾ ਰਣੌਤ ਵੀਰਵਾਰ ਜਾਨ ਨੂੰ ਖਤਰਾ ਦੱਸਦਿਆਂ ਸਥਾਨਕ ਅਦਾਲਤ ਵਿੱਚ ਜਿਸਮਾਨੀ ਤੌਰ 'ਤੇ ਪੇਸ਼ ਹੋਣ ਦੀ ਥਾਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਈ। ਕਿਸਾਨ ਅੰਦੋਲਨ ਦੌਰਾਨ ਬੇਬੇ ਮਹਿੰਦਰ ਕੌਰ ਬਾਰੇ ਉਸ ਵੱਲੋਂ ਕੀਤੀ ਗਈ ਇਤਰਾਜ਼ਯੋਗ ਟਿੱਪਣੀ ਦੇ ਮਾਮਲੇ ਵਿੱਚ ਦੋਵਾਂ ਪੱਖਾਂ ਦੇ ਵਕੀਲਾਂ ਵਿਚਕਾਰ ਜ਼ੋਰਦਾਰ ਬਹਿਸ ਹੋਈ।ਕੰਗਣਾ ਦੇ ਵਕੀਲ ਨੇ ਉਸ ਨੂੰ ਖਤਰੇ ਬਾਰੇ ਬੇਬੇ ਮਹਿੰਦਰ ਕੌਰ ਦੇ ਉਸ ਪੁਰਾਣੇ ਬਿਆਨ ਨੂੰ ਅਧਾਰ ਬਣਾਇਆ, ਜਿਸ ਵਿੱਚ ਬੇਬੇ ਨੇ ਗੁੱਸੇ ਵਿੱਚ ਕਿਹਾ ਸੀ, 'ਕੰਗਣਾ ਨੂੰ ਜੁੰਡਿਆਂ ਤੋਂ ਫੜ ਕੇ ਲਿਆਵਾਂਗੇ।' ਕੰਗਣਾ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਉਸ ਦੀ ਸੁਰੱਖਿਆ ਨੂੰ ਲੈ ਕੇ ਸਥਿਤੀ ਨਾਜ਼ੁਕ ਹੈ, ਇਸ ਲਈ ਉਹ ਨਿੱਜੀ ਤੌਰ 'ਤੇ ਪੇਸ਼ ਹੋਣ ਤੋਂ ਕਤਰਾ ਰਹੀ ਹੈ।

ਬੇਬੇ ਮਹਿੰਦਰ ਕੌਰ ਦੇ ਵਕੀਲ ਰਘਵੀਰ ਸਿੰਘ ਬਹਿਣੀਵਾਲ ਨੇ ਅਦਾਲਤ ਵਿੱਚ ਨਵੀਂ ਅਰਜ਼ੀ ਦਾਇਰ ਕਰਕੇ ਮੰਗ ਕੀਤੀ ਕਿ ਕੰਗਣਾ ਰਣੌਤ ਅਕਸਰ ਫਿਲਮਾਂ ਦੀ ਸ਼ੂਟਿੰਗ ਦੇ ਬਹਾਨੇ ਵਿਦੇਸ਼ ਜਾਂਦੀ ਰਹਿੰਦੀ ਹੈ, ਇਸ ਲਈ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਉਸ ਦਾ ਪਾਸਪੋਰਟ ਜ਼ਬਤ ਕੀਤਾ ਜਾਵੇ, ਤਾਂ ਜੋ ਉਹ ਕਾਨੂੰਨੀ ਕਾਰਵਾਈ ਤੋਂ ਬਚ ਕੇ ਵਿਦੇਸ਼ ਨਾ ਜਾ ਸਕੇ। ਅਦਾਲਤ ਨੇ ਦਲੀਲਾਂ ਸੁਣਨ ਤੋਂ ਬਾਅਦ ਅਗਲੀ ਤਰੀਕ 27 ਜਨਵਰੀ ਪਾ ਦਿੱਤੀ ਤੇ ਉਸ ਦਿਨ ਵੀ ਕੰਗਣਾ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਵੇਗੀ। ਪਾਸਪੋਰਟ ਜ਼ਬਤੀ ਬਾਰੇ ਵੀ ਉਸੇ ਦਿਨ ਫੈਸਲਾ ਹੋਵੇਗਾ।

ਕਿਸਾਨ ਅੰਦੋਲਨ ਦੌਰਾਨ ਕੰਗਣਾ ਰਣੌਤ ਨੇ ਇੱਕ ਟਵੀਟ ਰਾਹੀਂ ਅੰਦੋਲਨ ਵਿੱਚ ਸ਼ਾਮਲ ਬੇਬੇ ਮਹਿੰਦਰ ਕੌਰ ਦਾ ਮਜ਼ਾਕ ਉਡਾਇਆ ਸੀ। ਕੰਗਣਾ ਨੇ ਇੱਕ ਪੋਸਟ 'ਤੇ ਟਿੱਪਣੀ ਕਰਦਿਆਂ ਲਿਖਿਆ ਸੀ ਕਿ ਇਹ ਉਹੀ ਦਾਦੀ ਹੈ, ਜਿਸ ਨੂੰ 'ਟਾਈਮ' ਮੈਗਜ਼ੀਨ ਵਿੱਚ ਭਾਰਤ ਦੀ ਸ਼ਕਤੀਸ਼ਾਲੀ ਮਹਿਲਾ ਵਜੋਂ ਦਿਖਾਇਆ ਗਿਆ ਸੀ। ਇਹ 100-100 ਰੁਪਏ ਵਿੱਚ ਉਪਲੱਬਧ ਹਨ।ਇਸ ਟਿੱਪਣੀ ਤੋਂ ਬਾਅਦ ਬਠਿੰਡਾ ਦੇ ਪਿੰਡ ਬਹਾਦਰਗੜ੍ਹ ਦੀ 81 ਸਾਲਾ ਮਹਿੰਦਰ ਕੌਰ ਨੇ 4 ਜਨਵਰੀ 2021 ਨੂੰ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਸੀ। ਬੇਬੇ ਮਹਿੰਦਰ ਕੌਰ ਨੇ ਉਸ ਸਮੇਂ ਸਖਤ ਸ਼ਬਦਾਂ ਵਿੱਚ ਜਵਾਬ ਦਿੰਦਿਆਂ ਕਿਹਾ ਸੀ, 'ਕੰਗਣਾ ਨੂੰ ਕੀ ਪਤਾ ਕਿ ਖੇਤੀ ਕੀ ਹੁੰਦੀ ਹੈ ? ਉਹ ਤਾਂ ਕਮਲੀ (ਪਾਗਲ) ਹੈ। ਉਸ ਨੂੰ ਨਹੀਂ ਪਤਾ ਕਿ ਕਿਸਾਨੀ ਵਿੱਚ ਪਸੀਨਾ ਵਹਾ ਕੇ ਅਤੇ ਖ਼ੂਨ ਗਰਮ ਕਰਕੇ ਪੈਸਾ ਕਮਾਇਆ ਜਾਂਦਾ ਹੈ। ਉਸ ਨੇ ਮੇਰੇ 'ਤੇ ਬਹੁਤ ਗਲਤ ਤੋਹਮਤ ਲਾਈ ਹੈ। ਮੈਂ 100 ਰੁਪਏ ਲਈ

• ਬਾਕੀ ਸਫਾ 2 'ਤੇ

## ਅਸ਼ਲੀਲ ਸਮਗਰੀ ਨੂੰ ਰੋਕਣ ਲਈ ਐੱਕਸ ਨੇ ਚੁੱਕੇ ਸਖ਼ਤ ਕਦਮ

**ਨਵੀਂ ਦਿੱਲੀ** : ਮਾਈਕ੍ਰੋਬਲੋਗਿੰਗ ਪਲੇਟਫਾਰਮ ਐਕਸ ਨੇ ਅਸ਼ਲੀਲ ਡੀਪਫੇਕ ਨੂੰ ਲੈ ਕੇ ਹੋਏ ਭਾਰੀ ਵਿਰੋਧ ਤੋਂ ਬਾਅਦ ਆਪਣੇ ਆਰਟੀਫੀਸ਼ੀਅਲ ਇੰਟੈਲੀਜੈਂਸ ਚੈਟਬੋਟ 'ਗਰੋਕ' ਰਾਹੀਂ ਅਸਲ ਲੋਕਾਂ ਦੀਆਂ ਇਤਰਾਜ਼ਯੋਗ ਤਸਵੀਰਾਂ ਬਣਾਉਣ 'ਤੇ ਰੋਕ ਲਗਾਉਣ ਲਈ ਨਵੇਂ ਤਕਨੀਕੀ ਉਪਾਅ ਲਾਗੂ ਕੀਤੇ ਹਨ। ਕੰਪਨੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਪਾਬੰਦੀ ਸਾਰੇ ਉਪਭੋਗਤਾਵਾਂ 'ਤੇ ਲਾਗੂ ਹੋਵੇਗੀ ਅਤੇ ਹੁਣ ਗਰੋਕ ਰਾਹੀਂ ਤਸਵੀਰਾਂ ਬਣਾਉਣ ਜਾਂ ਐਡਿਟ ਕਰਨ ਦੀ ਸਹੂਲਤ ਸਿਰਫ਼ ਪੈਸੇ ਦੇ ਕੇ ਸਬਸਕ੍ਰਿਪਸ਼ਨ ਲੈਣ ਵਾਲੇ ਮੈਂਬਰਾਂ ਲਈ ਹੀ ਉਪਲੱਬਧ ਹੋਵੇਗੀ, ਤਾਂ ਜੋ ਦੁਰਵਰਤੋਂ ਕਰਨ ਵਾਲਿਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ। ਐਕਸ ਨੇ ਉਨ੍ਹਾਂ ਖੇਤਰਾਂ ਵਿੱਚ ਜੀਓ-ਬਲਾਕਿੰਗ ਵੀ ਲਾਗੂ ਕਰ ਦਿੱਤੀ ਹੈ ਜਿੱਥੇ ਅਜਿਹੀ ਸਮੱਗਰੀ ਗੈਰ-ਕਾਨੂੰਨੀ ਹੈ। ਭਾਰਤ ਦੇ ਆਈ ਟੀ ਮੰਤਰਾਲੇ ਵੱਲੋਂ ਗਰੋਕ ਰਾਹੀਂ ਤਿਆਰ ਕੀਤੀ ਗਈ ਅਸ਼ਲੀਲ ਸਮੱਗਰੀ 'ਤੇ ਸਖ਼ਤ ਇਤਰਾਜ਼ ਪ੍ਰਗਟਾਉਣ ਅਤੇ ਕਾਰਵਾਈ ਦੀ ਚੇਤਾਵਨੀ ਦੇਣ ਤੋਂ ਬਾਅਦ, ਐਕਸ ਨੇ ਆਪਣੀ ਗਲਤੀ ਮੰਨਦਿਆਂ ਲੱਗਭੱਗ 3,500 ਇਤਰਾਜ਼ਯੋਗ ਸਮੱਗਰੀਆਂ ਨੂੰ ਹਟਾਇਆ ਅਤੇ 600 ਤੋਂ ਵੱਧ ਖਾਤਿਆਂ ਨੂੰ ਡਿਲੀਟ ਕਰ ਦਿੱਤਾ ਹੈ।

## 'ਸਾਡੇ ਕੋਲ 169 ਸਰੂਪਾਂ ਦਾ ਰਿਕਾਰਡ ਮੌਜੂਦ'



**ਬੰਗਾ (ਅਵਤਾਰ ਕਲੇਰ)**

ਪਿੰਡ ਮਜਾਰਾ ਨੌਅਬਾਦ ਦੇ ਪ੍ਰਸਿੱਧ ਧਾਰਮਿਕ ਅਸਥਾਨ ਰਸੋਖਾਨਾ ਸ੍ਰੀ ਨਾਭ ਕਮਲ ਰਾਜਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਜੋ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਜਾਰਾ ਰਾਜਾ ਸਾਹਿਬ ਵਿਖੇ ਪਾਵਨ ਸਰੂਪਾਂ ਬਾਰੇ ਦਿੱਤਾ ਗਿਆ ਬਿਆਨ ਗੁੰਮਰਾਹਕੁਨ ਤੇ ਤੱਥਾਂ ਤੋਂ ਦੂਰ ਹੈ। ਮੁੱਖ ਬੁਲਾਰੇ ਅਮਰੀਕ ਸਿੰਘ ਬੱਲੋਵਾਲ ਨੇ ਕਿਹਾ ਕਿ ਮਜਾਰਾ ਰਾਜਾ ਸਾਹਿਬ ਦੇ ਰਸੋਖਾਨਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 169 ਪਾਵਨ ਸਰੂਪ ਸੱਚਖੰਡ ਵਿੱਚ ਬਿਰਾਜਮਾਨ ਹਨ, ਜਿਨ੍ਹਾਂ ਵਿੱਚ 79 ਪਾਵਨ ਸਰੂਪ, ਜੋ 1978 ਤੋਂ 2012 ਤੱਕ ਦੇ ਹਨ।62 ਸਰੂਪ, ਜੋ ਭਾਈ ਜੀਵਨ ਸਿੰਘ ਚਤਰ ਸਿੰਘ ਅਤੇ ਦਿੱਲੀ ਗੁਰਦਵਾਰਾ ਮੈਨੇਜਮੈਂਟ ਕਮੇਟੀ ਦੇ ਛਪੇ ਹੋਏ ਹਨ।ਇਸ ਤੋਂ ਇਲਾਵਾ 28 ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ 2019 'ਚ ਲਿਆਂਦੇ ਗਏ, ਜਿਸ ਦਾ ਰਿਕਾਰਡ ਪ੍ਰਬੰਧਕ ਕਮੇਟੀ ਕੋਲ ਮੌਜੂਦ ਹੈ। ਉਹਨਾ ਦੱਸਿਆ ਕਿ 30 ਬਿਰਧ ਸਰੂਪ ਗੋਇੰਦਵਾਲ ਸਾਹਿਬ ਵਿਖੇ ਜਮ੍ਹਾਂ ਕਰਵਾਏ ਗਏ ਅਤੇ 20 ਸਰੂਪ ਉਥੋਂ ਸ਼੍ਰੋਮਣੀ ਕਮੇਟੀ ਵੱਲੋਂ ਲਿਆਂਦੇ ਗਏ।ਇਸੇ ਤਰ੍ਹਾਂ ਗੁਰੂ ਹਰਿਰਾਏ ਸਾਹਿਬ ਗੁਰਦੁਆਰਾ ਸਾਹਿਬ ਦੁਸਾਂਝ ਖੁਰਦ ਦੀ ਪ੍ਰਬੰਧਕ ਕਮੇਟੀ ਨੇ ਦਸ ਸਰੂਪ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੋਂ ਲਿਆਂਦੇ, ਜੋ ਰਸੋਖਾਨਾ ਪ੍ਰਬੰਧਕ ਕਮੇਟੀ ਨੂੰ ਸੇਵਾ ਲਈ ਭੇਟ ਕਰ ਦਿੱਤੇ। ਉਸ ਦਾ ਰਿਕਾਰਡ ਵੀ ਪ੍ਰਬੰਧਕ ਕਮੇਟੀ ਕੋਲ ਮੌਜੂਦ ਹੈ।

ਉਹਨਾ ਕਿਹਾ ਕਿ ਸਿੱਟ ਵਿੱਚ ਕੋਈ ਵੀ ਅੰਮ੍ਰਿਤਧਾਰੀ ਸ਼ਾਮਲ ਨਹੀਂ ਸੀ।ਉਹਨਾ ਕਿਹਾ ਕਿ ਪ੍ਰਬੰਧਕ ਕਮੇਟੀ ਵ ਲੋ

• ਬਾਕੀ ਸਫਾ 2 'ਤੇ

## ਹਿਮਾਚਲ 'ਚ ਘਰ ਨੂੰ ਅੱਗ ਲੱਗਣ ਕਾਰਨ 6 ਮੌਤਾਂ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਦੇ ਨੌਰਾਧਾਰ ਖੇਤਰ ਦੇ ਇੱਕ ਪਿੰਡ ਵਿੱਚ ਅੱਗ ਲੱਗਣ ਕਾਰਨ ਛੇ ਲੋਕਾਂ ਦੀ ਮੌਤ ਹੋ ਗਈ ਹੈ। ਸੰਗੜਾਹ ਦੇ ਉਪ-ਮੰਡਲ ਮੈਜਿਸਟਰੇਟ (ਐੱਸ ਡੀ ਐੱਮ) ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਸੰਕੇਤ ਮਿਲਦਾ ਹੈ ਕਿ ਅੱਗ ਬੁੱਧਵਾਰ ਰਾਤ ਨੂੰ ਤਲਾਂਗਨਾ ਪਿੰਡ ਦੇ ਇੱਕ ਘਰ ਵਿੱਚ ਰਵਾਇਤੀ ਚੁੱਲ੍ਹੇ ਤੋਂ ਲੱਗੀ ਸੀ। ਤਲਾਂਗਨਾ ਇੱਕ ਦੂਰ-ਦੁਰਾਡੇ ਸਥਿਤ ਪਿੰਡ ਹੈ, ਜੋ ਸੜਕ ਨਾਲ ਨਹੀਂ ਜੁੜਿਆ ਹੋਇਆ, ਜਿਸ ਕਾਰਨ ਜਦੋਂ ਤੱਕ ਪਿੰਡ ਵਾਸੀਆਂ ਨੂੰ ਅੱਗ ਦਾ ਪਤਾ ਲੱਗਾ ਅਤੇ ਉਹ ਮਦਦ ਲਈ ਪਹੁੰਚੇ, ਉਦੋਂ ਤੱਕ ਅੱਗ ਕਾਫੀ ਤਬਾਹੀ ਮਚਾ ਚੁੱਕੀ ਸੀ। ਹੁਣ ਤੱਕ ਛੇ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਦੋ ਸਿਰਮੌਰ ਦੇ ਰਾਜਗੜ੍ਹ ਅਤੇ ਚਾਰ ਸ਼ਿਮਲਾ ਜ਼ਿਲ੍ਹੇ ਦੇ ਨਰਵਾ ਇਲਾਕੇ ਦੇ ਰਹਿਣ ਵਾਲੇ ਸਨ। ਮ੍ਰਿਤਕਾਂ ਵਿੱਚ ਘਰ ਦੇ ਮਾਲਕ ਦੀ ਧੀ ਅਤੇ ਜਵਾਈ ਵੀ ਸ਼ਾਮਲ ਹਨ, ਜੋ ਬੋਡਾ ਤਿਉਹਾਰ ਮਨਾਉਣ ਲਈ ਆਏ ਹੋਏ ਸਨ, ਜੋ ਸਿਰਮੌਰ ਦੇ ਹਾਟੀ ਕਬੀਲੇ ਦਾ ਸਭ ਤੋਂ ਵੱਡਾ ਸਾਲਾਨਾ ਤਿਉਹਾਰ ਹੈ।

## ਅੱਜ-ਨਾਮਾ

ਮਾਮਲੇ ਪਹਿਲੇ ਨਹੀਂ ਲੱਗੇ ਸੀ ਕਿਸੇ ਬੰਨੇ,
ਨਵੇਂ ਨੇ ਹੋਰ ਉੱਠਦੇ ਮਸਲੇ ਆਣ ਮੀਆਂ।
ਕੋਈ ਸਮਝਦਾ ਤੇ ਕੋਈ ਨਾ ਸਮਝਦਾ ਈ,
ਕੁਝ ਤਾਂ ਜਾਣ ਕੇ ਬਣਨ ਅਣਜਾਣ ਮੀਆਂ।
ਹਰ ਕੋਈ ਦੂਸਰੇ ਨੂੰ ਦੇਂਦਾ ਦੋਸ਼ ਰਹਿੰਦਾ,
ਆਖੇ ਨਾ ਫਰਜ਼ ਦੀ ਕੋਈ ਪਛਾਣ ਮੀਆਂ।
ਘਰੀਂ ਤੇ ਸੱਭੋ ਸਿਆਣੇ ਆ ਆਪਣੇ ਲਈ,
ਹਰ ਕੋਈ ਜਾਣਦਾ ਈ ਲਾਭ-ਹਾਣ ਮੀਆਂ।
ਇਕੱਠੇ ਹੋਣ ਤਾਂ ਸਾਰੇ ਇਹ ਕਹਿਣਗੇ ਈ,
ਆਦਮੀ ਸਮਾਜ ਦੇ ਬਿਨਾਂ ਨਾ ਕੱਖ ਮੀਆਂ।
ਜਦੋਂ ਫਿਰ ਉੱਠਦੀ ਸੱਥ ਤਾਂ ਤੁਰਨ ਰਾਹੀਂ,
ਓਦੋਂ ਕਹਿਣ ਲੱਗਦੇ ਸੱਭੋ ਈ ਵੱਖ ਮੀਆਂ।

-ਤੀਸ ਮਾਰ ਖਾਂ

## ਮੋਦੀ ਸਰਕਾਰ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ 'ਤੇ ਤੁਲੀ : ਅਰਸ਼ੀ

### ਮਨਰੇਗਾ ਦੀ ਮੁੜ ਬਹਾਲੀ ਤੱਕ ਸੰਘਰਸ਼ ਰਹੇਗਾ ਜਾਰੀ : ਚੌਹਾਨ, ਉਡਤ



**ਮਾਨਸਾ (ਆਤਮਾ ਸਿੰਘ ਪਮਾਰ)**

ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹਜ਼ਾਰਾਂ ਮਨਰੇਗਾ ਮਜ਼ਦੂਰਾਂ ਵੱਲੋਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਸਮਾਓ ਤੇ ਏਟਕ ਦੇ ਬੂਟਾ ਸਿੰਘ ਬਰਨਾਲਾ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕਰਨ ਉਪਰੰਤ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਵੀ ਭੇਜਿਆ।ਪ੍ਰਦਰਸ਼ਨਕਾਰੀਆਂ ਨੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਮਨਰੇਗਾ ਨੂੰ ਬਹਾਲ ਕੀਤਾ ਜਾਵੇ, ਚਾਰ ਲੇਬਰ ਕੋਡ, ਬਿਜਲੀ ਐਕਟ 2025 ਅਤੇ ਸੀਡ ਬਿੱਲ ਰੱਦ ਕੀਤੇ ਜਾਣ।

ਰੋਸ ਪ੍ਰਦਰਸ਼ਨ ਮੌਕੇ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਕਿਰਤੀਆਂ ਦੇ ਹੱਕਾਂ 'ਤੇ ਡਾਕੇ ਮਾਰ ਰਹੀ ਹੈ, ਭਾਰਤ ਦੇ ਕੁਦਰਤੀ ਵਸੀਲਿਆਂ, ਖਣਿਜ ਪਦਾਰਥਾਂ ਤੇ ਸਹਿਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਆਪਣੇ ਦਰਬਾਰੀ ਕਾਰਪੋਰੇਟ ਘਰਾਣਿਆਂ ਨੂੰ ਸੌਂਪ ਰਹੀ ਹੈ।ਉਨ੍ਹਾ ਕਿਹਾ ਕਿ ਲਾਲ ਝੰਡੇ ਦੀ ਤਾਕਤ ਤੇ ਸੂਝ ਸਦਕਾ 2005 ਸਮੇਂ ਬਣੇ ਮਨਰੇਗਾ ਕਾਨੂੰਨ ਨੂੰ ਮੁੱਢ ਤੋਂ ਮੋਦੀ ਸਰਕਾਰ ਖ਼ਤਮ ਕਰਨਾ ਚਾਹੁੰਦੀ ਸੀ ਤੇ ਕਾਰਪੋਰੇਟ ਘਰਾਣਿਆਂ ਨੂੰ ਸਸਤੀ ਲੇਬਰ ਮੁਹੱਈਆ ਕਰਾਉਣ ਲਈ ਤਤਪਰ ਹੈ। ਉਨ੍ਹਾ ਕਿਰਤੀ ਲੋਕਾਂ ਨੂੰ ਸੱਦਾ ਦਿੱਤਾ ਕਿ ਇਤਿਹਾਸਕ ਕਿਸਾਨੀ ਅੰਦੋਲਨ ਵਾਂਗ ਏਕੇ ਤੇ ਸੰਘਰਸ਼ ਦੇ ਬਲਬੂਤੇ ਮੋਦੀ ਸਰਕਾਰ ਦੀਆਂ ਗਰੀਬ ਤੇ ਮਜ਼ਦੂਰ ਮਾਰੂ ਨੀਤੀਆਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।

ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕ੍ਰਿਸ਼ਨ ਸਿੰਘ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉਡਤ ਨੇ ਕਿਹਾ ਕਿ ਮਨਰੇਗਾ ਨੂੰ ਕਿਸੇ ਵੀ ਕੀਮਤ 'ਤੇ ਖਤਮ ਹੋਣ ਨਹੀਂ ਦਿੱਤਾ ਜਾਵੇਗਾ ਅਤੇ ਮਿਹਨਤਕਸ਼ ਲੋਕ ਮਨਰੇਗਾ ਨੂੰ ਬਹਾਲ ਕਰਵਾਉਣ ਤੱਕ ਸੰਘਰਸ਼ ਨੂੰ ਜਾਰੀ ਰੱਖਣਗੇ।

ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਰੂਪ ਸਿੰਘ ਢਿੱਲੋਂ ਤੇ ਮਲਕੀਤ ਸਿੰਘ ਮੰਦਰਾਂ ਨੇ ਮਜ਼ਦੂਰ ਮੰਗਾਂ ਦਾ ਸਮਰਥਨ ਕੀਤਾ ਤੇ ਸਹਿਯੋਗ ਦੇਣ ਦਾ ਐਲਾਨ ਕੀਤਾ।ਇਸ ਮੌਕੇ ਖੇਤ ਮਜ਼ਦੂਰ ਸਭਾ ਦੇ ਸੀਤਾਰਾਮ ਗੋਬਿੰਦਪੁਰਾ, ਏਟਕ ਦੇ ਜਗਸੀਰ ਰਾਏਕੇ, ਰਤਨ ਭੋਲਾ, ਹਰਕੇਸ਼ ਮੰਡੇਰ, ਕਰਨੈਲ ਦਾਤੇਵਾਸ, ਮਨਪ੍ਰੀਤ ਫਰੀਦ ਕੇ, ਬੰਬੂ ਸਿੰਘ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਗਰੀਬ ਸਿੰਘ ਬੱਛੂਆਣਾ, ਪਰਮਜੀਤ ਕੌਰ ਉਭਾ, ਧੰਨਾ ਸਿੰਘ ਬੱਪੀਆਣਾ, ਬਲਦੇਵ ਦੂਲੋਵਾਲ, ਦਰਸ਼ਨ ਚੱਕ ਅਲੀ ਸ਼ੇਰ, ਸੁਖਦੇਵ ਸਿੰਘ ਮਾਨਸਾ, ਕਾਕਾ ਸਿੰਘ ਖਾਰਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਦੋ ਕਰੋੜੀ ਮਾਰਵਾੜੀ ਘੋੜਾ ਬਣਿਆ ਖਿੱਚ ਦਾ ਕੇਂਦਰ



**ਸ੍ਰੀ ਮੁਕਤਸਰ ਸਾਹਿਬ** : ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਲੀ ਪੈਰੋਕਾਰਾਂ ਦੀ ਸ਼ਹਾਦਤ ਨੂੰ ਸਮਰਪਿਤ ਮਾਘੀ ਮੇਲੇ ਮੌਕੇ ਮੁਕਤਸਰ ਦੇ ਲੰਬੀ ਢਾਬਾ ਵਿਖੇ ਲਗਾਈ ਗਈ ਵਿਸ਼ਵ ਪ੍ਰਸਿੱਧ ਪਸ਼ੂ ਮੰਡੀ ਵਿੱਚ ਕਰੋੜਾਂ ਰੁਪਏ ਦੇ ਘੋੜੇ ਤੇ ਹੋਰ ਪਸ਼ੂ ਵਿਕਣ ਲਈ ਲਿਆਂਦੇ ਗਏ ਹਨ। ਕੁੱਤੇ, ਬਿੱਲੀਆਂ ਅਤੇ ਹੋਰ ਜਾਨਵਰ ਵੀ ਸੈਲਾਨੀਆਂ ਨੂੰ ਆਕਰਸ਼ਿਤ ਕਰ ਰਹੇ ਹਨ। ਰਾਜਸਥਾਨ ਦੇ ਜਲੌਰ ਜ਼ਿਲ੍ਹੇ ਤੋਂ ਲਿਆਂਦਾ ਗਿਆ ਦੋ ਕਰੋੜ ਰੁਪਏ ਦੀ ਕੀਮਤ ਵਾਲਾ ਕਾਲਾ ਮਾਰਵਾੜੀ ਘੋੜਾ ਸ਼ਿਵਰਾਜ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ ਦੇ ਸਟੱਡ ਫਾਰਮ ਤੋਂ ਲੱਗਭੱਗ 10 ਸਾਲ ਪਹਿਲਾਂ ਖਰੀਦਿਆ ਗਿਆ ਘੋੜਾ ਮਹਾਰਾਜਾ ਵੀ ਪ੍ਰਦਰਸ਼ਨੀ ਲਈ ਲਿਆਂਦਾ ਗਿਆ ਹੈ। ਲੱਗਭੱਗ 100 ਕਰੋੜ ਦੇ ਘੋੜੇ ਵਿਕਰੀ ਅਤੇ ਪ੍ਰਦਰਸ਼ਨੀ ਲਈ ਲਿਆਂਦੇ ਗਏ ਹਨ। 18 ਜਨਵਰੀ ਤੱਕ ਚੱਲਣ ਵਾਲੀ ਇਸ ਪਸ਼ੂ ਮੰਡੀ ਨੇ ਉੱਤਰ ਪ੍ਰਦੇਸ਼, ਗੁਜਰਾਤ, ਤਾਮਿਲਨਾਡੂ, ਹਰਿਆਣਾ, ਰਾਜਸਥਾਨ ਤੇ ਮੁੰਬਈ ਸਮੇਤ ਹੋਰ ਰਾਜਾਂ ਦੇ ਪਸ਼ੂ ਮਾਲਕਾਂ ਨੂੰ ਆਕਰਸ਼ਿਤ ਕੀਤਾ ਹੈ, ਜਦੋਂ ਕਿ ਇਹਨਾਂ ਵਿੱਚੋਂ ਬਹੁਤ ਸਾਰੇ ਪਸ਼ੂ ਮਾਲਕ ਆਪਣੇ ਘੋੜੇ ਅਤੇ ਹੋਰ ਜਾਨਵਰ ਸਿਰਫ਼ ਪ੍ਰਦਰਸ਼ਨੀ ਲਈ ਲਿਆਉਂਦੇ ਹਨ, ਜਦ ਕਿ ਕਰੋੜਾਂ ਰੁਪਏ

• ਬਾਕੀ ਸਫਾ 2 'ਤੇ

16-JAN-PAGE-1.qxd 1/15/2026 10:35 PM Page 2



## ਫੈਡਰੇਸ਼ਨ ਆਫ ਸੀਨੀਅਰ ਸਿਟੀਜ਼ਨ ਪੰਜਾਬ ਦੀ ਰਾਜ ਪੱਧਰੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਫੈਡਰੇਸ਼ਨ ਆਫ ਸੀਨੀਅਰ ਸਿਟੀਜਨਜ਼ ਐਸੋਸੀਏਸ਼ਨ ਪੰਜਾਬ ਦੀ ਗਵਰਨਿੰਗ ਬਾਡੀ ਦੀ ਮੀਟਿੰਗ ਸ਼ਾਂਤੀ ਭਵਨ ਮਾਨਸਾ ਵਿਖੇ ਹੋਈ।ਮੀਟਿੰਗ ਵਿੱਚ ਵੱਖ ਵੱਖ ਜ਼ਿਲ੍ਹਿਆਂ ਦੀਆਂ ਸੀਨੀਅਰ ਸਿਟੀਜਨ ਐਸੋਸੀਏਸ਼ਨਾਂ ਦੇ ਡੈਲੀਗੇਟਾਂ ਨੇ ਭਾਗ ਲਿਆ।ਮੀਟਿੰਗ ਦੇ ਸ਼ੁਰੂਆਤ ਵਿੱਚ ਬਿੱਕਰ ਸਿੰਘ ਮੰਘਾਣੀਆਂ ਪ੍ਰਧਾਨ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਮਾਨਸਾ ਨੇ ਆਏ ਡੈਲੀਗੇਟਾਂ ਨੂੰ ਜੀ ਆਇਆਂ ਆਖਦੇ ਹੋਏ ਮਾਨਸਾ ਦੀ ਐਸੋਸੀਏਸ਼ਨ ਵੱਲੋਂ ਬਜ਼ੁਰਗਾਂ ਦੇ ਭਲੇ ਲਈ ਕੀਤੇ ਗਏ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਟਾਇਮ ਚੇਅਰਮੈਨ ਸੱਤਿਆਪਾਲ ਕਰਕਰਾ ਆਈ ਏ ਐੱਸ (ਸੇਵਾ ਮੁਕਤ) ਨੇ ਬਜ਼ੁਰਗਾਂ ਦੀ ਸਹੂਲਤ ਲਈ ਪੰਜਾਬ ਸਰਕਾਰ ਵੱਲੋਂ ਕੀਤੀਆਂ ਮੀਟਿੰਗਾਂ ਤੇ ਪ੍ਰਾਪਤੀਆਂ ਬਾਰੇ ਦੱਸਿਆ।ਪ੍ਰੋਫੈਸਰ ਸਿੰਘ ਦੇ ਕੱਕੜ ਪ੍ਰਧਾਨ ਨੇ ਫੈਡਰੇਸ਼ਨ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੱਤੀ ਤੇ ਪ੍ਰਸ਼ਾਸਕੀ ਅਜੰਡਿਆਂ 'ਤੇ ਖੁੱਲ੍ਹੀ ਬਹਿਸ ਕਰਵਾ ਕੇ ਮਤੇ ਵੀ ਪਾਸ ਕਰਵਾਏ।ਇੰਦਰਜੀਤ ਸਿੰਘ ਚੋਪੜਾ ਕਾਰਜਕਾਰੀ ਪ੍ਰਧਾਨ, ਜੋਗਿੰਦਰ ਸਿੰਘ ਮਦਾਨ ਸਕੱਤਰ ਜਨਰਲ, ਗੁਰਦੀਪ ਸਿੰਘ ਭੋਗਲ ਸੀਨੀਅਰ ਵਾਇਸ ਪ੍ਰਧਾਨ ਤੇ ਤਰਸੇਮ ਗੋਇਲ ਆਡੀਟਰ ਨੇ ਫੈਡਰੇਸ਼ਨ ਦੇ ਵੱਖ ਵੱਖ ਪਹਿਲੂਆਂ ਬਾਰੇ ਦੱਸਿਆ।ਸਰਬੰਸ ਕੌਰ ਮੀਤ ਪ੍ਰਧਾਨ ਪੰਜਾਬ, ਕੈਪਟਨ ਹਰਪਾਲ ਸਿੰਘ, ਕਰਨੈਲ ਸਿੰਘ ਰੋਪੜ ਤੇ ਸੁਰਿੰਦਰ ਸਿੰਘ ਤੇਜਾ ਡੈਲੀਗੇਟ ਰੋਪੜ ਨੇ ਸਥਾਨਕ ਪੱਧਰ 'ਤੇ ਐਸੋਸੀਏਸ਼ਨਾਂ ਨੂੰ ਆ ਰਹੀਆਂ ਦਿੱਕਤਾਂ ਬਾਰੇ ਚਰਚਾ ਕੀਤੀ ਅਤੇ ਫੈਡਰੇਸ਼ਨ ਪੰਜਾਬ ਤੋਂ ਸਹਿਯੋਗ ਦੀ ਮੰਗ ਕੀਤੀ।ਪਰਮਜੀਤ ਕੌਰ ਜਨਰਲ ਸਕੱਤਰ ਮਾਨਸਾ ਨੇ ਆਏ ਡੈਲੀਗੇਟਾਂ ਦਾ ਧੰਨਵਾਦ ਕੀਤਾ ਤੇ ਮਾਨਸਾ ਵਿਖੇ ਪੰਜਾਬ ਫੈਡਰੇਸ਼ਨ ਦੀ ਮੀਟਿੰਗ ਮਾਨਸਾ ਵਿਖੇ ਕਰਨ ਲਈ ਸਾਰੀ ਸਟੇਟ ਲੀਡਰਸ਼ਿਪ ਦਾ ਧੰਨਵਾਦ ਕੀਤਾ।

## ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇੱਕ-ਇੱਕ ਪੈਸਾ ਯੋਗ ਥਾਵਾਂ 'ਤੇ ਖਰਚਿਆ ਜਾ ਰਿਹੈ : ਜਥੇਦਾਰ ਝੀਂਡਾ



**ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਰਾਮਗੜ੍ਹ-ਸੁੱਖਗੜ੍ਹ ਵਿਖੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਆਪਣੇ ਨਜ਼ਦੀਕੀ ਰਾਹਲੇ ਪਰਿਵਾਰ ਦੇ ਘਰ ਮਿਲਣ ਲਈ ਪਹੁੰਚੇ। ਇਸ ਮੌਕੇ ਪ੍ਰੈੱਸ ਨਾਲ ਗੱਲ ਕਰਦਿਆਂ ਪ੍ਰਧਾਨ ਜਗਦੀਸ਼ ਝੀਂਡਾ ਨੇ ਕਿਹਾ ਕਿ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤ ਦਾ ਸ਼ਰਧਾ ਨਾਲ ਚੜ੍ਹਾਇਆ ਇੱਕ-ਇੱਕ ਪੈਸਾ ਯੋਗ ਥਾਵਾਂ 'ਤੇ ਖਰਚ ਕਰ ਰਹੀ ਹੈ। ਜਥੇਦਾਰ ਝੀਂਡਾ ਨੇ ਕਿਹਾ ਕਿ ਅੱਜ ਮਾਘੀ ਦਾ ਪਵਿੱਤਰ ਦਿਹਾੜਾ ਹੈ, ਜਿਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਕਤਸਰ ਸਾਹਿਬ ਵਿਖੇ ਖਿਦਰਾਣੇ ਦੀ ਢਾਬ 'ਤੇ ਜਿੱਤ ਪ੍ਰਾਪਤ ਕੀਤੀ ਤੇ ਚਾਲੀ ਮੁਕਤਿਆਂ ਦੀ ਯਾਦ ਵਿੱਚ ਜਿੱਥੇ 40 ਸਿੰਘਾਂ ਨੇ ਸ਼ਹੀਦੀ ਪਾਈ ਸੀ। ਜਥੇਦਾਰ ਝੀਂਡਾ ਨੇ ਇਸ ਮੌਕੇ ਬਲਾਕ ਸਮਿਤੀ ਚੋਣ ਜਿੱਤੇ ਆਪਣੇ ਕਰੀਬੀ ਰਿਸ਼ਤੇਦਾਰ ਭੁਪਿੰਦਰ ਸਿੰਘ ਰਾਹਲੇ ਨੂੰ ਵੀ ਸਿਆਸਤ ਵਿੱਚ ਹੋਰ ਅਹਿਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਭੁਪਿੰਦਰ ਸਿੰਘ ਰਾਹਲੇ ਵੱਲੋਂ ਉਨ੍ਹਾਂ ਦੇ ਪਿਤਾ ਸਾਬਕਾ ਸਰਪੰਚ ਗੁਰਦੀਪ ਸਿੰਘ ਰਾਹਲੇ ਨੇ ਜਥੇਦਾਰ ਝੀਂਡਾ ਨੂੰ ਗੁਰੂ ਸਾਹਿਬ ਜੀ ਦਾ ਸਿਰੋਪਾਓ ਭੇਟ ਕਰ ਸਨਮਾਨ ਕੀਤਾ। ਇਸ ਮੌਕੇ ਨਾਲ ਕਮੇਟੀ ਦੇ ਸੰਯੁਕਤ ਸਕੱਤਰ ਬਲਵਿੰਦਰ ਸਿੰਘ ਢਿੱਲਰ, ਮੈਂਬਰ ਮੇਜਰ ਸਿੰਘ, ਇੰਦਰਜੀਤ ਸਿੰਘ, ਬਲਵਿੰਦਰ ਸਿੰਘ ਸਰਪੰਚ ਝਡੌਦੀ, ਅਜੀਤ ਸਿੰਘ, ਕੁਲਵੰਤ ਸਿੰਘ, ਜਸਪਿੰਦਰ ਸਿੰਘ, ਹਰਪਾਲ ਸਿੰਘ, ਮਨਜੀਤ ਸਿੰਘ ਰਾਮਗੜ੍ਹ, ਜਸਦੇਵ ਸਿੰਘ, ਬਲਜਿੰਦਰ ਸਿੰਘ, ਸ਼ਿੰਗਾਰਾ ਸਿੰਘ ਰਾਹਲੇ ਆਦਿ ਮੌਜੂਦ ਸਨ।

## ਨਗਰ ਕੌਂਸਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਸਰਬੱਤ ਦੇ ਭਲੇ ਲਈ ਕੀਤੀ ਅਰਦਾਸ




**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਮਾਘ ਮਹੀਨੇ ਦੀ ਸੰਗਰਾਂਦ ਮੌਕੇ ਸਫ਼ਾਈ ਸੇਵਕ ਯੂਨੀਅਨ, ਕਲੈਰੀਕਲ ਸਟਾਫ ਤੇ ਸੀਵਰੇਜ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਨਗਰ ਕੌਂਸਲ ਜਗਰਾਉਂ ਅੰਦਰ ਪਿੱਛਲੇ ਲੰਮੇ ਸਮੇਂ ਤੋਂ ਪੈਦਾ ਹੋਈ ਕੂੜੇ ਦੀ ਸਮੱਸਿਆ ਤੇ ਨਗਰ ਕੌਂਸਲ ਜਗਰਾਉਂ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਇਹ ਸਮਾਗਮ ਕਰਵਾਇਆ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਗਈ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਉਪਰੰਤ ਕੀਰਤਨੀ ਜਥੇ ਵੱਲੋਂ ਕੀਰਤਨ ਕੀਤਾ ਗਿਆ। ਕੀਰਤਨ ਦੌਰਾਨ ਮਾਘ ਦੇ ਮਹੀਨੇ ਦੀ ਮਹੱਤਤਾ ਬਾਰੇ 'ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ'॥ 'ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ'॥ ਸ਼ਬਦ ਗਾਇਨ ਕੀਤਾ ਗਿਆ। ਸਮਾਗਮ ਵਿੱਚ ਪਹੁੰਚੀਆਂ ਸੰਗਤਾਂ ਨੂੰ ਕੁਲਵੰਤ ਸਿੰਘ ਸਹੋਤਾ ਵੱਲੋਂ ਜੀ ਆਇਆਂ ਆਖਿਆ ਗਿਆ। ਗੁਰੂ ਘਰ ਦੀ ਮਰਿਆਦਾ ਅਨੁਸਾਰ ਗੁਰੂ ਘਰ ਵੱਲੋਂ ਕਾਰਜ ਸਾਧਕ ਅਫਸਰ ਨਗਰ ਕੌਂਸਲ ਮੋਹਿਤ ਸ਼ਰਮਾ ਨੂੰ ਸਿਰੋਪਾਓ ਭੇਟ ਕੀਤਾ ਗਿਆ। ਸਟੇਜ ਦੀ ਸੇਵਾ ਨਿਭਾਉਂਦੇ ਹੋਏ ਕੈਪਟਨ ਨਰੇਸ਼ ਵਰਮਾ ਵੱਲੋਂ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਪੂਰਨ ਤੌਰ 'ਤੇ ਮਾਨ ਸਨਮਾਨ ਦਿੱਤਾ ਗਿਆ। ਇਸ ਮੌਕੇ ਐੱਸਡੀਐੱਮ ਉਪਿੰਦਰ ਕੌਰ ਬਰਾੜ, ਸੁਖਵਿੰਦਰ ਸਿੰਘ ਸਿੱਧੂ, ਰਾਜੇਸ਼ਇੰਦਰ ਸਿੰਘ ਸਿੱਧੂ, ਸਾਬਕਾ ਪ੍ਰਧਾਨ ਜਤਿੰਦਰਪਾਲ ਰਾਣਾ, ਕੌਂਸਲਰ ਸਤੀਸ਼ ਕੁਮਾਰ ਦੌਧਰੀਆਂ, ਕੌਂਸਲਰ ਅਮਰਜੀਤ ਸਿੰਘ ਮਾਲਵਾ, ਕੌਂਸਲਰ ਰਵਿੰਦਰਪਾਲ ਰਾਜੂ ਕਾਮਰੇਡ, ਰਾਜ ਭਾਰਦਵਾਜ, ਵਰਿੰਦਰ ਸਿੰਘ ਕਲੇਰ, ਡਾ: ਇਕਬਾਲ ਸਿੰਘ ਧਾਲੀਵਾਲ, ਕਰਮਜੀਤ ਸਿੰਘ ਕੈਂਥ ਤੇ ਸਮੂਹ ਕਲੈਰੀਕਲ ਸਟਾਫ, ਸੀਵਰੇਜ ਯੂਨੀਅਨ ਤੇ ਸਮੂਹ ਸਫਾਈ ਸੇਵਕਾਂ ਵੱਲੋਂ ਹਿੱਸਾ ਲਿਆ।

## ਬਾਂਸਲ ਪਰਵਾਰ ਨੇ ਚੰਦ ਪੁਰਾਣਾ ਵਿਖੇ ਲਗਾਇਆ ਲੰਗਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਤੇ ਇਲਾਕੇ ਅੰਦਰ ਚੰਗੇ ਪਰਿਵਾਰਾਂ ਵਿੱਚੋਂ ਇੱਕ ਬਾਉ ਅਮਰ ਨਾਥ ਬਾਂਸਲ ਸੀਨੀਅਰ ਕਾਂਗਰਸੀ ਨੇਤਾ ਤੇ ਉੱਘੇ ਕਾਰੋਬਾਰੀ ਅਤੇ ਸਮੂਹ ਬਾਂਸਲ ਪਰਿਵਾਰ ਭਾਈ ਰੂਪੇ ਵਾਲਿਆਂ ਵੱਲੋਂ ਬਾਘਾ ਪੁਰਾਣਾ ਨੇੜਲੇ ਪਿੰਡ ਚੰਦ ਪੁਰਾਣਾ ਵਿਖੇ ਆਪਣੇ ਏ ਆਰ ਬਾਂਸਲ ਕੰਸਟਰਕਸ਼ਨ ਅੱਗੇ ਮੁੱਖ ਸੜਕ 'ਤੇ ਮਾਘੀ ਤੇ ਮੱਕਰ ਸੰਕਰਾਂਤੀ ਦੇ ਦਿਹਾੜੇ ਨੂੰ ਮੁੱਖ ਰੱਖਦਿਆਂ ਪੂਰੀਆਂ ਤੇ ਮਿਕਸ ਸਬਜ਼ੀ ਦਾ ਵਿਸ਼ਾਲ ਲੰਗਰ ਲਗਾਇਆ ਗਿਆ।ਇਸ ਤੋਂ ਇਲਾਵਾ ਜ਼ਿਆਦਾ ਠੰਡ ਹੋਣ ਕਰਕੇ ਚਾਹ ਦਾ ਵੀ ਉਚੇਚੇ ਤੌਰ 'ਤੇ ਪ੍ਰਬੰਧ ਕੀਤਾ ਗਿਆ।ਇਸ ਲੰਗਰ ਨੂੰ ਤਿਆਰ ਕਰਕੇ ਯਾਦਵਿੰਦਰ ਬਾਂਸਲ, ਰਾਜੀਵ ਬਾਂਸਲ ਤੇ ਪਰਿਵਾਰ ਵੱਲੋਂ ਸਭ ਤੋਂ ਪਹਿਲਾਂ ਦੇਵੀ-ਦੇਵਤਿਆਂ ਨੂੰ ਭੋਗ ਲਗਾਇਆ ਗਿਆ, ਉਪਰੰਤ ਸੰਗਤਾਂ ਨੂੰ ਲੰਗਰ ਵਰਤਾਇਆ।ਇਸ ਲੰਗਰ ਨੂੰ ਬਾਂਸਲ ਪਰਿਵਾਰ ਦੇ ਮੁਖੀ ਬਾਉ ਅਮਰ ਨਾਥ ਬਾਂਸਲ, ਯਾਦਵਿੰਦਰ ਬਾਂਸਲ, ਰਾਜੀਵ ਬਾਂਸਲ, ਤਰੁਨ ਬਾਂਸਲ, ਅਕਾਸ਼ ਬਾਂਸਲ, ਯਤਿਨ ਬਾਂਸਲ, ਪਿੰਕੀ ਬਾਂਸਲ, ਪ੍ਰਿਆ ਬਾਂਸਲ ਤੇ ਹੋਰਨਾਂ ਮੈਂਬਰਾਂ ਨੇ ਹੱਥੀ ਵਰਤਾ ਕੇ ਸੇਵਾ ਕੀਤੀ।ਇਸ ਮੌਕੇ ਗੁਰਸੇਵਕ ਸਿੰਘ ਬਿੱਟੂ, ਪ੍ਰਗਟ ਸਿੰਘ, ਗੁਰਤੇਜ ਸਿੰਘ, ਰਾਜੂ ਸਿੰਘ, ਬਲਦੇਵ ਸਿੰਘ, ਬਖਤੌਰ ਸਿੰਘ ਨੇ ਵੀ ਹੱਥੀਂ ਲੰਗਰ ਵਰਤਾਉਂਦਿਆਂ ਸੇਵਾ ਕੀਤੀ।

## ਲੋਹੜੀ ਮੌਕੇ ਬਿਜਲੀ ਸੋਧ ਬਿੱਲ ਦੀਆਂ ਕਾਪੀਆਂ ਸਾੜੀਆਂ : ਲਖਵੀਰ ਸਿੰਘ



**ਅਜੀਤਵਾਲ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਕੇ ਐੱਮ ਐੱਮ ਦੇ ਸੱਦੇ 'ਤੇ ਜ਼ਿਲ੍ਹੇ ਦੇ ਪਿੰਡਾਂ ਵਿੱਚ ਲੋਹੜੀ ਦੀ ਅੱਗ ਵਿੱਚ ਕੇਂਦਰ ਸਰਕਾਰ ਵੱਲੋਂ ਤਿਆਰ ਕੀਤਾ ਬਿਜਲੀ ਸੋਧ ਬਿੱਲ 2025, ਨਰੇਗਾ ਸੋਧ ਬਿੱਲ, ਬੀਜ ਸੋਧ ਬਿੱਲ 2025 ਖਰੜੇ ਦੀਆਂ ਕਾਪੀਆਂ ਸਾੜੀਆਂ ਗਈਆਂ।ਸੂਬਾ ਆਗੂ ਲਖਵੀਰ ਸਿੰਘ ਦੌਧਰ ਤੇ ਜ਼ਿਲ੍ਹਾ ਆਗੂ ਜਗਰਾਜ ਸਿੰਘ ਦੱਦਾਹੂਰਸ, ਬਲਜਿੰਦਰ ਸਿੰਘ ਕਿਸ਼ਨਪੁਰ, ਰਾਜੂ ਪੱਤੋ ਨੇ ਕਿਹਾ ਕਿ ਅੱਜ ਕੇਂਦਰ ਸਰਕਾਰ ਦੀ ਕਿਸਾਨ-ਮਜ਼ਦੂਰ ਮਾਰੂ ਨੀਤੀ ਦਾ ਵਿਰੋਧ ਕਰਨ ਲਈ ਦੌਧਰ, ਮੀਨਿਆ, ਡਾਲਾ, ਦੱਦਾਹੂਰ, ਕਿਸ਼ਨਪੁਰਾ, ਪੱਤੋ, ਬੱਧਨੀਂ ਤੇ ਦੁਸਾਂਝ ਵਿੱਚ ਖਰੜੇ ਦੀਆਂ ਕਾਪੀਆਂ ਸਾੜੀਆਂ ਗਈਆਂ ਹਨ।5 ਫਰਵਰੀ ਨੂੰ ਵਿਧਾਇਕਾਂ ਦੇ ਘਰਾਂ ਦਾ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਕਰਮਜੀਤ ਸਿੰਘ, ਸੁਖਦੇਵ, ਰਣਜੀਤ ਸਿੰਘ ਦੌਧਰ, ਜਗਿੰਦਰ ਸਿੰਘ ਡਾਲਾ, ਸੋਹਣ ਸਿੰਘ ਝੰਡੇਆਣਾ, ਗੁਰਦੀਪ ਸਿੰਘ ਮੀਨੀਆ, ਅਜ਼ਮੇਰ ਸਿੰਘ ਤੇ ਗੁਰਪ੍ਰੀਤ ਸਿੰਘ ਦੁਸਾਂਝ ਸ਼ਾਮਲ ਸਨ।

# ਰਾਸ਼ਟਰੀ ਪੱਧਰ 'ਤੇ ਡੀ ਏ ਵੀ ਕਕਰਾਲਾ ਦੀ ਇਤਿਹਾਸਕ ਸਫਲਤਾ, ਧੀਆਂ ਨੇ ਵਧਾਇਆ ਪੰਜਾਬ ਦਾ ਮਾਣ

### 21 ਤਮਗੇ ਜਿੱਤ ਕੇ ਬਣਾਇਆ ਰਿਕਾਰਡ, ਸਕੂਲ 'ਚ ਹੋਇਆ ਸ਼ਾਨਦਾਰ ਸਨਮਾਨ



**ਸਮਾਣਾ (ਇਕਬਾਲ ਸਿੰਘ ਬੱਲ)**-ਡੀ.ਏ.ਵੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਕਰਾਲਾ ਨੇ ਨੋਇਡਾ ਤੇ ਨਵੀਂ ਦਿੱਲੀ ਵਿੱਚ 10 ਤੋਂ 12 ਦਸੰਬਰ ਤੱਕ ਹੋਈ ਰਾਸ਼ਟਰੀ ਪੱਧਰੀ ਡੀ.ਏ.ਵੀ. ਖੇਡ ਮੁਕਾਬਲੇ (ਲੜਕੀਆਂ) ਵਿੱਚ ਇਤਿਹਾਸਕ ਸਫਲਤਾ ਹਾਸਲ ਕਰਕੇ ਪੰਜਾਬ ਰਾਜ ਦਾ ਨਾਮ ਰੌਸ਼ਨ ਕੀਤਾ।ਇਸ ਰਾਸ਼ਟਰੀ ਮੁਕਾਬਲੇ ਵਿੱਚ ਦੇਸ਼ ਦੇ 28 ਰਾਜਾਂ ਤੋਂ ਲਗਭਗ 900 ਸਕੂਲਾਂ ਦੀਆਂ 9000 ਤੋਂ ਵੱਧ ਲੜਕੀਆਂ ਨੇ ਭਾਗ ਲਿਆ।ਇਨ੍ਹੇ ਵੱਡੇ ਪੱਧਰ ਦੇ ਮੁਕਾਬਲੇ ਵਿੱਚ ਡੀ.ਏ.ਵੀ. ਕਕਰਾਲਾ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 21 ਤਮਗੇ ਜਿੱਤ, ਜਿਨ੍ਹਾਂ ਵਿਚ 11 ਸਨ, 7 ਚਾਂਦੀ ਤੇ 3 ਕਾਂਸੀ ਦੇ ਤਮਗੇ ਸ਼ਾਮਲ ਹਨ।ਸਕੂਲ ਨੇ ਅੰਡਰ-14 ਕੁਸ਼ਤੀ ਵਰਗ ਵਿੱਚ 8 ਸੋਨੇ ਦੇ ਤਮਗਿਆਂ ਨਾਲ ਚੈਂਪੀਅਨਜ਼ ਟਰਾਫੀ ਤੇ ਅੰਡਰ-19 ਕੁਸ਼ਤੀ ਵਰਗ ਵਿੱਚ 2 ਚਾਂਦੀ ਦੇ ਤਮਗਿਆਂ ਨਾਲ ਉੱਪ-ਵਿਜੇਤਾ ਟਰਾਫੀ ਵੀ ਹਾਸਲ ਕੀਤੀ।ਇਹ ਸ਼ਾਨਦਾਰ ਪ੍ਰਾਪਤੀ ਸਕੂਲ ਦੇ ਦੂਰਦਰਸ਼ੀ ਪ੍ਰਿੰਸੀਪਲ ਸ੍ਰੀ ਵਰੁਣ ਸ਼ਰਮਾ ਦੇ ਮਾਰਗਦਰਸ਼ਨ ਹੇਠ ਸੰਭਵ ਹੋ ਸਕੀ, ਜਿਨ੍ਹਾਂ ਦੀ ਅਗਵਾਈ ਵਿੱਚ ਸਕੂਲ ਲਗਾਤਾਰ ਵਿੱਦਿਅਕ ਤੇ ਖੇਡ ਖੇਤਰ ਵਿੱਚ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ।ਮੁਕਾਬਲੇ ਤੋਂ ਵਾਪਸੀ 'ਤੇ ਜੇਤੂ ਵਿਦਿਆਰਥਣਾਂ ਦਾ ਸਕੂਲ ਵਿੱਚ ਸ਼ਾਨਦਾਰ ਸਵਾਗਤ ਕੀਤਾ ਗਿਆ।ਪ੍ਰਿੰਸੀਪਲ ਵਰੁਣ ਸ਼ਰਮਾ ਵੱਲੋਂ ਵਿਦਿਆਰਥਣਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਤੇ ਮਿਠਾਈ ਖੁਆ ਕੇ ਵਿਸ਼ੇਸ਼ ਸਨਮਾਨ ਦਿੱਤਾ ਗਿਆ।ਇਸ ਤੋਂ ਬਾਅਦ ਵਿਦਿਆਰਥਣਾਂ ਨੇ ਸਕੂਲ ਦੇ ਵਿਹੜੇ ਵਿੱਚ ਜਿੱਤ ਮਾਰਚ ਕੱਢਿਆ, ਜਿੱਥੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਤਾਲੀਆਂ ਦੀ ਗੂੰਜ ਨਾਲ ਉਨ੍ਹਾਂ ਦਾ ਜੋਸ਼ ਵਧਾਇਆ।

ਇਸ ਗੌਰਵਪੂਰਣ ਸਫਲਤਾ ਦੀ ਖੁਸ਼ੀ ਵਿੱਚ ਸਕੂਲ ਵਿੱਚ ਹਵਨ ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥਣਾਂ ਦੇ ਚੰਗੇ ਭਵਿੱਖ ਤੇ ਸਕੂਲ ਦੀ ਤਰੱਕੀ ਲਈ ਅਰਦਾਸ ਕੀਤੀ ਗਈ।ਤਮਗਾ ਜੇਤੂ ਵਿਦਿਆਰਥਣਾਂ ਵਿੱਚ ਕੁਸ਼ਤੀ ਅੰਡਰ-14 ਵਰਗ ਵਿੱਚ ਕੈਮਰੀਨ ਕੌਰ ਤੇ ਸਾਕਸ਼ੀ ਨੇ ਸੋਨਾ, ਜਦਕਿ ਸਿਮਰਨਜੀਤ ਕੌਰ, ਹਰਜੋਤ ਕੌਰ ਤੇ [illegible] ਨੇ ਚਾਂਦੀ ਦੇ ਤਮਗੇ ਜਿੱਤੇ।ਅੰਡਰ-17 ਵਰਗ ਵਿੱਚ ਮਨਜੀਤ ਕੌਰ ਤੇ ਨਵਦੀਪ ਕੌਰ ਨੇ ਕਾਂਸੀ ਦੇ ਤਮਗੇ ਹਾਸਲ ਕੀਤੇ।ਅੰਡਰ-19 ਵਰਗ ਵਿੱਚ ਰਾਜਨਦੀਪ ਕੌਰ ਨੇ ਚਾਂਦੀ ਤੇ ਕੋਮਲਪ੍ਰੀਤ ਕੌਰ ਨੇ ਕਾਂਸੀ ਦਾ ਤਮਗਾ ਜਿੱਤਿਆ।ਐਥਲੈਟਿਕਸ ਦੀ ਹਾਈ ਜੰਪ ਪ੍ਰਤੀਯੋਗਿਤਾ ਵਿੱਚ ਅੰਡਰ-17 ਵਰਗ ਵਿੱਚ ਸਮਰਜੀਤ ਕੌਰ ਨੇ ਸੋਨੇ ਤੇ ਅੰਡਰ-19 ਵਰਗ ਵਿਚ ਦਿਲਪ੍ਰੀਤ ਕੌਰ ਨੇ ਚਾਂਦੀ ਦਾ ਤਮਗਾ ਜਿੱਤ ਕੇ ਸਕੂਲ ਦਾ ਮਾਣ ਵਧਾਇਆ।ਇਸ ਮੌਕੇ ਪ੍ਰਿੰਸੀਪਲ ਵਰੁਣ ਸ਼ਰਮਾ ਨੇ ਵਿਦਿਆਰਥਣਾਂ ਦੀ ਮਿਹਨਤ, ਅਨੁਸ਼ਾਸਨ ਤੇ ਖੇਡ ਭਾਵਨਾ ਦੀ ਪ੍ਰਸੰਸਾ ਕਰਦਿਆਂ ਖੇਡ ਅਧਿਆਪਕਾਂ, ਸਟਾਫ ਮੈਂਬਰਾਂ ਤੇ ਮਾਪਿਆਂ ਦੇ ਸਹਿਯੋਗ ਨੂੰ ਵੀ ਇਸ ਸਫਲਤਾ ਦਾ ਮਹੱਤਵਪੂਰਨ ਆਧਾਰ ਦੱਸਿਆ।

## ਮਜੀਠੀਆ ਨੂੰ ਨੁਕਸਾਨ ਪੁੱਜਾ ਤਾਂ ਜੇਲ੍ਹ ਅਧਿਕਾਰੀ ਹੋਣਗੇ ਜ਼ਿੰਮੇਵਾਰ : ਗਨੀਵ ਕੌਰ



**ਨਾਭਾ (ਵਰਿੰਦਰ ਵਰਮਾ)**-ਬਿਕਰਮ ਸਿੰਘ ਮਜੀਠੀਆ ਨੂੰ ਮਿਲਣ ਲਈ ਉਨ੍ਹਾਂ ਦੀ ਪਤਨੀ ਅਤੇ ਵਿਧਾਇਕ ਗਨੀਵ ਕੌਰ ਨਾਭਾ ਜੇਲ੍ਹ ਪਹੁੰਚੇ। ਅੱਧੇ ਘੰਟੇ ਦੀ ਮੁਲਾਕਾਤ ਮਗਰੋਂ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਜੇਕਰ ਮਜੀਠੀਆ ਨੂੰ ਜੇਲ੍ਹ ਅੰਦਰ ਜ਼ਰਾ ਵੀ ਨੁਕਸਾਨ ਹੁੰਦਾ ਹੈ ਤਾਂ ਇਸ ਦੇ ਜ਼ਿੰਮੇਵਾਰ ਜੇਲ੍ਹ ਅਧਿਕਾਰੀ ਹੋਣਗੇ। ਇੰਟੈਲੀਜੈਂਸ ਵੱਲੋਂ ਆਈ ਖਤਰੇ ਦੀ ਸੂਚਨਾ ਬਾਬਤ ਗਨੀਵ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਕਿਸੇ ਨਾਗਰਿਕ ਦੀ ਚਿੰਤਾ ਨਹੀਂ ਹੈ, ਅਸੀਂ ਤਾਂ ਫੇਰ ਵੀ ਵਿਰੋਧੀ ਧਿਰ ਹਾਂ। ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਸੁਰੱਖਿਆ ਦੇ ਨਾਂਅ 'ਤੇ 24 ਘੰਟੇ ਇਕਾਂਤ 'ਚ ਰੱਖਿਆ ਜਾਂਦਾ ਹੈ ਅਤੇ ਮਜੀਠੀਆ ਲਈ ਜੇਲ੍ਹ ਦੇ ਅੰਦਰ ਜੇਲ੍ਹ ਬਣਾ ਦਿੱਤੀ ਗਈ ਹੈ, ਪਰ ਬਿਕਰਮ ਮਜੀਠੀਆ ਦਾ ਮਨੋਬਲ ਤਕੜਾ ਹੈ। ਇਸ ਬਾਬਤ ਨਾਭਾ ਜੇਲ੍ਹ ਅਧਿਕਾਰੀਆਂ ਨੇ ਕਿਹਾ ਕਿ ਜੇਲ੍ਹ ਦੇ ਨਿਯਮਾਂ ਦੀ ਕਿਤੇ ਕੋਈ ਉਲੰਘਣਾ ਨਹੀਂ ਹੋ ਰਹੀ ਤੇ ਇਕੱਲੇ ਵਾਸਤੇ ਬੈਰਕ ਦੀ ਮੰਗ ਇਹਨਾਂ ਵੱਲੋਂ ਆਪ ਉਠਾਈ ਗਈ ਸੀ। ਉਨ੍ਹਾ ਕਿਹਾ ਕਿ ਜੇਲ੍ਹ ਵਿੱਚ ਮਜੀਠੀਆ ਬਿਲਕੁਲ ਤੰਦਰੁਸਤ ਅਤੇ ਸੁਰੱਖਿਅਤ ਹਨ।

## ਤਰਕਸ਼ੀਲ ਸੁਸਾਇਟੀ ਪੰਜਾਬ ਗੁਰੂ ਹਰਸਹਾਏ ਦੀ ਹੋਈ ਹੰਗਾਮੀ ਮੀਟਿੰਗ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਤਰਕਸ਼ੀਲ ਸੁਸਾਇਟੀ ਪੰਜਾਬ ਗੁਰੂ ਹਰਸਹਾਏ ਦੀ ਹੋਈ ਅਹਿਮ ਮੀਟਿੰਗ ਜ਼ੋਨ ਜਥੇਬੰਦਕ ਮੁਖੀ ਪਰਵੀਨ ਜੰਡਵਾਲਾ ਦੀ ਮੌਜੂਦਗੀ ਵਿੱਚ ਤੇ ਇਕਾਈ ਮੁਖੀ ਡਾਕਟਰ ਅਵਤਾਰ ਦੀਪ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਇਕਾਈ ਦੀ ਸਾਲ 2026 ਦੀ ਕਾਰਜ ਵਿਉਂਤ ਉਲੀਕੀ ਗਈ।ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ 16 ਜਨਵਰੀ ਨੂੰ ਕਿਸਾਨ ਸੰਯੁਕਤ ਕਿਸਾਨ ਮੋਰਚਾ ਦੁਆਰਾ ਜ਼ਿਲ੍ਹਾ ਹੈੱਡ ਕੁਆਟਰਾਂ 'ਤੇ ਦਿੱਤੇ ਜਾਣ ਵਾਲੇ ਧਰਨੇ ਵਿੱਚ ਇਕਾਈ ਸ਼ਮੂਲੀਅਤ ਕਰੇਗੀ।ਮੀਟਿੰਗ ਵਿੱਚ ਬੋਲਦਿਆਂ ਜਥੇਬੰਦਕ ਮੁਖੀ ਪ੍ਰਵੀਨ ਜੰਡ ਵਾਲਾ ਨੇ ਦੱਸਿਆ ਕਿ ਇਹ ਹਫਤਾ ਮੈਗਜ਼ੀਨ ਹਫਤੇ ਵਜੋਂ ਮਨਾਇਆ ਜਾਵੇਗਾ ਤੇ ਵੱਧ ਤੋਂ ਵੱਧ ਸਾਲਾਨਾ ਚੰਦੇ ਕੱਟ ਕੇ ਸੁਸਾਇਟੀ ਦੇ ਬੁਲਾਰੇ 'ਤਰਕਸ਼ੀਲ' ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਜਾਵੇਗਾ।ਸੂਬਾ ਕਮੇਟੀ ਵੱਲੋਂ ਲਏ ਫੈਸਲੇ ਅਨੁਸਾਰ ਹੜ੍ਹ ਪੀੜਤ ਇਲਾਕੇ ਦੇ ਸਕੂਲਾਂ ਵਿੱਚ ਲੋੜਵੰਦ ਵਿਦਿਆਰਥੀਆਂ ਨੂੰ ਸਟੇਸ਼ਨਰੀ ਤੇ ਹੋਰ ਲੋੜੀਂਦੀਆਂ ਵਸਤਾਂ ਨਵੇਂ ਸੈਸ਼ਨ ਦੌਰਾਨ ਮੁਹੱਈਆ ਕਰਵਾਈਆਂ ਜਾਣਗੀਆਂ।ਇਸ ਮੌਕੇ ਦੋ ਮਾਸਿਕ ਮੈਗਜ਼ੀਨ 'ਤਰਕਸ਼ੀਲ' ਤੇ ਤਰਕਸ਼ੀਲ ਕੈਲੰਡਰ ਵੀ ਜਾਰੀ ਕੀਤਾ ਗਿਆ।ਮੀਟਿੰਗ ਵਿੱਚ ਗੁਰਦੇਵ ਸਿੰਘ, ਜਗਰੂਪ ਸਿੰਘ, ਕੁਲਦੀਪ ਸਿੰਘ, ਜਸਵਿੰਦਰ ਸਿੰਘ ਤੇ ਹੋਰ ਸਾਥੀ ਵੀ ਹਾਜ਼ਰ ਸਨ।

## ਪ੍ਰਵੀਨ ਕੌਰ ਦੁਸਾਂਝ ਨੇ ਜ਼ਰੂਰਤਮੰਦ ਬੱਚੀਆਂ ਨੂੰ ਸਾਇਕਲ ਦਿੱਤੇ



**ਨੂਰਮਹਿਲ (ਬਾਲੀ)**-ਸਰਕਾਰੀ ਹਾਈ ਸਕੂਲ ਪੁਆਦੜਾ (ਜਲੰਧਰ) ਵਿਖੇ ਸ੍ਰੀਮਤੀ ਪ੍ਰਵੀਨ ਕੌਰ ਦੁਸਾਂਝ ਪਤਨੀ ਸ੍ਰੀ ਤਲਜੀਤ ਸਿੰਘ ਕੂਨਰ ਪਿੰਡ ਪੁਆਦੜਾ ਨੇ ਆਪਣੇ ਸਪੁੱਤਰ ਆਰਯਨ ਸਿੰਘ ਕੂਨਰ ਨਾਲ ਸ਼ਿਰਕਤ ਕੀਤੀ।ਉਨ੍ਹਾਂ ਨੇ ਇਸ ਸਕੂਲ ਦੇ ਬਹੁਤ ਹੀ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਸਾਇਕਲ ਭੇਟ ਕੀਤੇ।ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਇਸ ਸਕੂਲ ਦੇ ਛੇਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਸਰਦੀਆਂ ਦੇ ਮੌਸਮ ਵਿੱਚ ਠੰਡ ਤੋਂ ਆਪਣਾ ਬਚਾਅ ਕਰਨ ਲਈ ਯੂਨੀਫਾਰਮ ਵਾਲੀਆਂ ਜਾਕਟਾਂ ਵੰਡੀਆਂ ਹਨ।ਇਸ ਨੇਕ ਉਪਰਾਲੇ ਲਈ ਸਰਬਜੀਤ ਸਿੰਘ ਤੇ ਪਰਵਿੰਦਰ ਸਿੰਘ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।ਸਕੂਲ ਇੰਚਾਰਜ ਸ੍ਰੀ ਸਤੀਸ਼ ਕੁਮਾਰ ਨੇ ਸਮੂਹ ਸਟਾਫ, ਐੱਸ.ਐੱਮ.ਸੀ. ਮੈਂਬਰਜ਼ ਤੇ ਸਾਰੇ ਵਿਦਿਆਰਥੀਆਂ ਵੱਲੋਂ ਇਨ੍ਹਾਂ ਦਾ ਇਸ ਵਿਸ਼ੇਸ਼ ਸ਼ਲਾਘਾਯੋਗ ਉਪਰਾਲੇ ਲਈ ਧੰਨਵਾਦ ਕੀਤਾ।

## ਅੱਜ ਦੇ ਐਕਸ਼ਨ ਦੀਆਂ ਤਿਆਰੀਆਂ ਮੁਕੰਮਲ : ਆਗੂ



**ਲੁਧਿਆਣਾ (ਭਾਟੀਆ, ਕਥੂਰੀਆ)**-ਇਥੇ ਟ੍ਰੇਡ ਯੂਨੀਅਨਾਂ, ਸੰਯੁਕਤ ਕਿਸਾਨ ਮੋਰਚਾ ਤੇ ਜਮਹੂਰੀ ਜਨਤਕ ਜਥੇਬੰਦੀਆਂ ਦੇ ਆਗੂਆਂ ਦੀ ਸਾਂਝੀ ਮੀਟਿੰਗ ਹੋਈ, ਜਿਸ ਵਿੱਚ 16 ਜਨਵਰੀ ਨੂੰ ਹੋਣ ਵਾਲੇ ਪ੍ਰਦਰਸ਼ਨ ਦੀਆਂ ਤਿਆਰੀਆਂ ਦਾ ਲੇਖਾ ਜੋਖਾ ਕੀਤਾ ਗਿਆ।ਸਾਥੀਆਂ ਨੇ ਦੱਸਿਆ ਕਿ ਲੋਕਾਂ ਵਿੱਚ ਇਸ ਨੂੰ ਲੈ ਕੇ ਬਹੁਤ ਜੋਸ਼ ਹੈ ਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਜ਼ਿਲ੍ਹੇ ਦੇ ਵੱਖ ਵੱਖ ਬਲਾਕਾਂ 'ਚੋਂ ਟਰੇਡ ਯੂਨੀਅਨਾਂ ਦੇ ਵੱਖ ਵੱਖ ਅਦਾਰਿਆਂ, ਕਿਸਾਨ ਸਭਾਵਾਂ ਤੇ ਜਨਤਕ ਜਥੇਬੰਦੀਆਂ ਦੇ ਕਾਰਕੁਨ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਸ਼ੁੱਕਰਵਾਰ 12 ਵਜੇ ਤੋਂ ਨਵੀਂ ਕਚਹਿਰੀ ਦੇ ਬਾਹਰ ਇੱਕ ਵਿਸ਼ਾਲ ਪ੍ਰਦਰਸ਼ਨ ਕਰਕੇ ਰੈਲੀ ਕੀਤੀ ਜਾਏਗੀ ਤੇ ਧਰਨਾ ਦਿੱਤਾ ਜਾਏਗਾ।ਉਪਰੰਤ ਪ੍ਰਧਾਨ ਮੰਤਰੀ ਦੇ ਨਾਮ ਡਿਪਟੀ ਕਮਿਸ਼ਨਰ ਲੁਧਿਆਣਾ ਰਾਹੀਂ ਇੱਕ ਮੰਗ ਪੱਤਰ ਦਿੱਤਾ ਜਾਏਗਾ।ਇਸ ਮੰਗ ਪੱਤਰ ਵਿੱਚ ਸਰਕਾਰ ਵੱਲੋਂ ਕੀਤੇ ਜਾ ਰਹੇ ਹਮਲਿਆਂ ਨੂੰ ਉਜਾਗਰ ਕਰਦੇ ਹੋਏ ਲੋਕ ਦੋਖੀ ਕਾਨੂੰਨ ਵਾਪਸ ਕਰਨ ਦੀ ਮੰਗ ਕੀਤੀ ਜਾਏਗੀ।ਇਸ ਮੀਟਿੰਗ ਵਿੱਚ ਕਾਮਰੇਡ ਡੀ ਪੀ ਮੌੜ ਤੇ ਐੱਮ ਐੱਸ ਭਾਟੀਆ ਏਟਕ ਵੱਲੋਂ, ਰਘਬੀਰ ਸਿੰਘ ਬੈਨੀਪਾਲ ਜਮਹੂਰੀ ਕਿਸਾਨ ਸਭਾ ਵੱਲੋਂ, ਸੁਖਵਿੰਦਰ ਲੋਟੇ, ਰਾਮ ਲਾਲ ਤੇ ਅਮਰਨਾਥ ਕੂਮਕਲਾਂ ਸੀਟੂ ਵੱਲੋਂ, ਚਮਕੌਰ ਸਿੰਘ ਸੰਯੁਕਤ ਕਿਸਾਨ ਮੋਰਚਾ1936 ਵੱਲੋਂ, ਡਾਕਟਰ ਗੁਰਵਿੰਦਰ ਸਿੰਘ ਆਲ ਇੰਡੀਆ ਕਿਸਾਨ ਸਭਾ (ਹੰਨਨਮੁੱਲਾ) ਵੱਲੋਂ, ਜਸਵੰਤ ਸਿੰਘ ਜ਼ੀਰਖ ਜਮਹੂਰੀ ਅਧਿਕਾਰ ਸਭਾ, ਹਰਜਿੰਦਰ ਸਿੰਘ ਮੋਲਡਰ ਯੂਨੀਅਨ ਤੇ ਟਾਈਗਰ ਸਿੰਘ ਰੇਹੜੀ ਫੜੀ ਯੂਨੀਅਨ ਵੱਲੋਂ ਸ਼ਾਮਲ ਹੋਏ।

# ਸਿਆਸਤ ਤੋਂ ਉੱਪਰ ਉੱਠ ਕੇ ਕੇਂਦਰ ਖ਼ਿਲਾਫ਼ ਇੱਕਜੁੱਟ ਹੋਣ ਦੀ ਲੋੜ : ਦੌਲਤਪੁਰ

- ਬਿੱਟੂ ਲੋਕ ਹਿੱਤਾਂ ਨੂੰ ਅਣਗੌਲਿਆ ਕਰਕੇ ਓਵਰਬ੍ਰਿਜ ਦੇ ਮਾਮਲੇ 'ਚ ਕਰ ਰਹੇ ਨੇ 'ਸਿਆਸੀ ਸੌਦੇਬਾਜ਼ੀ'



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਧੂਰੀ ਦੇ ਬਹੁ-ਚਰਚਿਤ ਓਵਰਬ੍ਰਿਜ ਦੀ ਉਸਾਰੀ ਨੂੰ ਲੈ ਕੇ ਪੈਦਾ ਹੋਏ ਸਿਆਸੀ ਘਮਾਸਾਨ ਦਰਮਿਆਨ, ਪੰਜਾਬ ਪ੍ਰਦੇਸ਼ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਅਤੇ ਹਲਕਾ ਧੂਰੀ ਦੇ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਇੱਕ ਅਹਿਮ ਬਿਆਨ ਜਾਰੀ ਕੀਤਾ ਹੈ।ਉਨ੍ਹਾਂ ਸੱਤਾਧਾਰੀ ਧਿਰ ਤੇ ਸਮੁੱਚੀਆਂ ਵਿਰੋਧੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਗੰਭੀਰ ਮਸਲੇ 'ਤੇ ਇੱਕ ਮੰਚ 'ਤੇ ਇਕੱਠੇ ਹੋ ਕੇ ਕੇਂਦਰ ਸਰਕਾਰ ਦੀਆਂ ਕਥਿਤ ਮਾਰੂ ਨੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਨ।ਦੌਲਤਪੁਰ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੰਬੋਧਿਤ ਹੁੰਦਿਆਂ ਸਪੱਸ਼ਟ ਕੀਤਾ ਕਿ ਓਵਰਬ੍ਰਿਜ ਦਾ ਨਿਰਮਾਣ ਕੋਈ ਸਧਾਰਨ ਸਿਆਸੀ ਮੁੱਦਾ ਨਹੀਂ ਹੈ, ਸਗੋਂ ਇਹ ਧੂਰੀ ਦੇ ਹਜ਼ਾਰਾਂ ਲੋਕਾਂ ਦੀਆਂ ਰੋਜ਼ਾਨਾ ਦੀਆਂ ਮੁਸ਼ਕਲਾਂ ਤੇ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਅਤਿ ਸੰਵੇਦਨਸ਼ੀਲ ਮਾਮਲਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਹੂਲਤਾਂ ਦੀ ਬਲੀ ਸਿਆਸੀ ਖਹਿਬਾਜ਼ੀ ਦੀ ਭੇਟ ਨਹੀਂ ਚੜ੍ਹਨੀ ਚਾਹੀਦੀ।ਮੁੱਖ ਮੰਤਰੀ ਦੇ ਹਾਲੀਆ ਬਿਆਨ ਦਾ ਸਮਰਥਨ ਕਰਦਿਆਂ ਦੌਲਤਪੁਰ ਨੇ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ 'ਤੇ ਤਿੱਖੇ ਹਮਲੇ ਕੀਤੇ।ਉਨ੍ਹਾਂ ਕਿਹਾ ਕਿ ਜੇਕਰ ਰਵਨੀਤ ਬਿੱਟੂ ਸਿਆਸੀ ਰੰਜਿਸ਼ ਤਹਿਤ ਇਸ ਪ੍ਰੋਜੈਕਟ ਵਿੱਚ ਰੋੜਾ ਬਣ ਰਹੇ ਹਨ, ਤਾਂ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਕੇਂਦਰੀ ਮੰਤਰੀ ਦੇ ਘਰ ਅੱਗੇ ਧਰਨਾ ਦੇਣ ਦਾ ਐਲਾਨ ਕਰਨ।ਉਨ੍ਹਾ ਕਿਹਾ ਕਿ ਬਿੱਟੂ ਲੋਕ ਹਿੱਤਾਂ ਨੂੰ ਅਣਗੌਲਿਆ ਕਰਕੇ ਓਵਰਬ੍ਰਿਜ ਦੇ ਮਾਮਲੇ ਵਿੱਚ 'ਸਿਆਸੀ ਸੌਦੇਬਾਜ਼ੀ' ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਚੋਣਾਂ ਵਿੱਚ ਮਿਲੀ ਹਾਰ ਦਾ ਬਦਲਾ ਉਹ ਪੰਜਾਬੀਆਂ ਤੇ ਖਾਸ ਕਰਕੇ ਧੂਰੀ ਵਾਸੀਆਂ ਤੋਂ ਲੈ ਰਹੇ ਹਨ।ਕਾਂਗਰਸੀ ਆਗੂ ਨੇ ਦੋਸ਼ ਲਾਇਆ ਕਿ ਰਵਨੀਤ ਬਿੱਟੂ ਭਾਜਪਾ ਵੱਲੋਂ ਦਿੱਤੀ ਗਈ ਮੰਤਰੀ ਦੀ ਕੁਰਸੀ ਦਾ ਮੁੱਲ ਤਾਰਨ ਲਈ ਪੰਜਾਬ ਦੇ ਵਿਕਾਸ ਕਾਰਜਾਂ ਵਿੱਚ ਅੜਿੱਕੇ ਡਾਹ ਰਹੇ ਹਨ, ਜੋ ਉਨ੍ਹਾਂ ਨੂੰ 'ਪੰਜਾਬ ਵਿਰੋਧੀ' ਸਾਬਿਤ ਕਰਦਾ ਹੈ।ਉਨ੍ਹਾਂ ਮੰਗ ਕੀਤੀ ਕਿ ਧੂਰੀ ਦੇ ਵਿਕਾਸ ਲਈ ਸਾਰੀਆਂ ਪਾਰਟੀਆਂ ਨੂੰ ਸੌੜੀ ਸਿਆਸਤ ਤਿਆਗ ਕੇ ਲੋਕਾਂ ਦੇ ਹੱਕ ਵਿੱਚ ਡੱਟਣਾ ਚਾਹੀਦਾ ਹੈ।

## ਮੱਕਰ ਸੰਕ੍ਰਾਂਤੀ ਨੂੰ ਸਮਰਪਤ ਖਾਲਸ ਪ੍ਰੇਮ ਮਾਰਗ ਗਊਸ਼ਾਲਾ ਵਿਖੇ ਕੀਰਤਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਥਾਨਕ ਓਵਰ ਬਰਿਜ ਦੇ ਥੱਲੇ ਸਥਿਤ ਖਾਲਸ ਪ੍ਰੇਮ ਮਾਰਗ ਬਿਮਾਰ ਗਊਆਂ ਦੇ ਪਿੰਗਲਵਾੜੇ (ਗਊਸ਼ਾਲਾ) ਵਿੱਚ ਮੱਕਰ ਸੰਕ੍ਰਾਂਤੀ ਦੇ ਪਵਿੱਤਰ ਦਿਹਾੜੇ 'ਤੇ ਗਊਆਂ ਦੀ ਸੇਵਾ ਹਿੱਤ ਸ੍ਰੀਮਤੀ ਕਮਲ ਮੈਨਨ ਦੀ ਅਗਵਾਈ ਹੇਠ ਕੀਰਤਨ ਮੰਡਲੀ ਵੱਲੋਂ ਕੀਰਤਨ ਕੀਤਾ ਗਿਆ ਤੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਦਾ ਗੁਣਗਾਨ ਕੀਤਾ ਗਿਆ।ਇਸ ਮੌਕੇ ਕੀਰਤਨ ਮੰਡਲੀ ਵੱਲੋਂ ਗਊਆਂ ਲਈ 11 ਕੁਵਿੰਟਲ ਹਰਾ ਚਾਰਾ, ਪੰਜ ਬੋਰੀਆਂ ਫੀਡ ਤੇ ਕੁਝ ਰਾਸ਼ੀ ਗੁਪਤ ਦਾਨ ਵਜੋਂ ਗਊਸ਼ਾਲਾ ਨੂੰ ਭੇਟ ਕੀਤੀ ਗਈ।ਸ੍ਰੀਮਤੀ ਕਮਲ ਮੈਨਨ ਜੀ ਆਪਣੀ ਮੰਡਲੀ ਦੀਆਂ ਭੈਣਾਂ ਨਾਲ ਪਿਛਲੇ ਕਾਫੀ ਸਮੇਂ ਤੋਂ ਗਊਸ਼ਾਲਾ ਵਿੱਚ ਲਗਾਤਾਰ ਕੀਰਤਨ ਦੀ ਸੇਵਾ ਕਰਦੇ ਆ ਰਹੇ ਹਨ।ਇਸ ਮੌਕੇ ਸ੍ਰ. ਜੋਗਿੰਦਰ ਸਿੰਘ ਸਾਰੋਂ ਸਰਪ੍ਰਸਤ, ਸ਼ਾਮ ਲਾਲ ਬਾਂਸਲ ਪ੍ਰਧਾਨ, ਵਿਕਰਮ ਜੀਤ ਸਿੰਘ ਵਿਕੀ ਮੈਨੇਜਰ, ਕ੍ਰਿਸ਼ਨ ਸੰਦੋਹਾ, ਅਸ਼ੋਕ ਕੁਮਾਰ ਜਿੰਦਲ, ਰਾਜ ਕੁਮਾਰ ਗੋਇਲ, ਓਮ ਪ੍ਰਕਾਸ਼ ਮਾਰਡੇ, ਡਾ. ਸਤਪਾਲ ਗਰਗ, ਡਾ. ਗਗਨਦੀਪ ਸਿੰਘ, ਡਾ. ਰਸਵੀਰ ਸਿੰਘ ਜਵੰਧਾ, ਡਾ. ਗੁਰਪ੍ਰੀਤ ਸਿੰਘ ਬਖਸ਼ੀਵਾਲਾ, ਲਾਜਪਤ ਰਾਏ ਗਰਗ, ਅਸ਼ੋਕ ਸਿੰਗਲਾ ਸਕੱਤਰ, ਡਾ. ਸ੍ਰੀਮਤੀ ਬਿਮਲ ਸ਼ਰਮਾ ਸ਼ਾਲੂ, ਡਾ. ਹਰਜਿੰਦਰ ਸਿੰਘ, ਗੁਰਦੀਪ ਸਿੰਘ ਦੀਪੀ, ਜੀਤ ਸਿੰਘ ਸਾਰੋਂ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।ਇਸ ਮੌਕੇ ਸ੍ਰੀਮਤੀ ਕਮਲ ਮੈਨਨ ਨੇ ਗਊਸ਼ਾਲਾ ਦੇ ਸੇਵਾਦਾਰਾਂ ਨੂੰ ਵੀ ਸਨਮਾਨਤ ਕੀਤਾ।ਗਊਸ਼ਾਲਾ ਕਮੇਟੀ ਵੱਲੋਂ ਸ੍ਰੀਮਤੀ ਕਮਲ ਮੈਨਨ ਸਮੇਤ ਸਾਰੀ ਮੰਡਲੀ ਦਾ ਧੰਨਵਾਦ ਕੀਤਾ ਗਿਆ।

# ਵਰਲਡ 'ਵਰਸਿਟੀ ਵੱਲੋਂ ਉਤਪਾਦਕ ਸਰਗਰਮੀਆਂ 'ਤੇ ਸੈਮੀਨਾਰ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਇੰਟਰਨਲ ਕੁਆਲਿਟੀ ਅਸ਼ਿਓਰੈਂਸ ਸੈੱਲ (ਆਈ ਕਿਊ ਏ ਸੀ) ਵੱਲੋਂ ਯੂਨੀਵਰਸਿਟੀ ਸੈਮੀਨਾਰ ਹਾਲ ਵਿੱਚ ਆਪਣੀਆਂ ਉਤਪਾਦਕ ਸਰਗਰਮੀਆਂ ਪ੍ਰਤੀ ਸਮੱਗਰੀਕ ਦ੍ਰਿਸ਼ਟੀਕੋਣ ਵਿਸ਼ੇ 'ਤੇ ਇੱਕ ਇੰਟਰਐਕਟਿਵ ਸੈਮੀਨਾਰ ਕੀਤਾ ਗਿਆ।ਇਸ ਸੈਮੀਨਾਰ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਤੋਂ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ।ਕਰਮਕਾਂਡ ਦੀ ਸ਼ੁਰੂਆਤ ਪ੍ਰੋ. (ਡਾ.) ਪਰਿਤ ਪਾਲ ਸਿੰਘ ਮਾਣਯੋਗ ਵਾਈਸ-ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸੰਬੋਧਨ ਨਾਲ ਹੋਈ।

ਉਨ੍ਹਾਂ ਅਕਾਦਮਿਕ, ਪੇਸ਼ਾਵਰ ਤੇ ਨਿੱਜੀ ਜੀਵਨ ਵਿੱਚ ਸੰਤੁਲਨ ਤੇ ਸਮੱਗਰੀਕ ਦ੍ਰਿਸ਼ਟੀਕੋਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਉਤਪਾਦਕਤਾ ਦਾ ਸਬੰਧ ਉਦੇਸ਼ ਦੀ ਸਪਸ਼ਟਤਾ, ਮਾਨਸਿਕ ਸੁੱਖ-ਸ਼ਾਂਤੀ ਤੇ ਨੈਤਿਕ ਵਚਨਬੱਧਤਾ ਨਾਲ ਹੈ।ਵਾਈਸ-ਚਾਂਸਲਰ ਨੇ ਆਈ ਕਿਊ ਏ ਸੀ ਵੱਲੋਂ ਕੀਤੇ ਜਾ ਰਹੇ ਅਜਿਹੇ ਅਕਾਦਮਿਕ ਉਪਰਾਲਿਆਂ ਦੀ ਸਾਰਾਹਨਾ ਕੀਤੀ।ਸੰਮੇਲਨ ਵਿੱਚ ਭਾਗ ਲੈਂਦੇ ਹੋਏ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਲਗਾਤਾਰ ਪੇਸ਼ਾਵਰ ਵਿਕਾਸ ਤੇ ਵਿਚਾਰਸ਼ੀਲ ਅਕਾਦਮਿਕ ਅਭਿਆਸਾਂ ਦੀ ਲੋੜ ਉੱਤੇ ਰੋਸ਼ਨੀ ਪਾਈ।ਉਨ੍ਹਾਂ ਭਾਗੀਦਾਰਾਂ ਨੂੰ ਸੈਮੀਨਾਰ ਤੋਂ ਪ੍ਰਾਪਤ ਸਿੱਖਿਆਵਾਂ ਨੂੰ ਆਪਣੇ ਦਿਨਚਰੀ ਅਕਾਦਮਿਕ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ।ਡਾ. ਅੰਕਦੀਪ ਕੌਰ ਅਟਵਾਲ ਡਾਇਰੈਕਟਰ ਆਈ ਕਿਊ ਏ ਸੀ ਨੇ ਮਾਣਯੋਗ ਮਹਿਮਾਨਾਂ, ਸਰੋਤ ਵਿਅਕਤੀ ਤੇ ਸਾਰੇ ਭਾਗੀਦਾਰਾਂ ਦਾ ਆਧਿਕਾਰਕ ਸਵਾਗਤ ਕੀਤਾ।ਆਪਣੇ ਸਵਾਗਤੀ ਸੰਬੋਧਨ ਵਿੱਚ ਉਨ੍ਹਾਂ ਸੈਮੀਨਾਰ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਤੇ ਗੁਣਵੱਤਾ ਸੁਧਾਰ ਅਤੇ ਫੈਕਲਟੀ ਵਿਕਾਸ ਲਈ ਆਈ ਕਿਊ ਏ ਸੀ ਦੀ ਵਚਨਬੱਧਤਾ ਨੂੰ ਦੁਹਰਾਇਆ।ਤਕਨੀਕੀ ਸੈਸ਼ਨ ਪ੍ਰੋ. ਆਰ ਐੱਸ ਸਲਾਰੀਆ ਡੀਨ ਯੂਨੀਵਰਸਿਟੀ ਇੰਸਟੀਚਿਊਟ ਆਫ਼ ਕੰਪਿਊਟਰ ਸਾਇੰਸ ਐਂਡ ਐਪਲੀਕੇਸ਼ਨਜ਼, ਗੁਰੂ ਨਾਨਕ ਯੂਨੀਵਰਸਿਟੀ ਹੈਦਰਾਬਾਦ ਤੇ ਹੈੱਡ ਸੈਂਟਰ ਆਫ਼ ਐਕਸਲੈਂਸ ਇਨ ਕੋਡਿੰਗ ਐਂਡ ਕੋਡ ਆਪਟੀਮਾਈਜ਼ੇਸ਼ਨ, ਗੁਰੂ ਨਾਨਕ ਇੰਸਟੀਚਿਊਸ਼ਨਜ਼ ਹੈਦਰਾਬਾਦ ਨੇ ਸੰਚਾਲਿਤ ਕੀਤਾ।ਆਪਣੇ ਵਿਚਾਰਸ਼ੀਲ ਲੈਕਚਰ ਵਿੱਚ ਪ੍ਰੋ. ਸਲਾਰੀਆ ਨੇ ਕਿਹਾ ਕਿ ਅਸਲੀ ਉਤਪਾਦਕਤਾ ਲੰਬੇ ਘੰਟਿਆਂ ਦੀ ਮਿਹਨਤ ਨਾਲ ਨਹੀਂ, ਸਗੋਂ ਮਾਨਸਿਕ ਸੁੱਖ-ਸਥਿਰਤਾ, ਸਮੇਂ ਦੇ ਸੁਚੱਜੇ ਪ੍ਰਬੰਧਨ, ਲਗਾਤਾਰ ਹੁਨਰ ਵਿਕਾਸ ਤੇ ਨੈਤਿਕ ਪੇਸ਼ਾਵਰ ਅਭਿਆਸਾਂ ਦੇ ਸੰਤੁਲਿਤ ਸਮਾਵੇਸ਼ ਨਾਲ ਸੰਭਵ ਹੁੰਦੀ ਹੈ।ਉਨ੍ਹਾਂ ਕੰਮ-ਜੀਵਨ ਸੰਤੁਲਨ, ਸਚੇਤਤਾ ਤੇ ਭਾਵਨਾਤਮਕ ਬੁੱਧੀਮਤਾ ਨੂੰ ਸਮੱਗਰੀਕ ਉਤਪਾਦਕਤਾ ਦੇ ਅਹਿਮ ਅੰਗ ਕਰਾਰ ਦਿੱਤਾ।ਇਸ ਲੈਕਚਰ ਤੇ ਇੰਟਰਐਕਟਿਵ ਚਰਚਾ ਨੂੰ ਮਿਸ ਜਸਪ੍ਰੀਤ ਕੌਰ ਮੈਂਬਰ ਆਈ ਕਿਊ ਏ ਸੀ ਨੇ ਵਧੀਆ ਢੰਗ ਨਾਲ ਮੋਡਰੇਟ ਕੀਤਾ।ਕਰਮਕਾਂਡ ਦਾ ਅੰਤ ਡਾ. ਮੋਨਿਕਾ ਐਰੀ ਮੈਂਬਰ ਆਈ ਕਿਊ ਏ ਸੀ ਵੱਲੋਂ ਪੇਸ਼ ਕੀਤੇ ਧੰਨਵਾਦ ਪ੍ਰਸਤਾਵ ਨਾਲ ਹੋਇਆ।

## ਸਫਾ 1 ਦੇ ਬਾਕੀ...

### ਭਗਵੰਤ ਮਾਨ ਵੱਲੋਂ ਸ਼੍ਰੋਮਣੀ...

ਅਤੇ ਇਸ ਦੀਆਂ ਥਾਵਾਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਜਾਣੂੰ ਕਰਵਾਏਗੀ, ਤਾਂ ਕਿ ਰਹਿਤ ਮਰਿਆਦਾ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪੁਲਸ ਨੂੰ ਪਹਿਲਾਂ ਹੀ ਆਦੇਸ਼ ਦਿੱਤੇ ਜਾ ਚੁੱਕੇ ਹਨ ਕਿ ਜਿੱਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦਾ ਪਤਾ ਲੱਗਾ ਹੈ, ਉਨ੍ਹਾਂ ਧਾਰਮਕ ਥਾਵਾਂ ਦੀ ਇਮਾਰਤ ਅੰਦਰ ਪ੍ਰਵੇਸ਼ ਨਾ ਕੀਤਾ ਜਾਵੇ।

ਮੁੱਖ ਮੰਤਰੀ 11.40 ਵਜੇ ਸਕੱਤਰੇਤ ਦੇ ਅੰਦਰ ਦਾਖਲ ਹੋਏ ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ 11.50 ਵਜੇ ਆਏ। ਇਸੇ ਮੌਕੇ ਮੁੱਖ ਮੰਤਰੀ ਨਾਲ ਪਾਰਟੀ ਦੇ ਦੋ ਬੁਲਾਰੇ ਬਲਤੇਜ ਪੰਨੂੰ ਤੇ ਕੁਲਦੀਪ ਸਿੰਘ ਧਾਲੀਵਾਲ ਵੀ ਸਨ, ਜਿਹਨਾਂ ਨੂੰ ਸਕੱਤਰੇਤ ਵਿੱਚ ਨਹੀਂ ਜਾਣ ਦਿੱਤਾ ਗਿਆ। ਵਰਨਣਯੋਗ ਹੈ ਕਿ 1955 ਵਿੱਚ ਇੱਕ ਗੈਰ-ਸਿੱਖ ਤੱਤਕਾਲੀ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਪੁਲਸ ਭੇਜ ਕੇ ਅਵੱਗਿਆ ਕੀਤੀ ਸੀ ਤੇ ਜਦੋਂ ਉਹਨਾ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਹ ਖੁਦ ਹੀ ਅਕਾਲ ਤਖ਼ਤ 'ਤੇ ਮੁਆਫੀ ਮੰਗਣ ਲਈ ਪੇਸ਼ ਹੋ ਗਏ ਸਨ ਤੇ ਮੁਆਫੀ ਮੰਗ ਲਈ ਸੀ। ਭਗਵੰਤ ਸਿੰਘ ਮਾਨ ਦੂਜੇ ਮੁੱਖ ਮੰਤਰੀ ਹਨ, ਜਿਹਨਾ ਨੂੰ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਬੁਲਾਇਆ ਗਿਆ ਹੈ ਤੇ ਉਹ ਨਿਮਾਣਾ ਬਣ ਕੇ ਪੇਸ਼ ਹੋਏ ਹਨ। ਇਸ ਦੇ ਇਲਾਵਾ ਦੋ ਸਾਬਕਾ ਮੁੱਖ ਮੰਤਰੀ ਵੀ ਅਕਾਲ ਤਖ਼ਤ 'ਤੇ ਬੁਲਾਏ ਜਾ ਚੁੱਕੇ ਹਨ।

### ਦੋ ਕਰੋੜੀ ਮਾਰਵਾੜੀ...

ਦੇ ਪਸ਼ੂਆਂ ਦੀ ਮੇਲੇ ਵਿਚ ਖਰੀਦੋ-ਫਰੋਖਤ ਹੁੰਦੀ ਹੈ। ਰਾਜਸਥਾਨ ਦੇ ਰੇਵਾੜਾ ਪਿੰਡ ਤੋਂ ਪਸ਼ੂ ਮੰਡੀ ਵਿੱਚ ਆਏ ਨਾਰਾਇਣ ਸਿੰਘ ਨੇ ਕਿਹਾ ਕਿ ਉਸ ਦਾ ਮਾਰਵਾੜੀ ਨਸਲ ਦਾ ਘੋੜਾ, ਸ਼ਿਵਰਾਜ 2 ਕਰੋੜ ਦਾ ਹੈ। ਉਹ ਇਸ ਨੂੰ ਇੱਥੇ ਵਿਕਰੀ ਲਈ ਲੈ ਕੇ ਆਇਆ ਹੈ। ਉਸ ਦਾ ਘੋੜਾ 68 ਇੰਚ ਲੰਬਾ ਅਤੇ ਪੰਜ ਸਾਲ ਦਾ ਹੈ। ਉਸ ਦਾ ਘੋੜਾ 2021 ਵਿੱਚ ਰਾਜਸਥਾਨ ਵਿੱਚ ਹੋਏ ਇੱਕ ਪ੍ਰਦਰਸ਼ਨੀ ਮੁਕਾਬਲੇ ਵਿਚ ਜੇਤੂ ਰਿਹਾ ਸੀ।

### 'ਸਾਡੇ ਕੋਲ 169 ਸਰੂਪਾਂ...

ਟੀਮ ਨੂੰ ਪੂਰਾ ਸਹਿਯੋਗ ਦਿੱਤਾ ਗਿਆ ਅਤੇ ਸਿੱਟ ਵੱਲੋਂ ਜੋ ਰਿਪੋਰਟ ਪੇਸ਼ ਕੀਤੀ ਗਈ, ਉਸ ਦਾ ਸਾਰਾ ਰਿਕਾਰਡ ਪ੍ਰਬੰਧਕ ਕਮੇਟੀ ਨੇ ਦਿੱਤਾ।ਦੁੱਖ ਦੀ ਗੱਲ ਇਹ ਹੈ ਕਿ ਪ੍ਰਬੰਧਕ ਕਮੇਟੀ ਪਾਸ ਸਿੱਟ ਨੇ ਸਾਰਾ ਰਿਕਾਰਡ ਸਹੀ ਹੋਣ ਦਾ ਦਾਅਵਾ ਕੀਤਾ, ਪ੍ਰੰਤੂ ਮੁੱਖ ਮੰਤਰੀ ਦੇ ਸਲਾਹਕਾਰਾਂ ਦੇ ਕਾਰਨ ਗਲਤ ਰਿਪੋਰਟ ਪੇਸ਼ ਕੀਤੀ ਗਈ।

ਉਹਨਾ ਕੋਲ ਕੋਈ ਵੀ ਸਰੂਪ ਅਜਿਹਾ ਨਹੀਂ, ਜਿਸ ਦਾ ਸ਼੍ਰੋਮਣੀ ਕਮੇਟੀ ਦੇ ਲਾਪਤਾ ਸਰੂਪਾਂ ਨਾਲ ਸੰਬੰਧ ਹੋਵੇ। 169 ਸਰੂਪਾਂ 'ਚੋਂ 107 ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਛਪੇ ਹੋਏ ਹਨ।ਇਸੇ ਤਰ੍ਹਾਂ 2015 'ਚ ਹੁਕਮਨਾਮਾ ਜਾਰੀ ਹੋਣ ਤੋਂ ਬਾਅਦ ਸਾਰਾ ਰਿਕਾਰਡ ਪ੍ਰਬੰਧਕ ਕਮੇਟੀ ਵੱਲੋਂ ਰੱਖਿਆ ਜਾਂਦਾ ਹੈ। ਰਿਪੋਰਟ 'ਚ ਜੋ ਲਿਖਿਆ ਗਿਆ ਹੈ ਕਿ ਇਹ ਸਰੂਪ ਰਸੋਈ ਸਟੋਰ ਵਿੱਚੋਂ ਮਿਲੇ, ਇਹ ਗਲਤ ਜਾਣਕਾਰੀ ਹੈ।ਸਾਰੇ ਸਰੂਪ ਸੱਚਖੰਡ 'ਚ ਬਿਰਾਜਮਾਨ ਹਨ।ਜੇਕਰ ਸਾਡੇ ਅਸਥਾਨ 'ਤੇ ਕਿਸੇ ਤਰ੍ਹਾਂ ਦੀ ਵੀ ਕੋਈ ਊਣਤਾਈ ਹੈ ਤਾਂ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਬੇਨਤੀ ਕਰਾਂਗੇ ਕਿ ਉਹ ਆਪਣੀ ਟੀਮ ਭੇਜਣ ਅਤੇ ਇਸ ਦੀ ਜਾਂਚ ਕਰਨ ।

ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਤਿੰਨ ਵਾਰ ਧਾਰਮਕ ਸਥਾਨ 'ਤੇ ਪਾਵਨ ਸਰੂਪਾਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਮਰਿਆਦਾ ਸੰਬੰਧੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਭੇਜੀ ਜਾਂਦੀ ਹੈ। ਇਸ ਮੌਕੇ ਇੰਦਰਜੀਤ ਸਿੰਘ ਸਿਆਣ ਪ੍ਰਧਾਨ, ਸ਼ਿੰਗਾਰਾ ਸਿੰਘ ਤੇ ਕੁਲਵੰਤ ਸਿੰਘ ਹੀਰ ਸਾਬਕਾ ਜ਼ਿਲ੍ਹਾ ਪੁਲਸ ਮੁਖੀ ਆਦਿ ਹਾਜ਼ਰ ਸਨ।

### ਕੰਗਣਾ ਨੂੰ ਬਠਿੰਡੇ ...

ਅੰਦੋਲਨ ਵਿੱਚ ਨਹੀਂ ਗਈ ਸੀ, ਸਾਡੇ ਕੋਲ ਤਾਂ ਖੇਤਾਂ ਵਿੱਚ ਕੰਮ ਹੀ ਨਹੀਂ ਮੁੱਕਦੇ।' ਇਸ ਮਾਮਲੇ ਵਿੱਚ ਬਠਿੰਡਾ ਅਦਾਲਤ ਨੇ ਕਰੀਬ 13 ਮਹੀਨੇ ਦੀ ਸੁਣਵਾਈ ਤੋਂ ਬਾਅਦ ਕੰਗਣਾ ਨੂੰ ਸੰਮਨ ਜਾਰੀ ਕੀਤੇ ਸਨ।ਕੰਗਣਾ ਨੇ ਇਸ ਵਿਰੁੱਧ ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਫਿਰ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ, ਪਰ ਦੋਵਾਂ ਉੱਚ ਅਦਾਲਤਾਂ ਨੇ ਉਸ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੀ ਮੀਟਿੰਗ

**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੀ ਮੀਟਿੰਗ ਬੈਰਸਿਆਣਾ ਗੁਰੂ ਘਰ ਵਿਖੇ ਹੋਈ।

ਇਸ ਮੌਕੇ ਬੋਲਦਿਆਂ ਬਲਾਕ ਪ੍ਰਧਾਨ ਹਰਜੀਤ ਸਿੰਘ ਮਹਿਲਾ ਤੇ ਜ਼ਿਲ੍ਹਾ ਖਜ਼ਾਨਚੀ ਅਮਨਦੀਪ ਸਿੰਘ ਮਹਿਲਾ ਨੇ ਦੱਸਿਆ ਕਿ 16 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਰਤ ਦੇ ਸਾਰੇ ਡੀ ਸੀ ਦਫਤਰਾਂ ਅੱਗੇ ਇੱਕ ਰੋਜ਼ਾ ਧਰਨੇ ਦਿੱਤੇ ਜਾਣਗੇ, ਕਿਉਂਕਿ ਸੈਂਟਰ ਸਰਕਾਰ ਬਿਜਲੀ ਬਿਜਲੀ ਬਿੱਲ 2025, ਸੀਡ ਬਿਲ, ਮਨਰੇਗਾ ਕਾਨੂੰਨ ਵਿੱਚ ਫੇਰ ਬਦਲ ਕਰਕੇ ਮਨਰੇਗਾ ਸਕੀਮ ਨੂੰ ਖਤਮ ਕਰਨਾ ਚਾਹੁੰਦੀ ਹੈ ਤੇ ਚਾਰ ਲੇਬਰ ਕੋਡ ਬਣਾ ਕੇ ਕਿਰਤੀ ਲੋਕਾਂ ਨੂੰ ਲੁੱਟਣ ਦੇ ਰਾਹ ਤੁਰੀ ਹੋਈ ਹੈ, ਜਿਸ ਦੇ ਵਿਰੋਧ ਵਿੱਚ ਕੱਲ ਨੂੰ ਡੀ ਸੀ ਦਫਤਰ ਸੰਗਰੂਰ ਅੱਗੇ ਵੱਡਾ ਇਕੱਠ ਕਰਕੇ ਸਰਕਾਰ ਨੂੰ ਚੇਤਾਵਨੀ ਦਿੱਤੀ ਜਾਵੇਗੀ ਕਿ ਜੇਕਰ ਸਰਕਾਰ ਆਪਣੇ ਇਰਾਦਿਆਂ ਤੋਂ ਵਾਪਸ ਨਾ ਮੁੜੀ ਤਾਂ ਆਉਣ ਵਾਲੇ ਸਮੇਂ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੋਈ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ। ਇਸ ਮੌਕੇ ਬਲਾਕ ਖਜ਼ਾਨਚੀ ਜਗਦੀਪ ਸਿੰਘ ਮਹਿਲਾ ਮਿਸ਼ਰਾ ਸਿੰਘ ਨਿਹਾਲਗੜ੍ਹ ਜੋਗਿੰਦਰ ਸਿੰਘ ਖੇੜੀ ਨਾਗਾ ਹਰਬੰਸ ਸਿੰਘ ਦਿੜ੍ਹਬਾ ਜਸਵੰਤ ਸਿੰਘ ਸਮੂਰਾਂ ਮੇਜਰ ਸਿੰਘ ਕੌਰੀਆਂ ਜਗਜੀਤ ਸਿੰਘ ਗੁਰਮੀਤ ਸਿੰਘ ਰਘਵੀਰ ਸਿੰਘ ਆਦਿ ਹਾਜ਼ਰ ਸਨ।

**ਭਾਰਤੀਯ ਰੇਲ**

**"ਸਾਰਵਜਨਿਕ ਸੂਚਨਾ"**

ਰੇਲਵੇ ਅਤੇ ਪਰਿਸਰਾਂ ਦੇ ਸਾਰੇ ਉਪਭੋਗਕਤਾਵਾਂ ਨੂੰ ਇਸ ਦੁਆਰਾ ਸੂਚਨਾ ਦਿਤੀ ਜਾਂਦੀ ਹੈ ਕਿ ਉਤਰ ਰੇਲਵੇ ਦੇ ਹੇਠਾਂ ਲਿਖਤ ਸੈਕਸ਼ਨ ਤੇ 25,000 ਵੋਲਟਸ 50 ਹਰਟਜ ਏ.ਸੀ. ਸ਼ਿਰੋਪਰੀ ਕਰਸ਼ਨ ਤਾਰਾਂ ਨੂੰ ਸੈਕਸ਼ਨ ਦੇ ਸਾਹਮਣੇ ਦਰਸਾਈ ਮਿਤੀ ਨੂੰ ਜਾਂ ਬਾਅਦ ਉਰਜਿਤ ਕੀਤਾ ਜਾਏਗਾ। ਉਸ ਮਿਤੀ ਅਤੇ ਉਸ ਮਿਤੀ ਦੇ ਬਾਅਦ ਸਾਰੇ ਸ਼ਿਰੋਪਰੀ ਉਪਸਕਰ ਕਰਸ਼ਨ ਲਾਈਨ ਨੂੰ ਹਰ ਸਮੇਂ ਹਮੇਸ਼ਾਂ ਦੇ ਲਈ ਬਿਜਲੀਮਈ ਮੰਨਿਆ ਜਾਏਗਾ ਅਤੇ ਕੋਈ ਵੀ ਅਣਅਧਿਕ੍ਰਿਤ ਵਿਅਕਤੀ ਉਸ ਸ਼ਿਰੋਪਰੀ ਉਪਸਕਰ ਲਾਈਨ ਦੇ ਨਜ਼ਦੀਕ ਦਾਖਲ ਨਾ ਹੋਵੇ ਜਾਂ ਕੰਮ ਕਰਨ ਨਹੀਂ ਜਾਏਗਾ।

| ਸੈਕਸ਼ਨ | ਤਾਰੀਕ |
|---|---|
| ਉਤਰ ਰੇਲਵੇ ਵਿਚ ਜੰਮੂ ਮੰਡਲ ਦੇ ਜੰਮੂ ਵਿਚ ਦੂਜੇ ਇੰਟ੍ਰੀ ਗੇਟ ਅਤੇ ਕੋਚਿੰਗ ਟਰਮੀਨਲ ਦੇ ਵਿਕਾਸ ਕੰਮ ਲਈ ਨਵੀਂ ਵਾਸ਼ਿੰਗ ਲਾਈਨ ਨੰ. 2 ਤੋਂ 5 ਲੋਕੇਸ਼ਨ ਨੰ. WL-2,3,4 ਅਤੇ 5 (ਕਿ.ਮੀ. ਚੈਨੇਜ 96/269.00) ਤੋਂ WL-43 (ਕਿ. ਮੀ. ਚੈਨੇਜ 97/071.50) | 25.01.2026 |

ਉਪ ਮੁੱਖ ਬਿਜਲੀ ਇੰਜੀਨੀਅਰ/ਨਿ.
ਉਤਰ ਰੇਲਵੇ ਜਲੰਧਰ ਸ਼ਹਿਰ

161/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਖੁੱਡੀਆਂ ਵੱਲੋਂ ਭੁੱਲਰਵਾਲਾ 'ਚ ਪਾਈਪ ਲਾਈਨ ਦਾ ਉਦਘਾਟਨ



**ਲੰਬੀ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਦੇ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਬੀਤੇ ਦਿਨੀਂ ਹਲਕੇ ਦੇ ਪਿੰਡ ਭੁੱਲਰਵਾਲਾ ਵਿਖੇ ਮੋਘਾ ਨੰਬਰ-131250/ਟੀ ਆਰ (ਤਿਉਣਾ ਮਾਈਨਰ) ਅਧੀਨ ਲਗਭਗ 30 ਲੱਖ ਰੁਪਏ ਦੀ ਲਾਗਤ ਨਾਲ 2 ਕਿਲੋਮੀਟਰ ਦੀ ਲੰਬਾਈ ਵਾਲੀ ਪਾਈਪ ਲਾਈਨ ਦੇ ਕੰਮ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਇਸ ਪਾਣੀ ਵਾਲੀ ਪਾਈਪ ਲਾਈਨ ਦੇ ਕੰਮ ਮੁਕੰਮਲ ਹੋਣ ਨਾਲ ਪਿੰਡ ਦੇ 95 ਪਰਿਵਾਰਾਂ ਦੇ 435 ਕਿੱਲਿਆਂ ਲਈ ਪਾਣੀ ਮੁਹੱਈਆ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦਾ ਵਾਅਦਾ ਸੀ ਹਰੇਕ ਕਿਸਾਨ ਦੇ ਖੇਤਾਂ ਤੱਕ ਪਾਣੀ ਨੂੰ ਪਹੁੰਚਾਇਆ ਜਾਵੇ ਤੇ ਪੰਜਾਬ ਸਰਕਾਰ ਵੱਲੋਂ ਪਾਣੀ ਟੇਲਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਸਾਬਕਾ ਪੰਚਾਇਤ ਮੈਂਬਰ ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ ਪੰਚਾਇਤ ਮੈਂਬਰ, ਰਜਿੰਦਰ ਕੌਰ ਪੰਚਾਇਤ ਮੈਂਬਰ, ਜਗਵਿੰਦਰ ਸਿੰਘ ਸਰਪੰਚ ਭੀਟੀ ਵਾਲਾ, ਰਾਜ ਬਹਾਦਰ ਸਰਪੰਚ ਰੋੜਾਂਵਾਲੀ, ਹੈਪੀ ਸਰਪੰਚ ਸਿੱਖ ਵਾਲਾ, ਬਲਵਿੰਦਰ ਸਿੰਘ ਸਰਪੰਚ ਤਰਮਾਲਾ, ਗੁਰਮਨ ਸਿੰਘ ਸਰਪੰਚ ਕੰਦੂ ਖੇੜਾ, ਹਰਚਰਨ ਸਿੰਘ ਫੱਤਾਕੇਰਾ, ਸ਼ਿਵਰਾਜ ਸਿੰਘ ਭੁੱਲਰ, ਪੱਪੀ ਭੁੱਲਰ, ਹਰਦੀਪ ਸਿੰਘ, ਰਿੰਕੂ, ਮਿਲਖੀ ਭੁੱਲਰ ਤੇ ਇਕਬਾਲ ਸਰਪੰਚ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਕਾਂਗਰਸ ਦੀਆਂ ਰੈਲੀਆਂ 'ਚ ਵਿਸ਼ਾਲ ਇਕੱਠ ਪਾਰਟੀ ਦੀ ਚੜ੍ਹਦੀ ਕਲਾ ਦਾ ਪ੍ਰਤੀਕ : ਗੁਰਮੇਲ ਮੌੜ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਾਂਗਰਸ ਪਾਰਟੀ ਹਾਈ ਕਮਾਂਡ ਦੇ ਦਿਸ਼ਾਂ ਨਿਰਦੇਸ਼ ਅਨੁਸਾਰ ਕੀਤੀਆਂ ਜਾ ਰਹੀਆਂ ਮਨਰੇਗਾ ਸੰਗਰਾਮ ਰੈਲੀਆਂ 'ਚ ਹੋ ਰਹੇ ਵਿਸ਼ਾਲ ਇਕੱਠ ਕਾਂਗਰਸ ਪਾਰਟੀ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ।ਆਪ ਮੁਹਾਰੇ ਸ਼ਾਮਲ ਹੋਏ ਕਿਰਤੀ ਲੋਕਾਂ ਨੇ ਸੂਬੇ ਅੰਦਰ ਕਾਂਗਰਸ ਪਾਰਟੀ ਦੀ ਵਧ ਰਹੀ ਹਰਮਨ ਪਿਆਰਤਾ ਦੀ ਸਪੱਸ਼ਟ ਤਸਵੀਰ ਸਾਹਮਣੇ ਲਿਆਦੀ ਹੈ।ਇਹ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸਟੇਟ ਕਮੇਟੀ ਮੈਂਬਰ, ਕੋਆਰਡੀਨੇਟਰ ਗੁਰਮੇਲ ਸਿੰਘ ਮੌੜ ਨੇ ਕੀਤਾ।ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋਈਆਂ ਰੈਲੀਆਂ ਦੇ ਵੱਡੇ ਇਕੱਠਾਂ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਸ਼ਾਨਦਾਰ ਫਤਿਹ ਹਾਸਲ ਕਰਨ ਉਪਰੰਤ ਸੂਬੇ ਅੰਦਰ ਆਪਣੀ ਸਰਕਾਰ ਕਾਇਮ ਕਰੇਗੀ।ਕੋਈ ਵੀ ਤਾਕਤ ਇਸ ਨੂੰ ਨਹੀਂ ਰੋਕ ਸਕੇਗੀ।ਸੀਨੀਅਰ ਆਗੂ ਮੌੜ ਨੇ ਸੂਬਾ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ ਹੈ।ਹਰ ਰੋਜ਼ ਲੁੱਟਾਂ-ਖੋਹਾਂ, ਦਿਨ ਦਿਹਾੜੇ ਨਾਮਵਰ ਲੋਕਾਂ ਦੇ ਕਤਲ ਦੀਆਂ ਘਟਨਾਵਾਂ ਇਕ ਆਮ ਗੱਲ ਬਣ ਗਈ ਹੈ।ਅਜਿਹੇ ਮਹੌਲ ਵਿੱਚ ਸੂਬੇ ਦਾ ਹਰ ਇਕ ਨਾਗਰਿਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ।ਉਨ੍ਹਾਂ ਹਰ ਵਰਗ ਦੇ ਸਮੂਹ ਲੋਕਾਂ ਨੂੰ ਕਾਂਗਰਸ ਪਾਰਟੀ ਦੀ ਅਗਵਾਈ ਹੇਠ ਲਾਮਬੰਦ ਹੋਣ ਦੀ ਅਪੀਲ ਕੀਤੀ।

## ਕੁੜੀਆਂ ਵੀ ਮੁੰਡਿਆਂ ਦੇ ਬਰਾਬਰ ਦੀਆਂ ਹੱਕਦਾਰ : ਡਾ. ਗੋਇਲ



**ਨਾਭਾ (ਵਰਿੰਦਰ ਵਰਮਾ)**-ਸਿਵਲ ਹਸਪਤਾਲ ਨਾਭਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਵੀਨੂੰ ਗੋਇਲ ਦੀ ਅਗਵਾਈ ਹੇਠ ਧੀਆਂ ਦੀ ਲੋਹੜੀ ਮਨਾਈ ਗਈ।ਇਸ ਪ੍ਰੋਗਰਾਮ ਵਿੱਚ ਨਵਜੰਮੀਆਂ ਧੀਆਂ ਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ।ਡਾ. ਵੀਨੂੰ ਗੋਇਲ ਨੇ ਮਾਪਿਆਂ ਨੂੰ ਲੋਹੜੀ ਦੀ ਵਧਾਈ ਦਿੰਦੇ ਹੋਏ ਨਵ-ਜਨਮੀਆਂ ਬੱਚੀਆਂ ਨੂੰ ਤੋਹਫੇ ਦਿੱਤੇ ਗਏ। ਉਨ੍ਹਾਂ ਕਿਹਾ ਕਿ ਲੜਕੀਆਂ ਨੂੰ ਸਮਾਜ 'ਚ ਲੜਕਿਆਂ ਦੇ ਬਰਾਬਰ ਦਾ ਦਰਜਾ ਮਿਲਣਾ ਚਾਹੀਦਾ ਹੈ, ਕਿਉਂਕਿ ਲੜਕੀਆਂ ਤੋਂ ਬਿਨਾਂ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵੀ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਦੇ ਹੱਕ ਦਿੱਤੇ ਗਏ ਹਨ।ਉਨ੍ਹਾਂ ਸਮਾਜ ਵਿੱਚ ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਦਾ ਦਰਜਾ ਦਿੱਤੇ ਜਾਣ ਦਾ ਸੁਨੇਹਾ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਲੜਕੀਆਂ ਪ੍ਰਤੀ ਸਕਾਰਾਤਮਕ ਸੋਚ ਰੱਖਣ ਦੀ ਲੋੜ ਹੈ ਤੇ ਅੱਜ ਲੜਕੀਆਂ ਕਿਸੇ ਵੀ ਖੇਤਰ ਵਿੱਚ ਮੁੰਡਿਆਂ ਨਾਲੋਂ ਘੱਟ ਨਹੀਂ ਹਨ।ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਪ੍ਰਣ ਲੈਣਾ ਚਾਹੀਦਾ ਹੈ ਕਿ ਸਮਾਜ ਵਿੱਚ ਕੁੜੀਆਂ ਦੇ ਨਾਲ ਹੁੰਦੇ ਵਿਤਕਰੇ ਨੂੰ ਰੋਕੀਏ ਤੇ ਉਨ੍ਹਾਂ ਨੂੰ ਅੱਗੇ ਵਧਣ ਵਿੱਚ ਮਦਦ ਕਰੀਏ।ਇਸ ਮੌਕੇ ਸਿਵਲ ਹਸਪਤਾਲ ਨਾਭਾ ਦਾ ਸਮੂਹ ਸਟਾਫ ਹਾਜ਼ਰ ਸੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

16 Jan Page 3.qxd 1/15/2026 10:48 PM Page 1



# ਪੱਛਮੀ ਕਮਾਂਡ ਨੇ ਵਿਸ਼ਾਲ ਰੈਲੀ ਰਾਹੀਂ ਰੱਖਿਆ ਸੇਵਾਵਾਂ ਦੇ ਵੈਟਰਨਜ਼ ਨੂੰ ਦਿੱਤੀ ਸ਼ਰਧਾਂਜਲੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸਾਹਸ, ਬਲਿਦਾਨ ਅਤੇ ਦੇਸ਼ ਦੀ ਉਮਰ ਭਰ ਕੀਤੀ ਨਿਸ਼ਕਾਮ ਸੇਵਾ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਪੱਛਮੀ ਕਮਾਂਡ ਦੇ ਅਧੀਨ ਵਜਰਾ ਕੋਰ ਵੱਲੋਂ ਖਾਸਾ, ਅੰਮ੍ਰਿਤਸਰ ਵਿਖੇ ਮਨਾਇਆ ਗਿਆ।ਇਸ 10ਵੇਂ ਰੱਖਿਆ ਸੇਵਾਵਾਂ ਵੈਟਰਨਜ਼ ਦਿਵਸ ਮੌਕੇ ਤੇ ਵੈਟਰਨਜ਼, ਵੀਰਤਾ ਪੁਰਸਕਾਰ ਪ੍ਰਾਪਤ ਸੈਨਿਕਾਂ, ਵੀਰ ਨਾਰੀਆਂ, ਵਿਧਵਾਵਾਂ ਅਤੇ ਰੱਖਿਆ ਬਲਾਂ ਦੇ ਪਰਿਵਾਰਾਂ ਦੀ ਅਟੱਲ ਆਤਮਾ ਅਤੇ ਨਿਸ਼ਕਾਮ ਯੋਗਦਾਨ ਨੂੰ ਸਨਮਾਨਿਤ ਕੀਤਾ ਗਿਆ।ਹਰ ਸਾਲ 14 ਜਨਵਰੀ ਨੂੰ ਮਨਾਇਆ ਜਾਣ ਵਾਲਾ ਰੱਖਿਆ ਸੇਵਾਵਾਂ ਵੈਟਰਨਜ਼ ਦਿਵਸ ਭਾਰਤ ਦੇ ਪਹਿਲੇ ਭਾਰਤੀ ਕਮਾਂਡਰ-ਇਨ-ਚੀਫ਼ ਫੀਲਡ ਮਾਰਸ਼ਲ ਕੇ. ਐੱਮ. ਕਰਿਆਪਾ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ ਅਤੇ ਇਹ ਹਥਿਆਰਬੰਦ ਬਲਾਂ ਅਤੇ ਉਨ੍ਹਾਂ ਦੇ ਵਿਸਤ੍ਰਿਤ ਪਰਿਵਾਰ ਦਰਮਿਆਨ ਅਟੁੱਟ ਨਾਤੇ ਦਾ ਪ੍ਰਤੀਕ ਹੈ। ਲੈਫਟੀਨੈਂਟ ਜਨਰਲ ਅਜੇ ਚੰਦਪੁਰੀਆ, ਏਵੀਐੱਸਐੱਮ, ਵੀਐਸਐੱਮ, ਜੀਓਸੀ, ਵਜਰਾ ਕੋਰ ਨੇ ਪੱਛਮੀ ਕਮਾਂਡ ਦੇ ਆਰਮੀ ਕਮਾਂਡਰ ਦੀ ਤਰਫੋਂ ਵੈਟਰਨਜ਼ ਅਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਦੇਸ਼ ਲਈ ਕੀਤੀ ਅਦੁੱਤੀ ਸੇਵਾ ਅਤੇ ਬਲਿਦਾਨ ਲਈ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਭਾਰਤੀ ਫੌਜ ਦੀ ਇਸ ਪੱਕੀ ਵਚਨਬੱਧਤਾ ਨੂੰ ਦੁਹਰਾਇਆ ਕਿ ਉਹ ਆਪਣੇ ਵੈਟਰਨਜ਼ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਸਨਮਾਨ, ਸਹਾਇਤਾ ਅਤੇ ਨਾਲ ਖੜ੍ਹੇ ਰਹਿਣ ਲਈ ਅੱਜ



ਵੀ ਅਤੇ ਹਮੇਸ਼ਾ ਤਿਆਰ ਹੈ। ਇਸ ਮੌਕੇ ਮੁੱਖ ਮਹਿਮਾਨ ਪੰਜਾਬ ਸਰਕਾਰ ਦੇ ਸਾਬਕਾ ਸੈਨਿਕਾਂ ਅਤੇ ਆਜ਼ਾਦੀ ਸੰਗਰਾਮੀਆਂ ਦੀ ਭਲਾਈ ਅਤੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਦੇਸ਼ ਨਿਰਮਾਣ ਵਿੱਚ ਵੈਟਰਨਜ਼ ਦੇ ਅਮੂਲ ਯੋਗਦਾਨ ਦੀ ਪ੍ਰਸ਼ੰਸਾ ਕੀਤੀ, ਵਿਸ਼ੇਸ਼ ਤੌਰ 'ਤੇ ਪੰਜਾਬ ਵਿਚ ਹਾਲ ਹੀ ਦੌਰਾਨ ਆਏ ਹੜ੍ਹਾਂ ਦੌਰਾਨ ਉਨ੍ਹਾਂ ਦੀ ਸਰਾਹੁਣਯੋਗ ਭੂਮਿਕਾ ਨੂੰ ਉਜਾਗਰ ਕੀਤਾ।ਉਨ੍ਹਾਂ ਸਾਬਕਾ ਸੈਨਿਕਾਂ ਦੀ ਭਲਾਈ ਲਈ ਰਾਜ ਸਰਕਾਰ ਵੱਲੋਂ ਪੂਰਨ ਸਮਰਥਨ ਦਾ ਭਰੋਸਾ ਦਿੱਤਾ।ਇਸ ਰੈਲੀ ਵਿੱਚ ਕਰੀਬ 2,500 ਵੈਟਰਨਜ਼ ਅਤੇ ਪਰਿਵਾਰਕ ਮੈਂਬਰਾਂ ਨੇ ਸਿੱਧੇ ਤੌਰ 'ਤੇ ਭਾਗ ਲਿਆ, ਜਦਕਿ ਪੱਛਮੀ ਕਮਾਂਡ ਅਧੀਨ ਵੱਖ-ਵੱਖ ਥਾਵਾਂ ਤੋਂ 4,000 ਤੋਂ 4,500 ਹੋਰ ਭਾਗੀਦਾਰ ਵਰਚੁਅਲ ਮਾਧਿਅਮ ਰਾਹੀਂ ਜੁੜੇ, ਜਿਸ ਨਾਲ ਵਿਆਪਕ ਪਹੁੰਚ ਅਤੇ ਅਰਥਪੂਰਨ ਭਾਗੀਦਾਰੀ ਯਕੀਨੀ ਬਣੀ।ਇਸ ਮੌਕੇ ਵੈਟਰਨਜ਼ ਅਤੇ ਵੀਰ ਨਾਰੀਆਂ ਦਾ ਸਨਮਾਨ ਅਤੇ ਉਨ੍ਹਾਂ ਨਾਲ ਸੰਵਾਦ, ਸੈਨਾ ਸੰਸਕਾਰ ਨੂੰ ਦਰਸਾਉਂਦੀਆਂ ਸੱਭਿਆਚਾਰਕ ਪ੍ਰਸਤੁਤੀਆਂ, ਬਹੁ-ਵਿਭਾਗੀ ਮੈਡੀਕਲ ਜਾਂਚਾਂ, ਭਲਾਈ ਅਤੇ ਸ਼ਿਕਾਇਤ ਨਿਵਾਰਨ ਸਟਾਲ ਅਤੇ ਸਮੂਹਕ ਭੋਜਨ ਸ਼ਾਮਲ ਸਨ, ਜਿਸ ਨਾਲ ਭਾਈਚਾਰੇ ਦੀ ਭਾਵਨਾ, ਸਾਂਝੀ ਯਾਦ ਅਤੇ ਸਾਂਝਾ ਮਾਣ ਮਜ਼ਬੂਤ ਹੋਇਆ। ਟ੍ਰਾਈਸਿਟੀ ਦੇ ਵੈਟਰਨ ਅਧਿਕਾਰੀਆਂ ਲਈ ਇੱਕ ਵਿਸ਼ੇਸ਼ ਸੰਵਾਦ ਅਤੇ ਭੋਜਨ ਸਮਾਰੋਹ 18 ਜਨਵਰੀ ਨੂੰ ਚੰਡੀ ਮੰਦਰ ਮਿਲਟਰੀ ਸਟੇਸ਼ਨ 'ਤੇ ਆਯੋਜਿਤ ਕੀਤਾ ਜਾਵੇਗਾ, ਜੋ ਭਾਰਤੀ ਫੌਜ ਦੇ ਆਪਣੇ ਵੈਟਰਨਜ਼ ਨਾਲ ਅਟੁੱਟ ਨਾਤੇ ਅਤੇ ਰਸਮੀ ਸਮਾਰੋਹਾਂ ਤੋਂ ਪਰ੍ਹੇ ਲਗਾਤਾਰ ਸੰਪਰਕ, ਸਨਮਾਨ ਅਤੇ ਭਲਾਈ ਪ੍ਰਤੀ ਉਸਦੀ ਪੱਕੀ ਵਚਨਬੱਧਤਾ ਨੂੰ ਦੁਹਰਾਉਂਦਾ ਹੈ।

# ਮਨੁੱਖਾ ਜੀਵਨ ਸਫਲ ਬਣਾਉਣ ਲਈ ਸਾਧੂ ਮਹਾਤਮਾ ਤੇ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ : ਛੋਟੇਪੁਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)** ਇਥੋਂ ਨਜ਼ਦੀਕ ਪਿੰਡ ਛੋਟੇਪੁਰ ਵਿੱਚ ਗੁਰਦੁਆਰਾ ਅੰਗੀਠਾ ਸਾਹਿਬ ਬਾਬਾ ਲਾਲ ਸਿੰਘ ਕੁੱਲੀ ਵਾਲਿਆਂ ਦੀ ਯਾਦ ਵਿੱਚ ਮਾਘੀ ਦੇ ਤਿਉਹਾਰ ਮੌਕੇ ਬਾਬਾ ਲਾਲ ਸਿੰਘ ਕੁੱਲੀ ਵਾਲਿਆਂ ਦੀ 24 ਦੀ ਸਲਾਨਾ ਬਰਸੀ ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਸਬੰਧੀ ਗੁਰਦੁਆਰਾ ਅੰਗੀਠਾ ਸਾਹਿਬ ਬਾਬਾ ਲਾਲ ਸਿੰਘ ਕੁੱਲੀ ਵਾਲਿਆਂ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਰਾਗੀ ਜਥਾ ਭਾਈ ਰਜਵੰਤ ਸਿੰਘ, ਭਾਈ ਜਗਜੀਵਨ ਸਿੰਘ ਅਤੇ ਭਾਈ ਗੁਰਸ਼ਰਨਜੀਤ ਸਿੰਘ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਦਰਜ ਸੰਤਾਂ ਦੀ ਮਹਿਮਾ ਨਾਲ ਸੰਬੰਧਤ ਰਸਭਿੰਨੇ ਸ਼ਬਦਾਂ ਦਾ ਗਾਇਨ ਕੀਤਾ ਗਿਆ ਅਤੇ ਇਸ ਸਮਾਗਮ ਵਿੱਚ ਸ਼ਾਮਲ ਸੰਗਤਾਂ ਨੂੰ ਮਾਘੀ ਦੇ ਤਿਉਹਾਰ ਸਬੰਧੀ ਕਥਾ ਕਰਕੇ ਚਾਨਣਾ ਪਾਇਆ ਗਿਆ। ਇਸ ਮੌਕੇ 'ਤੇ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਸਾਬਕਾ ਮੰਤਰੀ ਪੰਜਾਬ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਕੀਰਤਨੀ ਜਥੇ ਦੇ ਰਾਗੀ ਸਿੰਘਾਂ ਨੂੰ ਸਿਰਪਾਓ ਭੇਟ ਕਰਕੇ ਵਿਸ਼ੇਸ਼



ਸਨਮਾਨ ਕੀਤਾ ਗਿਆ। ਇਸ ਮਾਘੀ ਅਤੇ ਬਾਬਾ ਲਾਲ ਸਿੰਘ ਕੁੱਲੀ ਵਾਲਿਆਂ ਦੀ ਯਾਦ ਵਿੱਚ ਕਰਵਾਈ ਗਈ 24ਵੀਂ ਬਰਸੀ ਵਿੱਚ ਕੜਾਕੇ ਦੀ ਠੰਢ ਵਿੱਚ ਸ਼ਮੂਲੀਅਤ ਕਰਨ ਵਾਲੀਆਂ ਸੰਗਤਾਂ ਦਾ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਵੱਲੋਂ ਧੰਨਵਾਦ ਕਰਦੇ ਕਰਦਿਆਂ ਹੋਇਆਂ ਕਿਹਾ ਕਿ ਮਨੁੱਖ ਨੂੰ 84 ਲੱਖ ਜੂਨਾਂ ਤੋਂ ਬਾਅਦ ਪ੍ਰਾਪਤ ਹੋਏ ਇਸ ਮਨੁੱਖਾ ਜੀਵਨ ਵਿੱਚ ਸਾਧੂ ਮਹਾਤਮਾ ਅਤੇ ਆਪਣੇ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਵੱਡੀ ਲੋੜ ਹੈ। ਉਹਨਾਂ ਕਿਹਾ ਕਿ ਅੱਜ ਦੇ ਅਜੋਕੇ ਸਮੇਂ ਵਿੱਚ ਅਸੀਂ ਸਾਧੂ ਮਹਾਤਮਾ ਅਤੇ ਗੁਰੂਆਂ ਦੀਆਂ ਸਿਖਿਆਵਾਂ ਨੂੰ ਭੁੱਲਦੇ ਜਾ ਰਹੇ ਹਾਂ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਉਹਨਾਂ ਕਿਹਾ ਕਿ ਅਸੀਂ ਧਨ ਦੌਲਤਾਂ ਅਤੇ ਫੋਕੀ ਸ਼ੋਹਰਤ ਖਾਤਰ ਝੂਠ, ਲਾਲਚ, ਮਾਇਆ, ਮੋਹ ਆਦਿ ਦੇ ਬੰਧਨ ਵਿੱਚ ਬੱਝਦੇ ਜਾ ਰਹੇ ਹਾਂ। ਸਾਨੂੰ ਆਪਣੇ ਗੁਰੂਆਂ ਪੀਰਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਉਹਨਾਂ ਮੁਕਤਸਰ ਸਾਹਿਬ ਦੇ 40 ਮੁਕਤਿਆਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਸਬੰਧੀ ਵੀ ਚਾਨਣਾ ਪਾਇਆ। ਇਸ ਮੌਕੇ ਸੁੱਚਾ ਸਿੰਘ ਛੋਟੇਪੁਰ ਸਾਬਕਾ ਮੰਤਰੀ ਪੰਜਾਬ ਦੀ ਅਗਵਾਈ ਹੇਠ ਇਸ ਵਾਰ ਵੀ ਐਡਵੋਕੇਟ ਅਜੇ ਪਾਲ ਸਿੰਘ ਸੰਧੂ ਸਰਪੰਚ ਛੋਟੇਪੁਰ ਵੱਲੋਂ ਮਾਘੀ ਦੇ ਤਿਆਰ ਮੌਕੇ ਲੋੜਵੰਦ ਔਰਤਾਂ, ਪੁਰਸ਼ਾਂ ਅਤੇ ਬੱਚਿਆਂ ਨੂੰ ਗਰਮ ਕੰਬਲ ਅਤੇ ਦਾਨ ਦਕਸ਼ਣਾ ਵੀ ਕੀਤੀ ਗਈ। ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਿਆਰਾ ਸਿੰਘ ਭੰਗੂ ਸਾਬਕਾ ਸੀ ਸੀ ਡੀ ਓ, ਬਲਦੇਵ ਸਿੰਘ ਬਾਜਵਾ ਪ੍ਰਧਾਨ ਸੁਖਮਨੀ ਸੇਵਾ ਸੋਸਾਇਟੀ, ਨਿਰਮਲ ਸਿੰਘ ਨਾਗੀ, ਗੁਰਨਾਮ ਸਿੰਘ ਮੁਸਤਫਾਬਾਦ, ਦਲਵਿੰਦਰ ਸਿੰਘ ਭੋਲਾ ਬਾਜਵਾ, ਮਨਦੀਪ ਸੈਣੀ, ਦਲਜੀਤ ਸਿੰਘ ਚੱਕ ਬਰੋਏ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਰਣਜੀਤ ਸਿੰਘ ਅਵਾਨ, ਸੁਰਿੰਦਰ ਸਿੰਘ ਮੁਰੀਦ ਕੇ, ਜਤਿੰਦਰ ਸਿੰਘ ਭੁੱਲਰ, ਸੇਵਾ ਮੁਕਤ ਸੂਬੇਦਾਰ ਸੁਰਿੰਦਰ ਪਾਲ ਸਿੰਘ ਭੰਡਵਾਂ, ਜੋਗਿੰਦਰ ਸਿੰਘ ਸਾਬਕਾ ਸਰਪੰਚ ਅਮਰਗੜ੍ਹ, ਮੋਹਣ ਸਿੰਘ, ਪਰਸੋਤਮ ਸਿੰਘ ਪੰਨਵਾਂ, ਦੌਲਤ ਸਿੰਘ, ਕੁਲਦੀਪ ਸਿੰਘ ਮਸਤਕੋਟ, ਜਥੇਦਾਰ ਲੱਖਾ ਸਿੰਘ ਮੀਰਕਚਾਣਾ, ਲਖਵਿੰਦਰ ਸਿੰਘ ਧਾਲੀਵਾਲ ਕਲਾਂ, ਸੰਤੋਖ ਸਿੰਘ ਸੈਕਟਰੀ, ਬਿਕਰਮਜੀਤ ਸਿੰਘ ਛੋਟੇਪੁਰ, ਵਸਣ ਸਿੰਘ, ਰਸ਼ਪਾਲ ਸਿੰਘ, ਬਾਬਾ ਜੋਗਿੰਦਰ ਸਿੰਘ ਉਗਰੂ ਖਹਿਰਾ, ਮਨਦੀਪ ਸਿੰਘ ਸੈਣੀ, ਲਖਵਿੰਦਰ ਸਿੰਘ ਧਾਲੀਵਾਲ ਕਲਾਂ ਆਦਿ ਹਾਜ਼ਰ ਸਨ।

# ਤਿੰਨ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਬਹਿਰਾਮਪੁਰ ਦੇ ਏ.ਐਸ.ਆਈ. ਤਰਲੋਕ ਚੰਦ ਨੇ ਸਮੇਤ ਪੁਲਸ ਪਾਰਟੀ ਹਰਲੀਨ ਸਿੰਘ ਉਰਫ਼ ਵਿੱਕੀ ਪੁੱਤਰ ਪਲਵਿੰਦਰ ਸਿੰਘ ਵਾਸੀ ਲੱਖੋਵਾਲ ਥਾਣਾ ਸਦਰ ਗੁਰਦਾਸਪੁਰ ਪਾਸੋਂ ਗੁਪਤ ਸੂਚਨਾ ਮਿਲਣ ਤੇ ਚੈਕ ਕੀਤਾ ਜਿਸ ਵਿੱਚੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸੇ ਤਰ੍ਹਾਂ ਥਾਣਾ ਧਾਰੀਵਾਲ ਦੇ ਏ.ਐਸ.ਆਈ. ਰਣਜੀਤ ਸਿੰਘ ਨੇ ਸ਼ਮਸ਼ਾਨਘਾਟ ਰਣੀਆ ਧਾਰੀਵਾਲ ਤੋਂ ਕੰਵਲਜੀਤ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪੁਰੋਵਾਲ ਜੱਟਾਂ ਜੋ ਸ਼ਮਸ਼ਾਨਘਾਟ ਵਿੱਚ ਲੁਕ ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ, ਤਾਂ ਕਥਿਤ ਦੋਸ਼ੀ ਪਾਸੋਂ ਮੌਕੇ ਤੋਂ ਇੱਕ ਸਿਲਵਰ ਪੇਪਰ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਥਾਣਾ ਸਿਟੀ ਗੁਰਦਾਸਪੁਰ ਦੇ ਐਸ.ਆਈ. ਮੋਹਨ ਲਾਲ ਨੇ ਨਹਿਰੂ ਪਾਰਕ ਗੁਰਦਾਸਪੁਰ ਤੋਂ ਹਰਜਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਬੰਨਾਵਾਲਾ ਥਾਣਾ ਸਦਰ ਅਰਨੀਵਾਲਾ ਜ਼ਿਲ੍ਹਾ ਫਾਜ਼ਿਲਕਾ ਜੋ ਲੁਕ ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਕਾਬੂ ਕੀਤਾ। ਕਥਿਤ ਦੋਸ਼ੀ ਪਾਸੋਂ ਇਕ ਸਿਲਵਰ ਪੇਪਰ, ਲਾਈਟਰ ਅਤੇ 20 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਸ ਨੇ ਤਿੰਨਾਂ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਸ਼ੈਰੀ ਕਲਸੀ ਦੀ ਅਗਵਾਈ ਹੇਠ ਜਲੰਧਰ-ਅੰਮ੍ਰਿਤਸਰ ਬਾਈਪਾਸ ਨਿਰਵਾਣਾ ਰਿਜ਼ੋਰਟ ਤੋਂ ਲੈ ਕੇ ਅਗਰਸੈਨ ਚੌਂਕ ਤੱਕ ਸਟਰੀਟ ਲਾਈਟਾਂ ਲੋਕ ਸਮਰਪਤ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਜਲੰਧਰ-

• ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਲਈ ਕੀਤੇ ਗਏ ਖਾਸ ਉਪਰਾਲੇ

ਅੰਮ੍ਰਿਤਸਰ ਬਾਈਪਾਸ ਨਿਰਵਾਣਾ ਰਿਜ਼ੋਰਟ ਤੋਂ ਲੈ ਕੇ ਅਗਰਸੈਨ ਚੌਂਕ ਤੱਕ ਸਟਰੀਟ ਲਾਈਟਾਂ ਦਾ ਉਦਘਾਟਨ ਕੀਤਾ ਗਿਆ। ਵਿਧਾਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿਤ ਕਲਸੀ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਦੀ ਮੌਜੂਦਗੀ ਵਿੱਚ ਉਨ੍ਹਾਂ ਵਲੋਂ ਆਪਣੇ ਸਾਥੀਆਂ ਨਾਲ ਲਾਈਟਾਂ ਦਾ ਉਦਘਾਟਨ ਕੀਤਾ ਗਿਆ ਹੈ ਜਿਸ ਨਾਲ ਇਥੋਂ ਦੇ ਵਸਨੀਕਾਂ ਅਤੇ ਰਾਹਗੀਰਾਂ ਨੂੰ ਵੱਡੀ ਸਹੂਲਤ ਮਿਲੀ ਹੈ।ਉਨ੍ਹਾ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ



ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜ਼ ਗਤੀ ਨਾਲ ਕਰਵਾਏ ਗਏ ਹਨ।ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ।ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਦੀ ਯਾਦ ਵਿੱਚ ਉਸਾਰੇ ਨਵੇਂ ਚੌਂਕ ਦਾ ਉਦਘਾਟਨ ਕਰਕੇ ਲੋਕ ਸਮਰਪਿਤ ਕੀਤਾ ਗਿਆ ਹੈ। ਇਸ ਚੌਂਕ ਵਿੱਚ ਸ਼ਾਨਦਾਰ ਲਾਈਟਾਂ ਵੀ ਲਗਾਈਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦਾ ਮੁੱਖ ਉਦੇਸ਼ ਬਟਾਲੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਤੇ ਦਫਤਰਾਂ ਤੋਂ ਮੁਸ਼ਕਿਲਾਂ ਨਾਲ ਜੂਝ ਰਹੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨਾ ਹੈ, ਜਿਸ ਲਈ ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਇਸ ਮੌਕੇ ਦੁਕਾਨਦਾਰਾਂ ਤੇ ਵਸਨੀਕਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਲਾਈਟਾਂ ਲੱਗਣ ਨਾਲ ਉਨ੍ਹਾਂ ਨੂੰ ਬਹੁਤ ਰਾਹਤ ਮਿਲੀ ਹੈ ਅਤੇ ਸਵੇਰੇ ਤੜਕਸਾਰ ਅਤੇ ਰਾਤ ਸਮੇਂ ਸਟਰੀਟ ਲਾਈਟਾਂ ਲੱਗਣ ਨਾਲ ਬਹੁਤ ਲਾਭ ਮਿਲੇਗਾ। ਉਨ੍ਹਾਂ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਲਈ ਵਿਧਾਇਕ ਸ਼ੈਰੀ ਕਲਸੀ ਵਲੋਂ ਜ਼ਿਕਰਯੋਗ ਉਪਰਾਲੇ ਕੀਤੇ ਗਏ ਹਨ।

# ਮੰਗਾਂ ਦੀ ਪੂਰਤੀ ਨਾ ਹੋਣ ਕਰਕੇ ਰੋਸ ਪ੍ਰਦਰਸ਼ਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਸੂਬਾ ਕਮੇਟੀ ਦੇ ਸੱਦੇ 'ਤੇ ਜ਼ਿਲ੍ਹਾ ਇਕਾਈ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਸ਼ਮਸ਼ੇਰ ਸਿੰਘ ਠਾਕੁਰ ਜਨਰਲ ਸਕੱਤਰ ਤੇਜਿੰਦਰ ਸਿੰਘ ਢਿੱਲੋਂ ਜ਼ਿਲ੍ਹਾ ਮੁੱਖ ਬੁਲਾਰਾ, ਗੁਰਮੁੱਖ ਸਿੰਘ ਚਾਹਲ ਜ਼ਿਲ੍ਹਾ ਵਿੱਤ ਸਕੱਤਰ ਅਤੇ ਅਤੁੱਲ ਸ਼ਰਮਾ ਮੀਡੀਆ ਇੰਚਾਰਜ ਦੀ ਅਗਵਾਈ ਹੇਠ ਮੰਗਾਂ ਦੀ ਪੂਰਤੀ ਨਾ ਹੋਣ ਕਰਕੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਮੰਗ ਕੀਤੀ ਕਿ ਮੁਲਾਜ਼ਮਾਂ ਦੀਆਂ ਪੈਂਡਿੰਗ ਡੀ.ਏ ਦੀਆਂ ਕਿਸ਼ਤਾਂ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, 4,9,14 ਏ.ਸੀ.ਪੀ.ਸਕੀਮ ਬਹਾਲ ਕਰਨਾ, ਤਰਸ ਦੇ ਆਧਾਰ 'ਤੇ ਭਰਤੀ ਹੋਏ ਕਲਰਕਾਂ ਨੂੰ ਟਾਈਪ ਟੈਸਟ ਤੋਂ ਛੋਟ ਦੇ ਕੇ ਕੰਪਿਊਟਰ ਕੋਰਸ ਲਾਗੂ ਕਰਨਾ ਤਨਖ਼ਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨਾ, ਕੱਟੇ ਗਏ ਭੱਤੇ ਬਹਾਲ ਕਰਨਾ ਆਦਿ ਮੰਗਾਂ ਦੀ ਪੂਰਤੀ ਤੁਰੰਤ ਕੀਤੇ ਜਾਣ ਦੀ ਮੰਗ ਕੀਤੀ ਗਈ।

# ਡੀ ਸੀ ਦਫਤਰਾਂ ਸਾਹਮਣੇ ਦਿੱਤੇ ਜਾ ਰਹੇ ਅੱਜ ਦੇ ਧਰਨੇ 'ਚ ਪੈਨਸ਼ਨਰ ਵਧ-ਚੜ੍ਹ ਕੇ ਸ਼ਾਮਲ ਹੋਣਗੇ : ਸੁਰਿੰਦਰ ਪੱਪੂ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਟਰਾਂਸਕੋ ਪੈਨਸ਼ਨਰ ਐਸੋਸੀਏਸ਼ਨ ਰਜਿ. ਨੰਬਰ 56 ਦੇ ਸਰਕਲ ਗੁਰਦਾਸਪੁਰ ਦੇ ਸਰਕਲ ਸਕੱਤਰ ਤੇ ਟੀ ਐਸ ਯੂ ਪੰਜਾਬ ਦੇ ਸਾਬਕਾ ਵਿੱਤ ਸਕੱਤਰ ਸੁਰਿੰਦਰ ਪੱਪੂ ਨੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਰਲ ਕੇ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਦਾ ਘਾਣ ਕਰ ਰਹੀ ਹੈ ਅਤੇ ਇਨ੍ਹਾਂ ਲੋਕਾਂ ਨੂੰ ਮਿਲਦੀਆਂ ਮੁਫ਼ਤ ਸਹੂਲਤਾਂ ਬੰਦ ਕਰਨ ਜਾ ਰਹੀ ਹੈ ਕਿਉਂਕਿ ਕੇਂਦਰ ਸਰਕਾਰ ਪਾਰਲੀਮੈਂਟ ਅੰਦਰ ਬਿਜਲੀ ਸੋਧ ਬਿਲ 2025, ਸੀਡ ਬਿਲ 2025, ਚਾਰ ਲੇਬਲ ਕਾਨੂੰਨ ਲਾਗੂ ਕਰਨ ਜਾ ਰਹੀ ਹੈ ਜਿਸ ਨੂੰ ਪੰਜਾਬ ਦੇ ਬਹਾਦਰ ਪੈਨਸ਼ਨਰ, ਮੁਲਾਜ਼ਮ, ਕਿਸਾਨ, ਮਜ਼ਦੂਰ ਕਦੀ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਇਹ ਬਿਜਲੀ ਬਿੱਲ 2025, ਸੀਡ ਬਿੱਲ 2025, ਚਾਰ ਲੇਬਰ ਕਾਨੂੰਨ, ਪਾਵਰਕਾਮ ਅਤੇ ਹੋਰ ਜ਼ਮੀਨਾਂ ਆਪਣੇ ਚਹੇਤਿਆਂ ਨੂੰ ਮੁਫ਼ਤ ਵਿੱਚ ਵੇਚਣ ਜਾ ਰਹੀ ਪੰਜਾਬ ਅਤੇ ਕੇਂਦਰ ਸਰਕਾਰ ਦੇ ਖਿਲਾਫ ਸੰਯੁਕਤ ਕਿਸਾਨ ਮੋਰਚੇ ਵੱਲੋਂ 16 ਜਨਵਰੀ ਨੂੰ ਡਿਪਟੀ ਕਮਿਸ਼ਨਰ ਸਾਹਮਣੇ ਧਰਨਾ ਦਿੱਤਾ ਜਾ ਰਿਹਾ ਹੈ ਜਿਸ ਵਿੱਚ ਸਰਕਲ ਗੁਰਦਾਸਪੁਰ ਦੇ ਪਾਵਰਕਾਮ ਤੇ ਪੈਨਸ਼ਨਰ ਵੱਧ ਚੜ੍ਹ ਕੇ ਸ਼ਾਮਿਲ ਹੋਣਗੇ ਜੋ ਸੰਯੁਕਤ ਮੋਰਚੇ ਵੱਲੋਂ ਦਿੱਤੇ ਜਾ ਰਹੇ ਧਰਨੇ ਨੂੰ ਕਾਮਯਾਬ ਕਰਨਗੇ। ਇਸ ਸਬੰਧੀ ਸਰਕਲ ਗੁਰਦਾਸਪੁਰ ਵੱਲੋਂ ਹੰਗਾਮੀ ਮੀਟਿੰਗ ਕਰਕੇ ਪੈਨਸ਼ਨਰਾਂ ਨੂੰ ਇਸ ਧਰਨੇ ਵਿੱਚ ਵਧ ਚੜ੍ਹ ਕੇ ਸ਼ਾਮਿਲ ਹੋਣ ਲਈ ਕਿਹਾ ਗਿਆ ਅਤੇ ਕਈ ਪੈਨਸ਼ਨਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਤਾਂ ਜੋ ਪਾਵਰਕਾਮ ਤੇ ਹੋਰ ਵੇਚੀਆਂ ਜਾ ਰਹੀਆਂ ਜ਼ਮੀਨਾਂ ਵੇਚਣੀਆਂ ਬੰਦ ਕਰਵਾਉਣ ਦੇ ਨਾਲ-ਨਾਲ ਬਿਜਲੀ ਬਿਲ 2025, ਸੀਡ ਬਿਲ 2025 ਅਤੇ ਚਾਰ ਲੇਬਰ ਕਾਨੂੰਨ ਰੱਦ ਕਰਵਾਏ ਜਾ ਸਕਣ।



# ਨਵਜੰਮੇ ਬੱਚਿਆਂ ਦੀ ਵਿਸ਼ੇਸ਼ ਦੇਖਭਾਲ ਦੀ ਲੋੜ ਹੁੰਦੀ : ਲਿਵਾਸਾ ਹਸਪਤਾਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜਿਆਦਾ ਉਮਰ ਵਿੱਚ ਗਰਭ ਅਵਸਥਾ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਤੇ ਅਨੀਮੀਆ ਉੱਚ ਜੋਖਮ ਵਾਲੀ ਗਰਭ ਅਵਸਥਾ ਵਿੱਚ ਮਹੱਤਵਪੂਰਣ



ਯੋਗਦਾਨ ਪਾਉਂਦੀਆਂ ਹਨ। ਵੀਰਵਾਰ ਨੂੰ ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਵਿਖੇ ਪ੍ਰੈੱਸ ਕਾਨਫਰੰਸ ਵਿੱਚ ਸੀਨੀਅਰ ਸਲਾਹਕਾਰ-ਓਬਸਟੈਟ੍ਰਿਕਸ ਅਤੇ ਗਾਇਨੀਕੋਲੋਜੀ, ਡਾ. ਸੁਹਾਸਿਨੀ ਗੁਪਤਾ ਨੇ ਕਿਹਾ ਕਿ ਗਰਭ ਅਵਸਥਾ ਅਤੇ ਜਣੇਪੇ ਦੌਰਾਨ ਪੇਚੀਦਗੀਆਂ ਨੂੰ ਰੋਕਣ ਵਿੱਚ ਐਮਰਜੈਂਸੀ ਪ੍ਰਸੂਤੀ ਦੇਖਭਾਲ ਦੀ ਜਲਦੀ ਪਛਾਣ, ਨਿਰੰਤਰ ਨਿਗਰਾਨੀ ਅਤੇ ਉਪਲਬਧਤਾ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਲਿਵਾਸਾ ਵਿਖੇ, ਮਾਵਾਂ ਨੂੰ ਢਾਂਚਾਗਤ ਜਨਮ ਤੋਂ ਪਹਿਲਾਂ ਦੀ ਦੇਖਭਾਲ, ਉੱਨਤ ਭਰੂਣ ਦੀ ਨਿਗਰਾਨੀ, ਸੁਰੱਖਿਅਤ ਜਣੇਪੇ ਦੇ ਅਭਿਆਸਾਂ ਅਤੇ ਲੋੜ ਪੈਣ 'ਤੇ ਗੰਭੀਰ ਦੇਖਭਾਲ ਸਹਾਇਤਾ ਤੱਕ ਤੁਰੰਤ ਪਹੁੰਚ ਤੋਂ ਲਾਭ ਹੁੰਦਾ ਹੈ। ਨਵਜੰਮੇ ਬੱਚਿਆਂ ਅਤੇ ਬੱਚਿਆਂ ਦੀ ਸਿਹਤ ਬਾਰੇ ਗੱਲ ਕਰਦਿਆਂ, ਪ੍ਰਿੰਸੀਪਲ ਸਲਾਹਕਾਰ-ਬਾਲ ਰੋਗ, ਡਾ. ਪ੍ਰਦੀਪ ਢੀਂਗਰਾ ਨੇ ਜ਼ੋਰ ਦੇ ਕੇ ਕਿਹਾ ਕਿ ਜਨਮ ਤੋਂ ਬਾਅਦ ਦੇ ਪਹਿਲੇ ਕੁਝ ਘੰਟੇ ਤੇ ਦਿਨ ਨਵਜੰਮੇ ਬੱਚੇ ਦੇ ਬਚਾਅ ਅਤੇ ਲੰਬੇ ਸਮੇਂ ਦੇ ਵਿਕਾਸ ਲਈ ਮਹੱਤਵਪੂਰਨ ਹਨ। ਡਾ. ਢੀਂਗਰਾ ਨੇ ਇਹ ਵੀ ਦੱਸਿਆ ਕਿ ਕਿਵੇਂ ਸਮੇਂ ਤੋਂ ਪਹਿਲਾਂ ਪੈਦਾ ਹੋਏ ਬੱਚਿਆਂ, ਘੱਟ ਜਨਮ ਦੇ ਭਾਰ ਵਾਲੇ ਬੱਚਿਆਂ ਅਤੇ ਸਾਹ ਲੈਣ ਵਿੱਚ ਮੁਸ਼ਕਲ ਵਾਲੇ ਨਵਜੰਮੇ ਬੱਚਿਆਂ ਜਾਂ ਪੀਲੀਆ ਨੂੰ ਵਿਸ਼ੇਸ਼ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ।

# ਐਚ ਡੀ ਐਫ ਸੀ ਬੈਂਕ ਮੁੰਬਈ ਮੈਰਾਥਨ 2026 'ਚ ਹਿੱਸਾ ਲੈਣ ਵਾਲੀ ਸਭ ਤੋਂ ਵੱਡੀ ਕਾਰਪੋਰੇਟ ਟੀਮ

**ਅੰਮ੍ਰਿਤਸਰ**- ਐਚ ਡੀ ਐਫ ਸੀ ਬੈਂਕ ਆਪਣੇ ਸੀ ਐਸ ਆਰ ਪ੍ਰੋਗਰਾਮ ਪਰਿਵਰਤਨ ਰਾਹੀਂ ਕੈਂਸਰ ਜਾਗਰੂਕਤਾ ਅਤੇ ਜਲਦੀ ਪਤਾ ਲਗਾਉਣ ਦਾ ਸਮਰਥਨ ਕਰਨ ਲਈ 18 ਜਨਵਰੀ ਨੂੰ ਟਾਟਾ ਮੁੰਬਈ ਮੈਰਾਥਨ 2026 ਵਿੱਚ ਹਿੱਸਾ ਲੈਣ ਲਈ ਲਗਭਗ 1,500 ਕਰਮਚਾਰੀਆਂ ਨੂੰ ਲਾਮਬੰਦ ਕਰੇਗਾ। ਬੈਂਕ ਨੇ ਇੰਡੀਅਨ ਕੈਂਸਰ ਸੋਸਾਇਟੀ (ਆਈ.ਸੀ.ਐਸ.) ਨਾਲ ਭਾਈਵਾਲੀ ਕੀਤੀ ਹੈ, ਜੋ ਕਿ ਕੈਂਸਰ ਦੀ ਦੇਖਭਾਲ ਲਈ ਸਮਰਪਿਤ ਭਾਰਤ ਦੀ ਸਭ ਤੋਂ ਪੁਰਾਣੀ ਗੈਰ-ਮੁਨਾਫ਼ਾ ਸੰਸਥਾ ਹੈ। ਮੈਰਾਥਨ ਬਾਰੇ ਬੋਲਦੇ ਹੋਏ ਐਚ ਡੀ ਐਫ ਸੀ ਬੈਂਕ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਕੈਜ਼ਾਦ ਭਰੂਚਾ ਨੇ ਕਿਹਾ, ਸਾਨੂੰ ਜਾਗਰੂਕਤਾ ਪੈਦਾ ਕਰਨ, ਜਲਦੀ ਪਤਾ ਲਗਾਉਣ ਨੂੰ ਉਤਸ਼ਾਹਿਤ ਕਰਨ ਅਤੇ ਸਾਰਿਆਂ ਨੂੰ ਯਾਦ ਦਿਵਾਉਣ ਲਈ ਇੰਡੀਅਨ ਕੈਂਸਰ ਸੋਸਾਇਟੀ ਦੇ ਨਾਲ ਖੜ੍ਹੇ ਹੋਣ 'ਤੇ ਮਾਣ ਹੈ ਕਿ ਛੋਟੇ ਕਦਮ ਜੀਵਨ ਬਦਲਣ ਵਾਲਾ ਪ੍ਰਭਾਵ ਪਾ ਸਕਦੇ ਹਨ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ 'ਚ ਨੈਸ਼ਨਲ ਪ੍ਰੋਗਰਾਮਾਂ ਦਾ ਰੀਵਿਊ

**ਗੁਰਦਾਸਪੁਰ (ਜਨਕ ਮਹਾਜਨ)**- ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਹੋਈ ਜਿਸ ਵਿੱਚ ਸਿਹਤ ਵਿਭਾਗ ਸਮੇਤ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਅਦਿੱਤਿਆ ਉੱਪਲ ਨੇ ਕਿਹਾ ਕਿ ਸਰਦੀ ਦੇ ਮੌਸਮ ਦੇ ਮੱਦੇਨਜ਼ਰ ਸਮੂਹ ਸਿਹਤ ਸੰਸਥਾਵਾਂ ਵਿੱਚ ਹੀਟਰ ਸਮੇਤ ਲੋੜੀਂਦੇ ਪ੍ਰਬੰਧ ਕੀਤੇ ਜਾਣ। ਨਸ਼ਾ ਮੁਕਤੀ ਅਤੇ ਪੁਨਰਵਾਸ ਕੇਂਦਰਾਂ ਵਿੱਚ ਦਾਖਲ ਮਰੀਜ਼ਾਂ ਦਾ





ਪੂਰਾ ਧਿਆਨ ਰੱਖਿਆ ਜਾਵੇ। ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਵਿਕਾਸ ਪ੍ਰੋਜੈਕਟਾਂ ਦਾ ਰੀਵਿਊ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ 9 ਨਵੇਂ ਆਮ ਆਦਮੀ ਕਲੀਨਿਕ ਬਣਾਏ ਜਾ ਰਹੇ ਹਨ। ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਵਿਖੇ ਐਮ.ਸੀ.ਐਚ ਵਿੰਗ, ਡੀ ਈ ਆਈ ਸੀ, ਆਈ.ਆਈ.ਪੀ.ਐਚ ਲੈਬ, ਕ੍ਰਿਟੀਕਲ ਕੇਅਰ ਯੂਨਿਟ ਦਾ ਕੰਮ ਪੂਰਾ ਹੋ ਚੁੱਕਾ ਹੈ, ਜਿਨ੍ਹਾਂ ਦਾ ਜਲਦ ਉਦਘਾਟਨ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਇਲਾਵਾ 3 ਅਰਬਨ ਪੀ.ਐਚ.ਸੀ ਅਤੇ 4 ਰੂਰਲ ਸਬ ਸੈਂਟਰ ਦਾ ਕੰਮ ਵੀ ਸ਼ੁਰੂ ਕੀਤਾ ਗਿਆ ਹੈ। ਡੇਰਾ ਬਾਬਾ ਨਾਨਕ ਵਿੱਚ ਲੈਬਾਰਟਰੀ, ਟਰਾਮਾ ਵਾਰਡ, ਕਲਾਨੌਰ ਵਿਖੇ ਟਰਾਮਾ ਵਾਰਡ ਦਾ ਕੰਮ ਵੀ ਪੂਰਾ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਨਰਸਿੰਗ ਕਾਲਜ ਸੇਖਵਾਂ ਦਾ ਰੀਵਿਊ ਕਰਦਿਆਂ ਕਿਹਾ ਕਿ ਨਰਸਿੰਗ ਕਾਲਜ ਵਿੱਚ ਉਸਾਰੇ ਗਏ ਹੋਸਟਲ ਨੂੰ ਹੋਰ ਬਿਹਤਰ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਨਰਸਿੰਗ ਕਾਲਜ ਸੇਖਵਾਂ ਵਿਖੇ ਪੜ੍ਹਾਈ ਕਰਨ ਲਈ ਲੋੜਵੰਦ ਵਿਦਿਆਰਥੀਆਂ, ਜੋ ਹੋਸਟਲ ਵਿੱਚ ਰਹਿਣਾ ਚਾਹੁੰਦੇ ਹਨ, ਉਨ੍ਹਾਂ ਨੂੰ ਮਦਦ ਮੁਹੱਈਆ ਕਰਵਾਈ ਜਾਵੇਗੀ। ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਨੇ ਦੱਸਿਆ ਕਿ ਟੀ.ਬੀ ਮੁਕਤ ਮੁਹਿੰਮ ਦੌਰਾਨ ਸਕਰੀਨਿੰਗ ਵਧਾਈ ਜਾ ਰਹੀ ਹੈ। ਗਰਭਵਤੀ ਮਾਵਾਂ ਦਾ ਮਹੀਨਾਵਾਰ ਚੈਕਅਪ ਯਕੀਨੀ ਬਣਾਇਆ ਗਿਆ ਹੈ। ਇਸ ਮੌਕੇ ਡੀ.ਐਮ.ਸੀ ਡਾ. ਰਵਿੰਦਰ ਸਿੰਘ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾਕਟਰ ਤੇਜਿੰਦਰ ਕੌਰ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਭਾਵਨਾ ਸ਼ਰਮਾ, ਜ਼ਿਲ੍ਹਾ ਸਿਹਤ ਅਫਸਰ ਡਾ. ਅੰਕੁਰ, ਡਾਕਟਰ ਗੁਰਪ੍ਰੀਤ ਕੌਰ, ਡਾਕਟਰ ਮਮਤਾ, ਡਾਕਟਰ ਵੰਦਨਾ, ਸੀਨੀਅਰ ਮੈਡੀਕਲ ਅਫਸਰ ਡਾਕਟਰ ਅਮਰਦੀਪ ਸਿੰਘ ਬੈਂਸ, ਡਾਕਟਰ ਲਖਵਿੰਦਰ ਸਿੰਘ, ਡਾ. ਸੰਦੀਪ ਸਿੰਘ, ਡਾ. ਲਲਿਤ ਮੋਹਨ, ਡਾ. ਮਨਿਦਰਜੀਤ ਸਿੰਘ, ਡਾ. ਅਨੀਤਾ ਆਦਿ ਹਾਜ਼ਰ ਸਨ।

# ਧੁੰਦ ਤੇ ਕੜਾਕੇ ਦੀ ਠੰਢ ਨੇ ਤੋੜੇ ਰਿਕਾਰਡ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪਿਛਲੇ ਕਈ ਦਿਨਾਂ ਤੋਂ ਇਲਾਕੇ ਵਿੱਚ ਸੰਘਣੀ ਧੁੰਦ ਤੇ ਕੜਾਕੇ ਦੀ ਠੰਢ ਨੇ ਆਪਣਾ ਕਹਿਰ ਢਾਹਿਆ ਹੋਇਆ ਹੈ। ਤਾਪਮਾਨ ਵਿੱਚ ਲਗਾਤਾਰ ਗਿਰਾਵਟ ਤੇ ਸਵੇਰੇ ਦੇ ਸਮੇਂ ਧੁੰਦ ਕਾਰਨ ਨਾ ਦੇ ਬਰਾਬਰ ਦਿਖਾਈ ਦਿੰਦਾ ਹੈ,ਜਿਸ ਨਾਲ ਆਮ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ



ਪ੍ਰਗਟਾਵਾ ਕਰਦੇ ਹੋਏ ਮੁਲਾਜ਼ਮ ਆਗੂ ਗੁਰਜਿੰਦਰ ਸਿੰਘ ਮੰਝਪੁਰ ਨੇ ਕਿਹਾ ਕੀ ਇਹਨਾ ਹਾਲਾਤਾਂ ਵਿੱਚ ਸਭ ਤੋਂ ਵੱਧ ਪ੍ਰੇਸ਼ਾਨੀ ਸਕੂਲ ਜਾਣ ਵਾਲੇ ਬੱਚਿਆਂ ਨੂੰ ਝੱਲਣੀ ਪੈ ਰਹੀ ਹੈ। ਸਵੇਰ ਦੇ ਸਮੇਂ ਬੱਸਾਂ ਰਾਹੀਂ ਸਕੂਲਾਂ ਵਿੱਚ ਪਹੁੰਚਣ ਵਾਲੇ ਬੱਚਿਆਂ ਲਈ ਧੁੰਦ ਹੋਰ ਵੀ ਖਤਰਨਾਕ ਸਾਬਤ ਹੋ ਸਕਦੀ ਹੈ। ਇਸ ਗੰਭੀਰ ਸਥਿਤੀ ਨੂੰ ਦੇਖਦੇ ਹੋਏ ਗੁਰਜਿੰਦਰ ਸਿੰਘ ਮੰਝਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ, ਪੰਜਾਬ ਦੇ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਪਾਸੋਂ ਪੁਰਜ਼ੋਰ ਮੰਗ ਕੀਤੀ ਜਾ ਰਹੀ ਹੈ ਕਿ ਬੱਚਿਆਂ ਨੂੰ ਤੁਰੰਤ ਰਾਹਤ ਦਿੱਤੀ ਜਾਵੇ ਅਤੇ ਅਪਰ ਪ੍ਰਾਇਮਰੀ ਸਕੂਲਾਂ ਦੇ ਸਮੇਂ ਵਿੱਚ ਫੌਰੀ ਤੌਰ 'ਤੇ ਤਬਦੀਲੀ ਕਰਕੇ 11:00 ਤੋਂ 3:00 ਵਜੇ ਦਾ ਕੀਤਾ ਜਾਵੇ ਅਤੇ ਧੁੰਦ ਤੇ ਠੰਡ ਦੇ ਮੱਦੇਨਜ਼ਰ ਨਰਸਰੀ ਤੋਂ ਪ੍ਰਾਇਮਰੀ ਤੱਕ ਸਕੂਲਾਂ ਦੇ ਬੱਚਿਆਂ ਲਈ ਕੁਝ ਦਿਨਾਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਜਾਵੇ।

# ਧਾਰੀਵਾਲ ਕਲਾਂ 'ਚ ਬਾਬਾ ਅਜੈਬ ਸਿੰਘ ਤੇ ਮੁਹੱਲਾ ਵਾਸੀਆਂ ਸਾਂਝੇ ਤੌਰ 'ਤੇ ਮਨਾਈ ਲੋਹੜੀ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਪਿੰਡ ਧਾਰੀਵਾਲ ਕਲਾਂ ਦੀ ਚੀਮਾ ਪੱਤੀ ਵਿੱਚ ਉਘੇ ਸਮਾਜਸੇਵੀ ਬਾਬਾ ਅਜੈਬ ਸਿੰਘ ਨਿਊ ਸੂਰਜ ਟਰਾਂਸਪੋਰਟ ਵਾਲਿਆਂ ਦੇ ਪ੍ਰਬੰਧਾਂ ਹੇਠ ਮੁਹੱਲਾ ਵਾਸੀਆਂ ਨੇ ਲੋਹੜੀ ਦਾ ਤਿਉਹਾਰ ਸਾਂਝੇ ਤੌਰ 'ਤੇ ਮਨਾ ਕੇ ਆਪਸੀ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ। ਇਸ ਮੌਕੇ ਭੁੱਗਾ ਬਾਲਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਚੀਮਾ ਪੱਤੀ ਦੇ ਗ੍ਰੰਥੀ ਬਾਬਾ ਦਲਜੀਤ ਸਿੰਘ ਗਿੱਲਮੰਜ ਵਾਲਿਆਂ ਦੁਆਰਾ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਉਪਰੰਤ ਭੁੱਗਾ ਬਾਲਣ ਕੇ ਲੋਹੜੀ ਦੀਆਂ ਖੁਸ਼ੀਆਂ ਸਾਂਝੀਆਂ ਕਰਦਿਆਂ ਮੂੰਗਫਲੀ, ਜਵਾਰ ਦੇ ਫੁੱਲੇ, ਚਿਰਵੜੇ, ਗੁੜ ਦੀਆਂ ਰਿਓੜੀਆਂ ਤੇ ਗਚਕ ਅਤੇ ਖਜੂਰਾਂ ਆਦਿ ਸਾਰਿਆਂ ਨੂੰ ਵੰਡੇ ਗਏ ਅਤੇ ਢੋਲ ਦੇ ਡਗੇ 'ਤੇ ਭੰਗੜੇ ਪਾਏ ਗਏ। ਭੰਗੜਾ ਪਾਉਂਦੇ ਛੋਟੇ ਬੱਚੇ ਅਤੇ ਬਜ਼ੁਰਗ ਇਸ ਮੌਕੇ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਮੁੱਖ ਪ੍ਰਬੰਧਕ ਬਾਬਾ ਅਜੈਬ ਸਿੰਘ ਨੇ ਕਿਹਾ ਲੋਹੜੀ ਦਾ ਤਿਉਹਾਰ ਦਾ ਪੰਜਾਬੀ ਸੱਭਿਆਚਾਰ ਵਿੱਚ ਅਹਿਮ ਸਥਾਨ ਹੈ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਸਾਨੂੰ ਅਜਿਹੇ ਤਿਉਹਾਰ ਸਾਰਿਆਂ ਨੂੰ ਰਲ-ਮਿਲ ਕੇ ਸਾਂਝੇ ਤੌਰ 'ਤੇ



ਮਨਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਜਿਥੇ ਅਸੀਂ ਪੁੱਤਰਾਂ ਦੀ ਲੋਹੜੀ ਵੰਡਦੇ ਹਾਂ, ਉਥੇ ਧੀਆਂ ਨੂੰ ਵੀ ਉਨ੍ਹਾਂ ਦੇ ਬਰਾਬਰ ਦਾ ਮਾਣ ਸਤਿਕਾਰ ਦੇਣਾ ਚਾਹੀਦਾ ਹੈ ਅਤੇ ਧੀਆਂ ਦੀ ਲੋਹੜੀ ਵੀ ਵੰਡਣੀ ਚਾਹੀਦੀ ਹੈ। ਬਾਬਾ ਅਜੈਬ ਸਿੰਘ ਨੇ ਕਿਹਾ ਅਜੋਕੇ ਵਿਗਿਆਨਿਕ ਯੁੱਗ ਵਿੱਚ ਪੁੱਤਰਾਂ ਦੇ ਮੁਕਾਬਲੇ ਧੀਆਂ ਵੀ ਹਰੇਕ ਖੇਤਰ ਵਿੱਚ ਵੱਡੇ ਪੱਧਰ ਤੇ ਮੱਲਾਂ ਮਾਰ ਰਹੀਆਂ ਹਨ। ਉਨ੍ਹਾਂ ਕਿਹਾ ਧੀਆਂ ਨੂੰ ਚੰਗੇ ਸੰਸਕਾਰ ਦਿੰਦੇ ਹੋਏ ਵਧੇਰੇ ਪੜ੍ਹਾਉਣਾ ਚਾਹੀਦਾ ਹੈ, ਤਾਂ ਕਿ ਉਹ ਭਵਿੱਖ ਵਿੱਚ ਆਤਮ ਨਿਰਭਰ ਹੋ ਕੇ ਚੰਗੇ ਸਮਾਜ ਦੀ ਸਿਰਜਣਾ ਕਰ ਸਕਣ। ਇਸ ਮੌਕੇ ਬਾਬਾ ਅਜੈਬ ਸਿੰਘ ਨਿਊ ਸੂਰਜ ਟਰਾਂਸਪੋਰਟ ਵਾਲੇ, ਮੰਗਲ ਸਿੰਘ, ਕਸ਼ਮੀਰ ਸਿੰਘ, ਸਰੂਪ ਸਿੰਘ, ਸੰਤੋਖ ਸਿੰਘ ਫੌਜੀ, ਕਰਮਜੀਤ ਸਿੰਘ ਚੀਮਾ, ਬਲਬੀਰ ਕੌਰ ਖਾਲਸਾ, ਗੁਰਜੱਪ ਕੌਰ, ਮਨਜੋਤ ਕੌਰ, ਹਰਜੱਪ ਸਿੰਘ, ਪਰਨੀਤ ਕੌਰ, ਰਾਜਵੀਰ ਕੌਰ, ਮਨਮੀਤ ਸਿੰਘ, ਸਹਿਬਾਜ ਸਿੰਘ, ਸਹਿਜਵੀਰ ਸਿੰਘ, ਹਰਸਰੀਤ ਕੌਰ, ਗੁਰਮਹਿਕ ਕੌਰ,ਅਨੁਰੀਤ ਕੌਰ, ਗੁਰਨੂਰ ਸਿੰਘ, ਕਰਨਦੀਪ ਸਿੰਘ, ਜਸ਼ਨਪ੍ਰੀਤ ਕੌਰ, ਮਨਸੀਰਤ ਕੌਰ, ਸਤਿੰਦਰ ਕੌਰ, ਹਰਪ੍ਰੀਤ ਕੌਰ, ਗੁਰਮੀਤ ਕੌਰ, ਹਰਜਿੰਦਰ ਕੌਰ ਚੀਮਾ, ਬਲਵਿੰਦਰ ਕੌਰ, ਪ੍ਰਦੀਪ ਕੌਰ ਹਾਜਰ ਸਨ।

# ਕਲਸੀ ਦੀ ਰਹਿਨੁਮਾਈ ਹੇਠ 7 ਕਰੋੜ ਰੁਪਏ ਦੇ ਸਰਟੀਫਿਕੇਟ ਪੱਕੇ ਮਕਾਨ ਬਣਾਉਣ ਲਈ ਵੰਡੇ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਹਲਕੇ ਅੰਦਰ ਜਿਥੇ ਸਰਬਪੱਖੀ ਵਿਕਾਸ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ, ਓਥੇ ਲੋੜਵੰਦ




ਪਰਵਾਰਾਂ ਨੂੰ ਆਰਥਿਕ ਲਾਭ ਪੁਜਦਾ ਕਰਦਿਆਂ ਕੱਚੇ ਮਕਾਨਾਂ ਵਾਲੇ 269 ਲਾਭਪਾਤਰੀਆਂ ਨੂੰ ਕਰੀਬ 7 ਕਰੋੜ ਰੁਪਏ ਦੀ ਰਾਸ਼ੀ ਦੇ ਸਰਟੀਫਿਕੇਟ ਵੰਡੇ।ਇਸ ਸਬੰਧੀ ਕਰਵਾਏ ਸਮਾਗਮ ਵਿਚ ਮਾਨਿਕ ਮਹਿਤਾ, ਚੇਅਰਮੈਨ ਮਾਰਕਿਟ ਬਟਾਲਾ ਨੇ ਵਿਸ਼ੇਸ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਬਲਾਕ ਪ੍ਰਧਾਨ ਮਾਸਟਰ ਤਿਲਕ ਰਾਜ, ਭੁਪਿੰਦਰ ਸਿੰਘ ਅਤੇ ਪਾਰਟੀ ਦੇ ਵਲੰਟੀਅਰ ਆਦਿ ਹਾਜ਼ਰ ਹਨ।ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ 24 ਘੰਟੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਅਤੇ ਹਲਕੇ ਅੰਦਰ ਵਿਕਾਸ ਕੰਮਾਂ ਲਈ ਤਤਪਰ ਰਹਿੰਦੇ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋਂ ਸਾਡੀ ਸਾਰੀ ਟੀਮ ਦੀ ਡਿਊਟੀ ਲਗਾਈ ਸੀ ਕਿ ਲੋੜਵੰਦ ਪਰਿਵਾਰਾਂ ਨੂੰ ਪੱਕੇ ਮਕਾਨ ਬਨਾਉਣ ਲਈ ਸਰਟੀਫਿਕੇਟ ਵੰਡੇ ਜਾਣ।ਉਨ੍ਹਾਂ ਦੱਸਿਆ ਕਿ ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਭਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਸ਼ਹਿਰ ਵਿੱਚ ਖੂਬਸੂਰਤ ਪਾਰਕ ਉਸਾਰਨ ਦੇ ਨਾਲ ਚੌਂਕਾਂ ਨੂੰ ਚੌੜਿਆਂ ਕੀਤਾ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ। ਮੁਹੱਲਾ ਕਲੀਨਿਕ ਸ਼ੁਰੂ ਕੀਤੇ ਗਏ ਹਨ । ਸਰਕਾਰੀ ਸਕੂਲਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਗਈ ਹੈ। ਸਕੂਲਾਂ ਵਿੱਚ ਨਵੇਂ ਕਮਰੇ, ਕਮਰਿਆਂ ਦਾ ਨਵੀਨੀਕਰਨ, ਚਾਰਦੀਵਾਰੀ ਸਮੇਤ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਚੁੱਕੇ ਹਨ।

# ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 19 ਤੋਂ

**ਗੁਰਦਾਸਪੁਰ (ਜਨਕ ਮਹਾਜਨ)**- ਵਰਿਆਮ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਅਰੀ ਫਾਰਮਰਾਂ ਲਈ 2 ਹਫਤੇ ਦਾ ਡੇਅਰੀ ਸਿਖਲਾਈ ਕੋਰਸ 19 ਜਨਵਰੀ ਤੋਂ 30 ਜਨਵਰੀ ਡੇਅਰੀ ਸਿਖਲਾਈ ਕੇਂਦਰ ਵੇਰਕਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਚਲਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਵਿਖੇ 19 ਜਨਵਰੀ ਤੱਕ ਅਰਜ਼ੀਆਂ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ 19 ਜਨਵਰੀ ਤੋਂ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ ਵੇਰਕਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸੰਬੰਧਤ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ ਜੋ ਘੱਟੋ ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸੰਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਪ੍ਰਤੀਸ਼ਤ ਜਨਰਲ ਅਤੇ 33 ਪ੍ਰਤੀਸ਼ਤ ਅ: ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ। ਚਾਹਵਾਨ ਲੜਕੇ/ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।



# ਟਰੈਫਿਕ ਨਿਯਮਾਂ ਸੰਬੰਧੀ ਜਾਗਰੂਕਤਾ ਸੈਮੀਨਾਰ



**ਗੁਰਦਾਸਪੁਰ (ਜਨਕ ਮਹਾਜਨ)**- ਟਰੈਫਿਕ ਪੁਲਸ ਵਲੋਂ ਐਸ.ਐਸ.ਪੀ ਅਦਿਤਿਆ ਦੀ ਅਗਵਾਈ ਹੇਠ ਮਨਾਏ ਜਾ ਰਹੇ ਰੋਡ ਸੇਫਟੀ ਮੰਥ ਸਬੰਧੀ ਭਾਈ ਲਾਲੋ ਚੌਕ ਤਿਬੜੀ ਰੋਡ ਵਿਖੇ ਆਮ ਪਬਲਿਕ ਅਤੇ ਟੂ ਵੀਲਰਾਂ ਨੂੰ ਇਕੱਠਿਆਂ ਕਰਕੇ ਰੋਡ ਸੇਫਟੀ ਮੰਥ ਸਬੰਧੀ ਭਾਈ ਲਾਲੋ ਚੌਕ ਤਿਬੜੀ ਰੋਡ ਵਿਖੇ ਸੈਮੀਨਾਰ ਲਗਾਇਆ ਗਿਆ। ਏ.ਐਸ.ਆਈ ਸੰਜੀਵ ਕੁਮਾਰ ਅਤੇ ਅਮਨਦੀਪ ਸਿੰਘ ਨੇ ਦੱਸਿਆ ਕਿ ਜਾਗਰੂਕਤਾ ਸੈਮੀਨਾਰ ਵਿੱਚ ਰੋਡ ਸੇਫਟੀ ਬਾਰੇ ਜਾਣਕਾਰੀ ਦਿੱਤੀ ਗਈ, ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਵਾਸਤੇ ਪ੍ਰੇਰਿਤ ਕੀਤਾ ਗਿਆ। ਟੂ ਵੀਲਰ 'ਤੇ ਹਮੇਸ਼ਾ ਦੋ ਸਵਾਰੀਆਂ ਹੀ ਬੈਠਣ ਲਈ ਦੱਸਿਆ ਗਿਆ ਅਤੇ ਧੁੰਦ ਦੇ ਮੌਸਮ ਵਿੱਚ ਚੱਲਣ ਸਮੇਂ ਵਰਤਣ ਵਾਲੀਆਂ ਸਾਵਧਾਨੀਆਂ ਜਿਵੇਂ ਕਿ ਰੋਡ ਚਿੰਨ੍ਹ, ਰੋਡ ਲਾਈਨ, ਬਲਿੰਕਿੰਗ ਬਾਰੇ ਦੱਸਿਆ ਗਿਆ। ਹਮੇਸ਼ਾ ਹੈਲਮਟ ਲਾ ਕੇ ਸਫਰ ਕਰਨ ਸਬੰਧੀ ਦੱਸਿਆ ਗਿਆ, ਰੋਡ ਐਕਸੀਡੈਂਟ ਪੀੜਤ ਦੀ ਮਦਦ ਲਈ ਅੱਗੇ ਆਉਣ ਲਈ ਦੱਸਿਆ ਗਿਆ। ਸੈਮੀਨਾਰ ਵਿੱਚ ਜਰਨੈਲ ਸਿੰਘ ਅਤੇ ਅਨਿਲ ਕੁਮਾਰ ਆਦਿ ਨੇ ਹਿੱਸਾ ਲਿਆ।

# ਖਾਲਸਾ ਯੂਨੀਵਰਸਿਟੀ ਨੇ 'ਵਿਰਾਸਤ-ਏ-ਪੰਜਾਬ' ਲੋਹੜੀ ਦਾ ਜਸ਼ਨ ਮਨਾਇਆ

## ਆਧੁਨਿਕ ਯੁੱਗ 'ਚ ਲੜਕੇ ਦੀ ਹੀ ਨਹੀਂ ਲੜਕੀ ਦੀ ਵੀ ਲੋਹੜੀ ਮੰਗੀ ਜਾਂਦੀ ਹੈ : ਡਾ. ਸੁਰਿੰਦਰ ਕੌਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਯੂਨੀਵਰਸਿਟੀ ਵੱਲੋਂ 'ਵਿਰਾਸਤ-ਏ-ਪੰਜਾਬ' ਲੋਹੜੀ ਦਾ ਜਸ਼ਨ ਬੜ੍ਹੇ ਜੋਸ਼ੋ—ਖਰੋਸ਼ ਨਾਲ ਮਨਾਇਆ ਗਿਆ।'ਵਰਸਿਟੀ ਅਤੇ ਅੰਤਰਰਾਸ਼ਟਰੀ ਸੱਭਿਆਚਾਰਕ ਮੰਚ (ਯੂ. ਐੱਸ. ਏ., ਕੈਨੇਡਾ, ਯੂ. ਕੇ., ਭਾਰਤ) ਦੇ ਸਾਂਝੇ ਸਹਿਯੋਗ ਨਾਲ ਕਰਵਾਏ ਉਕਤ ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨ—ਏ—ਖਾਸ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਮੈਂਬਰ ਅਤੇ ਸਾਬਕਾ ਪ੍ਰਿੰਸੀਪਲ ਡਾ. ਸੁਖਬੀਰ ਕੌਰ ਮਾਹਲ, ਮੁੱਖ ਮਹਿਮਾਨ ਖਾਲਸਾ 'ਵਰਸਿਟੀ ਤੋਂ ਡੀਨ ਭਾਸ਼ਾਵਾਂ ਤੇ ਮੁੱਖੀ ਪੰਜਾਬੀ ਵਿਭਾਗ ਡਾ. ਰਮਿੰਦਰ ਕੌਰ, ਅਕਾਦਮਿਕ ਡੀਨ ਡਾ. ਸੁਰਿੰਦਰ ਕੌਰ, ਸਾਬਕਾ ਜ਼ਿਲ੍ਹਾ ਭਾਸ਼ਾ ਅਫਸਰ, ਗੁਰਦਾਸਪੁਰ—ਅੰਮ੍ਰਿਤਸਰ ਅਤੇ ਨੈਸ਼ਨਲ ਐਵਾਰਡੀ ਡਾ. ਪਰਮਜੀਤ ਸਿੰਘ ਕਲਸੀ, ਇਨਕਮ ਟੈਕਸ ਭਾਰਤ ਸਰਕਾਰ ਸਹਾਇਕ ਡਾਇਰੈਕਟਰ ਸ੍ਰੀ ਬਜਿੰਦਰ ਸਿੰਘ, ਸਮਾਜ ਸੇਵੀ ਸ: ਸਤਬੀਰ ਸਿੰਘ ਤੇ ਹੋਰ ਸਖਸ਼ੀਅਤਾਂ ਨੇ ਭੁੱਗਾ ਬਾਲਣ ਦੀ ਰਸਮ ਅਦਾ ਕਰਕੇ ਕੀਤੀ।ਇਸ ਮੌਕੇ ਡਾ. ਮਾਹਲ ਨੇ ਲੋਹੜੀ ਦੀ ਵਧਾਈ ਦਿੰਦਿਆਂ ਕਿਹਾ ਕਿ ਲੋਹੜੀ ਦਾ ਸੱਭਿਆਚਾਰਕ ਮਹੱਤਵ ਹੈ ਕਿਉਂਕਿ ਇਹ ਲੋਕਾਂ ਨੂੰ ਇਕਜੁਟ ਕਰਦਿਆਂ ਏਕਤਾ ਸ਼ਕਤੀ ਵਜੋਂ ਕੰਮ ਕਰਦੀ



ਹੈ। ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਪੰਜਾਬੀ ਵਿਸ਼ਵ ਦੀ ਨਾਮੀ ਗਾਇਕਾ ਬੀਬੀ ਰਣਜੀਤ ਕੌਰ ਨੂੰ ਪਦਮ ਵਿਭੂਸ਼ਣ ਗੁਰਮੀਤ ਬਾਵਾ ਯਾਦਗਾਰੀ ਐਵਾਰਡ ਭੇਂਟ ਕਰਦਿਆਂ ਨਗਦ ਰਾਸ਼ੀ, ਸਨਮਾਨ ਪੱਤਰ ਅਤੇ ਲੋਈ ਦਿੱਤੀ ਗਈ।ਇਸ ਤੋਂ ਇਲਾਵਾ ਲੋਕ ਗਾਇਕਾ ਗਲੋਰੀ ਬਾਵਾ, ਪੰਜਾਬੀ ਸੱਭਿਆਚਾਰਕ ਗਾਇਕ ਔਜਲਾ ਬ੍ਰਦਰ, ਬੀਬੀ ਰਣਜੀਤ ਕੌਰ ਅਤੇ ਗਾਇਕਾ ਬੀਬਾ ਕਮਲ ਸਿੱਧੂ ਨੇ ਆਪਣੇ ਫਨ ਦਾ ਸ਼ਾਨਦਾਰ ਮੁਜ਼ਾਹਰਾ ਕਰਕੇ ਹਾਜ਼ਰੀਨ ਨੂੰ ਝੂਮਣ ਲਾ ਦਿੱਤਾ।ਉਨ੍ਹਾਂ ਕਿਹਾ ਕਿ ਸਵਰਨ ਸਿੰਘ ਗਿੱਲ ਮੋਗਾ, ਗੀਤਕਾਰ ਹਰਵਿੰਦਰ ਟਿਵਾਣਾ ਯੂ. ਐੱਸ. ਏ., ਡਾ. ਜਸਵਿੰਦਰ ਕੌਰ, ਡਾ. ਸੁਕੀਰਤ ਸਿੰਘ, ਸਤਬੀਰ ਸਿੰਘ, ਵੀਡਿਓ ਡਾਇਰੈਕਟਰ ਗੱਗੀ ਸਿੰਘ, ਕੁਲਵਿੰਦਰ ਕੌਰ, ਲਲਿਤ ਮਹਿਤਾ, ਜੋਤੀ ਸਹਿਗਲ, ਖਾਲਸਾ ਕਾਲਜ ਫਾਰ ਵੂਮੈਨ ਪੰਜਾਬੀ ਵਿਭਾਗ ਮੁੱਖੀ ਡਾ. ਰਵਿੰਦਰ ਕੌਰ, ਡਾ. ਗੁਰਵੰਤ ਸਿੰਘ, ਡਾ. ਰਵਿੰਦਰ ਕੌਰ, ਸੋਹਨ ਸਿੰਘ ਗੈਦੂ ਦੁਸਾਂਝ, ਤਸਵਿੰਦਰ ਸਿੰਘ ਵੜੈਚ, ਬਜਿੰਦਰ ਸਿੰਘ, ਸਤਵੰਤ ਕੌਰ ਸੱਤੀ, ਨਿਰਮਲ ਕੌਰ, ਬਲਜੀਤ ਕੌਰ ਆਦਿ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

ਉਕਤ ਪ੍ਰੋਗਰਾਮ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਤੇ ਭਲਾਈ ਅਫਸਰ, ਗੁਰਦਾਸਪੁਰ ਡਾ. ਕਿਰਤਪ੍ਰੀਤ ਕੌਰ, ਗੁਰਮਿੰਦਰ ਕੌਰ, ਰੀਨਾ ਹੰਸ, ਮਹਿਕਪ੍ਰੀਤ ਸਿੰਘ, ਮਲਕਪ੍ਰੀਤ ਕੌਰ ਤੋਂ ਇਲਾਵਾ ਹੋਰ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਲੋਹੜੀ ਦਾ ਤਿਉਹਾਰ ਮਨਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਲੋਹੜੀ ਦਾ ਤਿਉਹਾਰ ਬੜੀ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮਿਲ ਕੇ ਲੋਹੜੀ ਦਾ ਭੁੱਗਾ ਲਗਾਇਆ ਅਤੇ ਰਿਵਾਇਤੀ ਗੀਤ ਗਾਏ। ਲੋਕ ਭੁੱਗੇ ਦੇ ਆਲੇ-ਦੁਆਲੇ ਘੇਰਾ ਪਾ ਕੇ ਰੱਬ ਦਾ ਧੰਨਵਾਦ ਕਰਦੇ ਹਨ ਅਤੇ ਇਸ ਵਿੱਚ ਤਿਲ, ਮੂੰਗਫਲੀ, ਰੇਵੜੀਆਂ ਪਾ ਕੇ ਪੂਜਾ ਕੀਤੀ ਜਾਂਦੀ ਹੈ ਅਤੇ ਸਭ ਦੀ ਭਲਾਈ ਲਈ ਅਰਦਾਸ ਕੀਤੀ ਜਾਂਦੀ ਹੈ। ਇਹ ਸਾਨੂੰ ਮਿਲਜੁਲ ਕੇ ਰਹਿਣ, ਪਿਆਰ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੀ ਹੈ।ਇਸ ਮੌਕੇ ਵਿਦਿਆਰਥੀਆਂ ਨੇ ਭੰਗੜਾ ਅਤੇ ਗਿੱਧਾ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਬੱਚਿਆਂ ਨੂੰ ਲੋਹੜੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਪੰਜਾਬੀ ਸੱਭਿਆਚਾਰ ਨੂੰ ਸੰਭਾਲ ਕੇ ਰੱਖਣ ਦਾ ਸੰਦੇਸ਼ ਦਿੱਤਾ ।ਇਸ ਮੌਕੇ ਤਿਲ, ਮੂੰਗਫਲੀ, ਰੇਵੜੀਆਂ ਵੰਡੀਆਂ ਗਈਆਂ। ਅੰਤ ਵਿੱਚ ਸਭ ਨੇ ਇਕ ਦੂਜੇ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਖੁਸ਼ਹਾਲ ਭਵਿੱਖ ਦੀ ਕਾਮਨਾ ਕੀਤੀ।

16-Jan-PAGE-4.qxd 1/15/2026 10:51 PM Page 1

ਨਵਾਂ ਜ਼ਮਾਨਾ

ਸ਼ੁੱਕਰਵਾਰ, 16 ਜਨਵਰੀ 2026

# ਮਨੁੱਖਤਾ ਦਾ ਘਾਣ

ਇੱਕੀਵੀਂ ਸਦੀ ਦੀ ਵਿਸ਼ਵ ਸਿਆਸਤ ਕਿਸੇ ਨੈਤਿਕ ਪ੍ਰਗਤੀ ਦਾ ਸੰਕੇਤ ਨਹੀਂ ਦਿੰਦੀ, ਸਗੋਂ ਮਨੁੱਖ ਦੇ ਬੌਧਿਕ ਵਿਕਾਸ ਦੇ ਨਾਲ-ਨਾਲ ਉਸ ਦੇ ਨੈਤਿਕ ਪਤਨ ਦੀ ਗਵਾਹੀ ਵੀ ਦਿੰਦੀ ਹੈ। ਇਹ ਉਹ ਦੌਰ ਹੈ, ਜਿੱਥੇ ਸ਼ਕਤੀ, ਤਕਨੀਕ ਤੇ ਪੂੰਜੀ ਨੇ ਸਿਆਸਤ ਨੂੰ ਇਸ ਹੱਦ ਤੱਕ ਆਪਣੇ ਅਧੀਨ ਕਰ ਲਿਆ ਹੈ ਕਿ ਮਨੁੱਖਤਾ ਸਿਰਫ ਭਾਸ਼ਣਾਂ ਤੇ ਮੈਨੀਫੈਸਟੋਆਂ ਦੀ ਸ਼ੋਭਾ ਬਣ ਕੇ ਰਹਿ ਗਈ ਹੈ। ਸੀਤ ਜੰਗ ਦੀ ਸਮਾਪਤੀ ਦੇ ਬਾਅਦ ਇਹ ਵਿਸ਼ਵਾਸ ਪੈਦਾ ਕੀਤਾ ਗਿਆ ਸੀ ਕਿ ਹੁਣ ਦੁਨੀਆ ਵਿਚਾਰਧਾਰਾਵਾਂ ਦੇ ਟਕਰਾਅ ਤੋਂ ਮੁਕਤ ਸਹਿਯੋਗ, ਸਹਿਹੋਂਦ ਤੇ ਕੌਮਾਂਤਰੀ ਕਾਨੂੰਨ ਵੱਲ ਵਧੇਗੀ, ਪਰ ਇਹ ਵਿਸ਼ਵਾਸ ਬਹੁਤ ਛੇਤੀ ਇੱਕ ਭਰਮ ਸਿੱਧ ਹੋਇਆ। 'ਨਿਯਮ-ਅਧਾਰਤ ਕੌਮਾਂਤਰੀ ਵਿਵਸਥਾ' ਦਰਅਸਲ ਉਨ੍ਹਾਂ ਨਿਯਮਾਂ ਦੀ ਵਿਵਸਥਾ ਸੀ, ਜਿਨ੍ਹਾਂ ਨੂੰ ਸ਼ਕਤੀਸ਼ਾਲੀ ਰਾਸ਼ਟਰ ਆਪਣੀ ਸਹੂਲਤ ਮੁਤਾਬਕ ਲਾਗੂ ਕਰਦੇ ਜਾਂ ਮੁਲਤਵੀ ਕਰ ਦਿੰਦੇ ਹਨ। ਅਮਰੀਕਾ ਇਸ ਵਿਵਸਥਾ ਦਾ ਸਭ ਤੋਂ ਵੱਡਾ ਸੰਚਾਲਕ ਤੇ ਸਭ ਤੋਂ ਵੱਡਾ ਉਲੰਘਣਕਰਤਾ ਰਿਹਾ ਹੈ। ਦੂਜੀ ਸੰਸਾਰ ਜੰਗ ਦੇ ਬਾਅਦ ਉਸ ਨੇ ਖੁਦ ਨੂੰ ਲੋਕਤੰਤਰ, ਮਨੁੱਖੀ ਅਧਿਕਾਰਾਂ ਤੇ ਆਜ਼ਾਦੀ ਦਾ ਰਾਖਾ ਐਲਾਨਿਆ, ਪਰ ਇਰਾਕ ਤੋਂ ਲੈ ਕੇ ਅਫਗਾਨਿਸਤਾਨ ਤੱਕ, ਲੀਬੀਆ ਤੋਂ ਲੈ ਕੇ ਸੀਰੀਆ ਅਤੇ ਵੈਨੇਜ਼ੁਏਲਾ ਤੱਕ ਉਸ ਦੀ ਫੌਜੀ ਤੇ ਆਰਥਕ ਦਖਲਅੰਦਾਜ਼ੀ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਲੋਕਤੰਤਰ ਉਸ ਲਈ ਕੋਈ ਨੈਤਿਕ ਪ੍ਰਤੀਬੱਧਤਾ ਨਹੀਂ, ਸਗੋਂ ਇੱਕ ਰਣਨੀਤਕ ਔਜ਼ਾਰ ਹੈ। ਜਿਨ੍ਹਾਂ ਦੇਸ਼ਾਂ ਵਿੱਚ ਉਸ ਦੀਆਂ ਨੀਤੀਆਂ ਮੁਤਾਬਕ ਸਰਕਾਰਾਂ ਹੁੰਦੀਆਂ ਹਨ, ਉੱਥੇ ਲੋਕਤੰਤਰ ਸੁਰੱਖਿਅਤ ਐਲਾਨ ਦਿੱਤਾ ਜਾਂਦਾ ਹੈ ਤੇ ਜਿੱਥੇ ਲੋਕ ਆਪਣੀ ਪਸੰਦ ਨਾਲ ਕੋਈ ਬਦਲ ਚੁਣਦੇ ਹਨ, ਉੱਥੇ ਤਾਨਾਸ਼ਾਹੀ, ਦਹਿਸ਼ਤਗਰਦੀ ਜਾਂ ਅਸਥਿਰਤਾ ਦਾ ਠੱਪਾ ਲਾ ਦਿੱਤਾ ਜਾਂਦਾ ਹੈ। ਇਸ ਦੋਹਰੇ ਮਾਪਦੰਡ ਨੇ ਕੌਮਾਂਤਰੀ ਸਿਆਸਤ ਨੂੰ ਨੈਤਿਕਤਾ ਤੋਂ ਲੱਗਭੱਗ ਪੂਰੀ ਤਰ੍ਹਾਂ ਵੱਖ ਕਰ ਦਿੱਤਾ ਹੈ। ਸੰਯੁਕਤ ਰਾਸ਼ਟਰ ਵਰਗੀਆਂ ਸੰਸਥਾਵਾਂ, ਜਿਨ੍ਹਾਂ ਤੋਂ ਇਹ ਉਮੀਦ ਸੀ ਕਿ ਉਹ ਵਿਸ਼ਵੀ ਇਨਸਾਫ ਦੀ ਆਵਾਜ਼ ਬਣਨਗੀਆਂ, ਅੱਜ ਸ਼ਕਤੀਸ਼ਾਲੀ ਦੇਸ਼ਾਂ ਦੀ ਸਿਆਸਤ ਦੇ ਅੱਗੇ ਲੱਗਭੱਗ ਮੌਨ ਹਨ। ਸਲਾਮਤੀ ਕੌਂਸਲ ਦੀ ਵੀਟੋ ਪ੍ਰਣਾਲੀ ਨੇ ਇਨਸਾਫ ਨੂੰ ਸੰਤੁਲਤ ਕਰਨ ਦੀ ਥਾਂ ਉਸ ਨੂੰ ਬੰਦੀ ਬਣਾ ਲਿਆ ਹੈ। ਗਾਜ਼ਾ ਵਿੱਚ ਬੱਚਿਆਂ ਦੀਆਂ ਲਾਸ਼ਾਂ, ਸੀਰੀਆ ਦੇ ਤਬਾਹ ਸ਼ਹਿਰ, ਯਮਨ ਦੀ ਭੁੱਖੀ ਆਬਾਦੀ ਤੇ ਅਫਰੀਕਾ ਦੇ ਅੰਤਹੀਣ ਗ੍ਰਹਿ ਯੁੱਧ—ਇਹ ਸਭ ਕੌਮਾਂਤਰੀ ਵਿਵਸਥਾ ਦੀ ਨਾਕਾਮੀ ਨਹੀਂ, ਸਗੋਂ ਉਸ ਦੀਆਂ ਤਰਜੀਹਾਂ ਦਾ ਨਤੀਜਾ ਹਨ। ਜਦੋਂ ਪੱਛਮੀ ਦੇਸ਼ਾਂ ਦੇ ਨਾਗਰਿਕ ਮਾਰੇ ਜਾਂਦੇ ਹਨ ਤਾਂ ਪੂਰੀ ਦੁਨੀਆ ਸੋਗ ਵਿੱਚ ਡੁੱਬ ਜਾਂਦੀ ਹੈ, ਪਰ ਜਦ ਫਲਸਤੀਨੀ, ਇਰਾਕੀ ਜਾਂ ਯਮਨੀ ਬੱਚੇ ਮਾਰੇ ਜਾਂਦੇ ਹਨ ਤਾਂ ਉਸ ਨੂੰ ਪੇਚੀਦਾ ਸਥਿਤੀ ਕਹਿ ਕੇ ਟਾਲ ਦਿੱਤਾ ਜਾਂਦਾ ਹੈ। ਇਹ ਚੋਣਵੀਂ ਸੰਵੇਦਨਾ ਹੀ ਵਿਸ਼ਵ ਸਿਆਸਤ ਦੀ ਸਭ ਤੋਂ ਭਿਆਨਕ ਖਾਸੀਅਤ ਹੈ।

ਈਰਾਨ ਦਾ ਸਵਾਲ ਵੀ ਇਸੇ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਉੱਥੋਂ ਦੀ ਧਾਰਮਿਕ ਕੱਟੜਤਾ ਤੇ ਅੰਦਰੂਨੀ ਦਮਨ ਆਪਣੀ ਥਾਂ ਇੱਕ ਗੰਭੀਰ ਸਮੱਸਿਆ ਹੈ, ਪਰ ਉਸ 'ਤੇ ਪੱਛਮੀ ਗੁੱਸੇ ਤੇ ਰੋਕਾਂ ਦੀਆਂ ਸੁਰਾਂ ਉਦੋਂ ਤੇਜ਼ ਹੁੰਦੀਆਂ ਹਨ, ਜਦ ਈਰਾਨ ਉਨ੍ਹਾਂ ਦੀਆਂ ਰਣਨੀਤਕ ਯੋਜਨਾਵਾਂ ਵਿੱਚ ਅੜਿੱਕਾ ਬਣਦਾ ਹੈ। ਸਾਊਦੀ ਅਰਬ ਵਰਗੇ ਦੇਸ਼ਾਂ ਵਿੱਚ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਦੀ ਸਥਿਤੀ ਉੱਤੇ ਉਹੀ ਸ਼ਕਤੀਆਂ ਚੁੱਪ ਰਹਿੰਦੀਆਂ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਵਿਸ਼ਵੀ ਸਿਆਸਤ ਵਿੱਚ ਨੈਤਿਕਤਾ ਸਥਾਈ ਨਹੀਂ, ਸਗੋਂ ਹਾਲਾਤ ਮੁਤਾਬਕ ਚਲਦੀ ਹੈ। ਦੱਖਣੀ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਅੱਜ ਵੀ ਇਸ ਸਿਆਸਤ ਦੇ ਸਭ ਤੋਂ ਵੱਡੇ ਪੀੜਤ ਹਨ। ਇੱਥੋਂ ਦੇ ਲੋਕ ਬਸਤੀਵਾਦ ਦੇ ਬਾਅਦ ਵੀ ਆਜ਼ਾਦ ਨਹੀਂ ਹੋ ਸਕੇ, ਕਿਉਂਕਿ ਆਰਥਕ ਨਿਰਭਰਤਾ ਨੇ ਸਿਆਸੀ ਆਜ਼ਾਦੀ ਨੂੰ ਖੋਖਲਾ ਕਰ ਦਿੱਤਾ। ਕੌਮਾਂਤਰੀ ਮਾਲੀ ਫੰਡ ਤੇ ਵਿਸ਼ਵ ਬੈਂਕ ਵਰਗੀਆਂ ਸੰਸਥਾਵਾਂ ਵਿਕਾਸ ਦੇ ਨਾਂਅ 'ਤੇ ਅਜਿਹੇ ਢਾਂਚੇ ਮੜ੍ਹਦੀਆਂ ਹਨ, ਜੋ ਇਨ੍ਹਾਂ ਦੇਸ਼ਾਂ ਨੂੰ ਕਰਜ਼ ਤੇ ਨਾਬਰਾਬਰੀ ਦੇ ਚੱਕਰ ਵਿੱਚ ਫਸਾਈ ਰੱਖਦੇ ਹਨ। ਕੁਦਰਤੀ ਵਸੀਲਿਆਂ ਦੀ ਲੁੱਟ ਹੁਣ ਫੌਜੀ ਹਮਲਿਆਂ ਨਾਲ ਨਹੀਂ, ਸਗੋਂ ਕਾਰਪੋਰੇਟ ਸਮਝੌਤਿਆਂ ਤੇ ਵਪਾਰਕ ਸੰਧੀਆਂ ਰਾਹੀਂ ਹੁੰਦੀ ਹੈ। ਇਹ ਇੱਕ ਨਵਾਂ ਬਸਤੀਵਾਦ ਹੈ, ਜਿਹੜਾ ਬੰਦੂਕ ਦੀ ਥਾਂ ਕਾਨਟ੍ਰੈਕਟ ਤੇ ਬਾਜ਼ਾਰ ਦੀ ਭਾਸ਼ਾ ਬੋਲਦਾ ਹੈ।

ਵਿਸ਼ਵ ਸਿਆਸਤ ਦਾ ਸੰਕਟ ਸੱਤਾ ਦਾ ਨਹੀਂ, ਸੰਵੇਦਨਾ ਦਾ ਸੰਕਟ ਹੈ। ਜਦੋਂ ਤੱਕ ਵਿਸ਼ਵੀ ਫੈਸਲਾ-ਪ੍ਰਕਿਰਿਆ ਵਿੱਚ ਮਨੁੱਖ ਨੂੰ ਕੇਂਦਰ ਵਿੱਚ ਨਹੀਂ ਰੱਖਿਆ ਜਾਵੇਗਾ, ਉਦੋਂ ਤੱਕ ਕਿਸੇ ਨਵੇਂ ਵਿਸ਼ਵ ਨਿਜ਼ਾਮ ਦੀ ਗੱਲ ਸਿਰਫ ਭਰਮ ਹੋਵੇਗੀ। ਅੱਜ ਲੋੜ ਹੈ ਕਿ ਸਿਆਸਤ ਨੂੰ ਮੁੜ ਤੋਂ ਨੈਤਿਕ ਸਵਾਲਾਂ ਨਾਲ ਜੋੜਿਆ ਜਾਵੇ- ਇਹ ਪੁੱਛਿਆ ਜਾਵੇ ਕਿ ਵਿਕਾਸ ਕਿਸ ਲਈ, ਸੁਰੱਖਿਆ ਕਿਸ ਦੀ ਅਤੇ ਅਮਨ ਕਿਸ ਕੀਮਤ 'ਤੇ। ਜੇ ਇਹ ਸਵਾਲ ਨਹੀਂ ਉੱਠੇ ਤਾਂ ਆਉਣ ਵਾਲਾ ਸਮਾਂ ਹੋਰ ਵੀ ਵੱਧ ਹਿੰਸਕ, ਨਾਬਰਾਬਰ ਤੇ ਅਣਮਨੁੱਖੀ ਹੋਵੇਗਾ। ਵਿਸ਼ਵ ਸਿਆਸਤ ਅੱਜ ਇੱਕ ਦੋਰਾਹੇ 'ਤੇ ਖੜ੍ਹੀ ਹੈ, ਜਿੱਥੋਂ ਇੱਕ ਰਾਹ ਸ਼ਕਤੀ ਦੇ ਹੋਰ ਕੇਂਦਰੀਕਰਨ ਵੱਲ ਜਾਂਦਾ ਹੈ ਤੇ ਦੂਜਾ ਰਾਹ ਸਹਿਯੋਗ, ਇਨਸਾਫ ਤੇ ਰਹਿਮਦਿਲੀ ਦੀ ਪੁਨਰ-ਸਥਾਪਨਾ ਵੱਲ। ਬਦਕਿਸਮਤੀ ਨਾਲ ਹੁਣ ਤੱਕ ਚੁਣਿਆ ਗਿਆ ਰਾਹ ਪਹਿਲਾ ਹੀ ਹੈ। ਪਰ ਇਤਿਹਾਸ ਇਹ ਵੀ ਦੱਸਦਾ ਹੈ ਕਿ ਕੋਈ ਵੀ ਵਿਵਸਥਾ ਅਨੰਤ ਨਹੀਂ ਹੁੰਦੀ। ਜਦੋਂ ਬੇਇਨਸਾਫੀ ਆਪਣੀ ਸਿਖਰ 'ਤੇ ਪੁੱਜਦੀ ਹੈ ਤਾਂ ਮੁਜ਼ਾਹਮਤ ਜਨਮ ਲੈਂਦੀ ਹੈ। ਸਵਾਲ ਸਿਰਫ ਏਨਾ ਹੈ ਕਿ ਕੀ ਮੁਜ਼ਾਹਮਤ ਸਮਾਂ ਰਹਿੰਦਿਆਂ ਮਨੁੱਖਤਾ ਨੂੰ ਬਚਾ ਸਕੇਗੀ ਜਾਂ ਫਿਰ ਵਿਸ਼ਵ ਸਿਆਸਤ ਆਪਣੇ ਹੀ ਭਾਰ ਨਾਲ ਢਹਿ ਜਾਣ ਦੇ ਬਾਅਦ ਕੋਈ ਨਵਾਂ ਤੇ ਵਧੇਰੇ ਪੀੜਾਦਾਇਕ ਅਧਿਆਇ ਲਿਖੇਗੀ।

## ਕੌੜਾ ਵਿਅੰਗ !

ਸ਼ਹਿਦ ਦੇ ਨਾਲੋਂ ਮਿੱਠਾ ਯਾਰੋ,
ਇੱਕ ਮੈਂ ਜ਼ਹਿਰ ਬਣਾ ਲੈਂਦਾ ਹਾਂ।
ਨ.ਫਰਤ ਵਾਲਾ ਟੀਕਾ ਲਾ ਕੇ,
ਆਪਣਾ ਫਰਜ਼ ਨਿਭਾ ਲੈਂਦਾ ਹਾਂ।
ਕਈ ਵਾਰ ਤਾਂ ਭੁੱਲ-ਭੁਲੇਖੇ,
ਆਪਣੇ ਆਪ ਨੂੰ ਲਾ ਲੈਂਦਾ ਹਾਂ।
ਇਸ ਦਾ ਜਦੋਂ ਰੀਐਕਸ਼ਨ ਹੁੰਦਾ,
ਖ਼ੁਦ ਦਾ ਘਰ ਸੜਵਾ ਲੈਂਦਾ ਹਾਂ।
ਫੇਸ ਬੁੱਕ 'ਤੇ ਜ਼ਹਿਰ ਛਿੜਕ ਕੇ,
ਥੋੜ੍ਹਾ ਬਹੁਤ ਕਮਾ ਲੈਂਦਾ ਹਾਂ।
ਜਦੋਂ ਬਸੰਤਰ ਘਰ ਵੱਲ ਆਂਦੀ,
ਦਰ ਦਰਵਾਜ਼ੇ ਲਾ ਲੈਂਦਾ ਹਾਂ।
ਲੱਗੀਆਂ ਅੱਗਾਂ ਸੇਕ-ਸੇਕ ਕੇ,
ਝੁੱਗਾ ਚੌੜ ਕਰਾ ਲੈਂਦਾ ਹਾਂ।
ਘਰ ਦੇਖ ਕੇ ਸੜਿਆ ਆਪਣਾ,
ਸਭ ਨੂੰ ਮੀਤ ਬਣਾ ਲੈਂਦਾ ਹਾਂ।

-ਗੁਲਪੁਰ

# ਅਜੀਤ ਡੋਵਾਲ ਦੀ 'ਬਦਲੇ ਦੀ ਗੱਲ' ਖ਼ਤਰਨਾਕ ਨਤੀਜਿਆਂ ਨਾਲ ਭਰੀ ਹੋਈ



ਡਾ. ਅਰੁਣ ਮਿੱਤਰਾ

ਵਿਰੋਧਾਭਾਸਾਂ ਨਾਲ ਭਰੇ ਆਪਣੇ ਭਾਸ਼ਣ ਵਿੱਚ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਬਹੁਤ ਹੀ ਸੂਖਮ ਪਰ ਸਪੱਸ਼ਟ ਢੰਗ ਨਾਲ ਨੌਜਵਾਨਾਂ ਨੂੰ ਬਦਲੇ ਦੀ ਭਾਵਨਾ ਅਪਣਾਉਣ ਲਈ ਉਕਸਾਇਆ ਹੈ।10 ਜਨਵਰੀ 2026 ਨੂੰ 'ਵਿਕਸਤ ਭਾਰਤ ਯੰਗ ਲੀਡਰਜ਼ ਡਾਇਲਾਗ' ਵਿੱਚ ਲਗਭਗ 3,000 ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਬਦਲਾ ਚੰਗਾ ਸ਼ਬਦ ਨਹੀਂ, ਪਰ ਇਹ ਇੱਕ ਵੱਡੀ ਤਾਕਤ ਬਣ ਸਕਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਇਤਿਹਾਸ ਦਾ ਬਦਲਾ ਲਿਆ ਜਾਵੇ ਅਤੇ ਦੇਸ਼ ਨੂੰ ਮੁੜ ਮਹਾਨ ਬਣਾਇਆ ਜਾਵੇ, ਸਿਰਫ਼ ਸਰਹੱਦੀ ਸੁਰੱਖਿਆ ਹੀ ਨਹੀਂ, ਸਗੋਂ ਅਰਥ ਵਿਵਸਥਾ, ਸਮਾਜਿਕ ਵਿਕਾਸ ਅਤੇ ਹਰ ਹੋਰ ਖੇਤਰ ਵਿੱਚ ਵੀ।

ਸੋਮਨਾਥ ਮੰਦਰ ਵੱਲ ਟੇਢਾ ਇਸ਼ਾਰਾ ਕਰਦਿਆਂ ਉਨ੍ਹਾ ਕਿਹਾ ਕਿ ਭਾਰਤ ਨੇ ਭੂਤਕਾਲ ਵਿੱਚ ਬਹੁਤ ਦੁੱਖ ਸਹੇ ਹਨ ਅਤੇ ਹਮਲਿਆਂ ਤੇ ਅਧੀਨਤਾ ਦੇ ਦਰਦਨਾਕ ਇਤਿਹਾਸ ਦਾ ਬਦਲਾ ਲੈਣਾ ਲਾਜ਼ਮੀ ਹੈ। ਉਨ੍ਹਾਂ ਮਜ਼ਬੂਤ ਨੇਤ੍ਰਤਵ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਅਤੇ ਖ਼ਾਸ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਭਾਰਿਆ। ਆਪਣੀ ਗੱਲ ਨੂੰ ਮਜ਼ਬੂਤ ਕਰਨ ਲਈ ਉਨ੍ਹਾ ਨੇ ਨੈਪੋਲੀਅਨ ਦੀ ਕਹਾਵਤ ਦੱਸੀ: ਮੈਨੂੰ ਭੇਡ ਵੱਲੋਂ ਨੇਤ੍ਰਤਵ ਕੀਤੇ 1,000 ਸ਼ੇਰਾਂ ਤੋਂ ਡਰ ਨਹੀਂ ਲੱਗਦਾ, ਪਰ ਸ਼ੇਰ ਵੱਲੋਂ ਨੇਤ੍ਰਤਵ ਕੀਤੀਆਂ 1,000 ਭੇਡਾਂ ਤੋਂ ਡਰ ਲੱਗਦਾ ਹੈ। ਇਸ਼ਾਰਾ ਬਿਲਕੁਲ ਸਾਫ਼ ਸੀ—142 ਕਰੋੜ ਲੋਕਾਂ ਦੇ ਦੇਸ਼ ਦਾ ਸ਼ੇਰ ਨਰਿੰਦਰ ਮੋਦੀ ਨੂੰ ਦਰਸਾਉਣਾ।

ਉਨ੍ਹਾ ਇਹ ਵੀ ਕਿਹਾ ਕਿ ਭਾਰਤ ਨੇ ਕਦੇ ਕਿਸੇ 'ਤੇ ਹਮਲਾ ਨਹੀਂ ਕੀਤਾ, ਜਿਵੇਂ ਕਿ ਸਮਰਾਟ ਅਸ਼ੋਕ ਵੱਲੋਂ ਕਲਿੰਗਾ ਯੁੱਧ ਵਿੱਚ ਮਾਰੇ ਗਏ ਅਣਗਿਣਤ ਲੋਕਾਂ ਨੂੰ ਪੂਰੀ ਤਰ੍ਹਾਂ ਭੁਲਾ ਦਿੱਤਾ ਗਿਆ ਹੋਵੇ। ਉਨ੍ਹਾ ਇਹ ਵੀ ਨਜ਼ਰਅੰਦਾਜ਼ ਕਰ ਦਿੱਤਾ ਕਿ ਬੁੱਧ ਅਤੇ ਜੈਨ ਮੰਦਰ ਤੋੜ ਕੇ ਉਨ੍ਹਾਂ ਦੀ ਥਾਂ ਹਿੰਦੂ ਮੰਦਰ ਬਣਾਏ ਗਏ । ਇਸ ਤੋਂ ਇਲਾਵਾ, ਜਾਤੀ ਦੇ ਨਾਂਅ 'ਤੇ ਹੋਣ ਵਾਲਾ ਦਬਾਅ ਅਤੇ ਜ਼ੁਲਮ ਅਜਿਹੀ ਹਕੀਕਤ ਹੈ, ਜੋ ਦੁਨੀਆ ਦੇ ਹੋਰ ਕਿਸੇ ਹਿੱਸੇ ਵਿੱਚ ਵੀ ਇਸ ਰੂਪ ਵਿੱਚ ਨਹੀਂ ਮਿਲਦੀ।

ਇੱਕ ਸੋਚੀ-ਸਮਝੀ ਰਣਨੀਤੀ ਤਹਿਤ ਡੋਵਾਲ ਨੇ ਮਹਾਤਮਾ ਗਾਂਧੀ, ਭਗਤ ਸਿੰਘ ਅਤੇ ਸੁਭਾਸ਼ ਚੰਦਰ ਬੋਸ ਦੇ ਨਾਂਅ ਲਏ, ਪਰ ਆਪਣੇ ਪੂਰੇ ਭਾਸ਼ਣ ਦੌਰਾਨ ਉਨ੍ਹਾ ਮਿਲਵਰਤਨ, ਇਨਸਾਫ਼, ਹਾਸ਼ੀਏ 'ਤੇ ਧਕੇਲੇ ਗਏ ਵਰਗਾਂ ਲਈ ਬਰਾਬਰੀ ਜਾਂ ਲਿੰਗ ਸਮਾਨਤਾ ਪ੍ਰਤੀ ਉਨ੍ਹਾਂ ਦੀ ਸਾਂਝੀ ਵਚਨਬੱਧਤਾ ਬਾਰੇ ਇੱਕ ਸ਼ਬਦ ਵੀ ਨਹੀਂ ਕਿਹਾ।

ਹਜ਼ਾਰ ਸਾਲ ਪਹਿਲਾਂ ਹੋਏ ਕਥਿਤ ਜ਼ੁਲਮਾਂ ਦਾ ਬਦਲਾ ਲੈਣ 'ਤੇ ਉਨ੍ਹਾ ਦਾ ਮੁੜ-ਮੁੜ ਜ਼ੋਰ ਪਰੋਖੇ ਤੌਰ 'ਤੇ ਮੱਧਕਾਲੀਨ ਭਾਰਤ ਦੇ ਮੁਸਲਿਮ ਹਮਲਾਵਰਾਂ ਵੱਲ ਇਸ਼ਾਰਾ ਕਰਦਾ ਹੈ। ਇਹ ਕੋਈ ਇਤਫ਼ਾਕ ਨਹੀਂ ਕਿ ਠੀਕ ਅਗਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਨਾਥ ਮੰਦਰ ਵਿੱਚ ਇਸੇ ਤਰ੍ਹਾਂ ਦਾ ਭਾਸ਼ਣ ਦਿੱਤਾ ਅਤੇ ਦਾਅਵਾ ਕੀਤਾ ਕਿ ਮੰਦਰ ਦੀ ਸ਼ਾਨ ਮੁੜ ਬਹਾਲ ਹੋ ਗਈ ਹੈ, ਜਦਕਿ ਇਤਿਹਾਸਕ ਸੱਚ ਇਹ ਹੈ ਕਿ ਮੰਦਰ 1951 ਵਿੱਚ ਹੀ ਮੁੜ ਬਣਾਇਆ ਜਾ ਚੁੱਕਾ ਸੀ। ਲੱਗਦਾ ਹੈ ਕਿ ਜਿੱਥੇ ਪ੍ਰਧਾਨ ਮੰਤਰੀ ਨੇ ਮੰਦਰ ਨੂੰ ਪ੍ਰਤੀਕਾਤਮਕ ਸਥਾਨ ਚੁਣਿਆ, ਉੱਥੇ ਨੌਜਵਾਨਾਂ ਨੂੰ ਸਿੱਧਾ ਸੰਬੋਧਨ ਕਰਕੇ ਬਦਲੇ ਦਾ ਬੀਜ ਬੋਣ ਦੀ ਜ਼ਿੰਮੇਵਾਰੀ ਚਤੁਰਾਈ ਨਾਲ ਅਜੀਤ ਡੋਵਾਲ ਨੂੰ ਦਿੱਤੀ ਗਈ ।

ਗੌਰਤਲਬ ਹੈ ਕਿ ਡੋਵਾਲ ਇਹ ਸਮਝਾਉਣ ਵਿੱਚ ਅਸਫਲ ਰਹੇ ਕਿ ਬਦਲਾ ਕਿਸ ਤੋਂ ਅਤੇ ਕਿਵੇਂ ਲਿਆ ਜਾਣਾ ਹੈ, ਜਦਕਿ ਮਹਿਮੂਦ ਗ਼ਜ਼ਨਵੀ ਤਾਂ ਸਦੀਆਂ ਪਹਿਲਾਂ ਮਰ ਚੁੱਕਾ ਹੈ । ਉਨ੍ਹਾ ਇਸ ਇਤਿਹਾਸਕ ਹਕੀਕਤ ਨੂੰ ਵੀ ਨਜ਼ਰਅੰਦਾਜ਼ ਕੀਤਾ ਕਿ ਗ਼ਜ਼ਨਵੀ ਦੀਆਂ ਮੁਹਿੰਮਾਂ ਨੂੰ ਉਸ ਸਮੇਂ ਦੇ ਕਈ ਹਿੰਦੂ ਰਾਜਿਆਂ ਦਾ ਸਮਰਥਨ ਪ੍ਰਾਪਤ ਸੀ, ਜਿਨ੍ਹਾਂ ਦੇ ਬਿਨਾਂ ਲੋੜੀਂਦੇ ਰਸਦ ਦੇ ਅਭਾਵ ਵਿੱਚ ਉਸਦੀ ਫੌਜ ਜਿਉਂਦੀ ਵੀ ਨਹੀਂ ਰਹਿ ਸਕਦੀ ਸੀ।

ਇੱਕ ਖ਼ਤਰਨਾਕ ਏਜੰਡੇ ਦੇ ਨਾਲ ਹੁਣ ਆਰ ਐੱਸ ਐੱਸ ਨੇ ਦੇਸ਼ ਭਰ ਵਿੱਚ ਹਿੰਦੂ ਸੰਮੇਲਨ ਕਰਨ ਦਾ ਐਲਾਨ ਕਰ ਦਿੱਤਾ ਹੈ। ਆਰ ਐੱਸ ਐੱਸ ਮੁਖੀ ਮੋਹਨ ਭਾਗਵਤ 'ਹਿੰਦੂ ਰਾਸ਼ਟਰ' ਦੀ ਗੱਲ ਕਰਦਿਆਂ ਕੋਈ ਲੁਕੋਛਿਪੀ ਨਹੀਂ ਕਰਦੇ। ਅਜੀਤ ਡੋਵਾਲ ਦੇ ਭਾਸ਼ਣ ਨੂੰ ਆਰ ਐੱਸ ਐੱਸ ਅਤੇ ਭਾਜਪਾ ਸਰਕਾਰ ਦੇ ਥਿੰਕ ਟੈਂਕ ਵੱਲੋਂ ਪੂਰੀ ਮਨਜ਼ੂਰੀ ਮਿਲੀ ਹੋਈ ਹੈ।

**ਰਣਨੀਤੀ ਬਿਲਕੁਲ ਸਾਫ਼ ਹੈ**: ਸੋਮਨਾਥ ਮੰਦਰ ਨਾਲ ਜੁੜੀਆਂ ਘਟਨਾਵਾਂ ਤੋਂ ਹਜ਼ਾਰ ਸਾਲ ਬਾਅਦ ਜਨਮੀਆਂ ਪੀੜ੍ਹੀਆਂ ਤੋਂ ਬਦਲਾ ਲੈਣਾ, ਫ਼ਿਰਕੂ ਦੰਗੇ ਭੜਕਾਉਣਾ ਅਤੇ ਦੇਸ਼ ਨੂੰ ਅਰਾਜਕਤਾ ਵੱਲ ਧੱਕਣਾ।

ਹੁਣ ਤੱਕ ਅਸੀਂ ਚੰਗੀ ਤਰ੍ਹਾਂ ਜਾਣ ਚੁੱਕੇ ਹਾਂ ਕਿ ਹਿੰਸਾ ਦੇ ਬਹੁ-ਪੱਖੀ ਨਤੀਜੇ ਹੁੰਦੇ ਹਨ। ਇਸ ਦੇ ਅਸਰ ਸਰੀਰਕ ਘਟਨਾਵਾਂ ਤੋਂ ਪਹਿਲਾਂ ਹੀ ਮਾਨਸਿਕ ਸਿਹਤ ਦੇ ਸੰਕਟ ਵਜੋਂ ਸਾਹਮਣੇ ਆਉਣ ਲੱਗ ਪੈਂਦੇ ਹਨ। ਸਰੀਰਕ ਪੱਧਰ 'ਤੇ ਇਸ ਦਾ ਪ੍ਰਭਾਵ ਜ਼ਖ਼ਮਾਂ, ਅਪਾਹਜਤਾ ਅਤੇ ਮੌਤ ਦੇ ਰੂਪ ਵਿੱਚ ਹੁੰਦਾ ਹੈ। ਆਰਥਕ ਸਰਗਰਮੀਆਂ ਅਤੇ ਸਿੱਖਿਆ ਪ੍ਰੋਗਰਾਮ ਵੀ ਭਾਰੀ ਨੁਕਸਾਨ ਝੱਲਦੇ ਹਨ। ਇਸ ਨਾਲ ਪੋਸ਼ਣ ਦਾ ਸੰਕਟ ਅਤੇ ਬਿਮਾਰੀਆਂ ਵਿੱਚ ਵਾਧਾ ਹੁੰਦਾ ਹੈ। ਸਮਾਜ ਅੰਦਰ ਆਵਿਸ਼ਵਾਸ ਇਸ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਦਿੰਦਾ ਹੈ।

ਅੰਦਰੂਨੀ ਟਕਰਾਅ ਰਾਸ਼ਟਰਾਂ ਨੂੰ ਕਮਜ਼ੋਰ ਕਰਦੇ ਹਨ ਅਤੇ ਇਹ ਬਾਹਰੀ ਤਣਾਅਾਂ ਅਤੇ ਇੱਥੋਂ ਤੱਕ ਕਿ ਯੁੱਧਾਂ ਵਿੱਚ ਵੀ ਬਦਲ ਸਕਦੇ ਹਨ। ਯੁੱਧ ਜਨਤਕ ਸਿਹਤ ਲਈ ਸਭ ਤੋਂ ਵੱਡਾ ਖ਼ਤਰਾ ਹੈ। ਇਸ ਦਾ ਢਾਂਚਾਗਤ ਸੁਵਿਧਾਵਾਂ ਅਤੇ ਵਾਤਾਵਰਣ 'ਤੇ ਭਿਆਨਕ ਅਸਰ ਪੈਂਦਾ ਹੈ ਅਤੇ ਇਹ ਕਈ ਵੱਡੀਆਂ ਬਿਮਾਰੀਆਂ ਨੂੰ ਮਿਲਾ ਕੇ ਵੀ ਉਨ੍ਹਾਂ ਤੋਂ ਵੱਧ ਮੌਤਾਂ ਅਤੇ ਅਪਾਹਜਤਾਵਾਂ ਦਾ ਕਾਰਨ ਬਣਦਾ ਹੈ।

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਫ਼ਿਰਕੂ ਹਿੰਸਾ ਅਤੇ ਬਾਹਰੀ ਟਕਰਾਅ ਤੋਂ ਹਰ ਕੀਮਤ 'ਤੇ ਬਚਿਆ ਜਾਵੇ। ਇਹ ਕੇਵਲ ਲਗਾਤਾਰ ਜਨ-ਸਿੱਖਿਆ ਅਤੇ ਸ਼ਾਂਤੀ, ਅਹਿੰਸਾ, ਸਮਾਜਿਕ ਸਾਂਝ, ਲਿੰਗ ਸਮਾਨਤਾ ਅਤੇ ਇਨਸਾਫ਼ 'ਤੇ ਆਧਾਰਤ ਮਜ਼ਬੂਤ ਬਿਰਤਾਂਤ ਬਣਾਉਣ ਰਾਹੀਂ ਹੀ ਸੰਭਵ ਹੈ। ਸੱਤਾ ਵਿੱਚ ਬੈਠੇ ਲੋਕਾਂ ਨੂੰ ਸਮਾਜ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਅਤੇ ਸਭਨਾਂ ਲਈ ਵਿਕਾਸ ਰਾਹੀਂ ਦੇਸ਼ ਨੂੰ ਮਹਾਨ ਬਣਾਉਣਾ ਚਾਹੀਦਾ ਹੈ—ਬਦਲੇ ਅਤੇ ਹਿੰਸਾ ਦਾ ਉਪਦੇਸ਼ ਦੇ ਕੇ ਨਹੀਂ।

ਅੱਜ ਦੀ ਦੁਨੀਆ 1,000 ਸਾਲ ਪਹਿਲਾਂ ਨਾਲੋਂ ਕਿਤੇ ਵੱਧ ਆਪਸੀ ਤੌਰ 'ਤੇ ਨਿਰਭਰ ਹੈ। ਅੰਦਰੂਨੀ ਅਰਾਜਕਤਾ ਦਾ ਅੰਤਰਰਾਸ਼ਟਰੀ ਸੰਬੰਧਾਂ ਅਤੇ ਆਰਥਕ ਵਿਕਾਸ 'ਤੇ ਗੰਭੀਰ ਨੁਕਸਾਨਦਾਇਕ ਪ੍ਰਭਾਵ ਪੈ ਸਕਦਾ ਹੈ।ਅਜਿਹੇ ਹਾਲਾਤ ਵਿੱਚ ਬਾਹਰੀ ਤਾਕਤਾਂ ਦੇ ਦਖ਼ਲ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ। ਭਾਰਤ ਨੂੰ ਇੱਕ ਧਰਮ ਨਿਰਪੱਖ, ਲੋਕਤਾਂਤਰਿਕ ਸਮਾਜਵਾਦੀ ਗਣਰਾਜ ਵਜੋਂ ਬਚਾਉਣਾ ਅਤੇ ਅੱਗੇ ਵਧਾਉਣਾ, ਇਕਜੁੱਟ ਹੋ ਕੇ ਅਤੇ ਲਗਾਤਾਰ ਕੋਸ਼ਿਸ਼ਾਂ ਰਾਹੀਂ ਹੀ ਸੰਭਵ ਹੈ।

# **ਸੰਪਰਕ** : 94170-00360

# ਚਿੱਟੀ ਸਿਉਂਕ !



ਸੁਰਿੰਦਰ ਸ਼ਰਮਾ ਨਾਗਰਾ

'ਚਿੱਟੀ ਸਿਉਂਕ' ਸ਼ਬਦ ਮੈਂ ਗੱਲਾਂਬਾਤਾਂ ਵਿੱਚ ਬਹੁਤ ਸੁਣਿਆ ।ਵਟਸਐਪ ਦੇਖਦੇ ਸਮੇਂ ਟਿੱਪਣੀਆਂ ਵਿੱਚ ਇਸ ਦਾ ਬਹੁਤ ਜ਼ਿਕਰ ਆਇਆ, ਪਰ ਮੈਨੂੰ ਇਸ ਦਾ ਭਾਵ ਅਰਥ ਸਮਝ ਨਾ ਆਇਆ ਕਿ ਇਹ ਸ਼ਬਦ ਕਿਉਂ ਵਰਤਿਆ ਜਾਂਦਾ ਹੈ।ਫਿਰ ਮੈਂ ਆਪਣੇ ਇੱਕ ਪਰਮ ਮਿੱਤਰ ਨਾਲ ਗੱਲ ਸਾਂਝੀ ਕੀਤੀ। ਉਹ ਹੈ ਤਾਂ ਕਮਿਊਨਿਸਟ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੀ, ਪਰ ਉਸ ਨੂੰ ਅੱਜ ਦੇ ਯੁੱਗ ਦੇ ਚਲੰਤ ਮਾਮਲਿਆਂ ਵਾਰੇ ਭਰਪੂਰ ਜਾਣਕਾਰੀ ਸੀ।ਉਸ ਨੇ ਅੱਧਾ-ਪੌਣਾ ਘੰਟਾ ਲਾ ਕੇ ਵਿਸਥਾਰਪੂਰਵਕ ਵਿਆਖਿਆ ਕੀਤੀ। ਫਿਰ ਮੈਨੂੰ ਚਾਨਣ ਹੋਇਆ ਕਿ ਅਸਲ ਭਾਵ ਅਰਥ ਕੀ ਹੈ।

ਅੱਜਕੱਲ੍ਹ ਦੀ ਤੇਜ਼ ਰਫਤਾਰ ਭਰੀ ਜ਼ਿੰਦਗੀ ਵਿੱਚ ਲੋਕ ਐਨੇ ਵਿਅਸਤ ਰਹਿੰਦੇ ਹਨ ਕਿ ਉਨ੍ਹਾਂ ਨੂੰ ਚੈਨ ਨਾਲ ਬੈਠਣ ਦਾ ਸਮਾਂ ਨਹੀਂ ਮਿਲਦਾ।ਜਿਹੜੇ ਉੱਚ ਵਰਗ ਨਾਲ ਸੰਬੰਧ ਰੱਖਦੇ ਹਨ, ਉਹ ਆਪਣੇ ਕਾਰੋਬਾਰ ਵਿੱਚ ਐਨੇ ਗ਼ਲਤਾਨ ਰਹਿੰਦੇ ਨੇ ਕਿ ਹੋਰ ਪੈਸਾ ਕਮਾਈਏ, ਹੋਰ ਪੈਸਾ ਕਮਾਈਏ।ਕੁਝ ਜਿਹੜਾ ਉਨ੍ਹਾਂ ਕੋਲ ਹੈ, ਉਹ ਕਿਵੇਂ ਬਚਾ ਕੇ ਰੱਖੀਏ ਜਾਂ ਫਿਰ ਰਿਸ਼ਤਿਆਂ ਵਿੱਚ ਆਈ ਖਟਾਸ ਨੂੰ ਕਿਸੇ ਤਰੀਕੇ ਦੂਰ ਕਰਨ ਲਈ ਇਨ੍ਹਾਂ ਬਾਬਿਆਂ ਦਾ ਸਹਾਰਾ ਲੈਂਦੇ ਹਨ। ਜਿਵੇਂ ਸੱਸ ਦੀ ਨੂੰਹ ਨਾਲ ਨਹੀਂ ਬਣਦੀ, ਪਤਨੀ ਦੀ ਪਤੀ ਨਾਲ ਨਹੀਂ ਬਣਦੀ, ਬੱਚੇ ਮਾਂ-ਬਾਪ ਤੋਂ ਦੂਰ ਜਾ ਰਹੇ ਹਨ ਵਗੈਰਾ-ਵਗੈਰਾ। ਅੱਜਕੱਲ੍ਹ ਬੱਚਿਆਂ ਦੇ ਵਿਦੇਸ਼ ਜਾਣ ਦੇ ਚੱਕਰ ਵਿੱਚ ਮਾਂ-ਬਾਪ ਡੇਰਿਆਂ ਵਿੱਚ ਮੱਥਾ ਰਗੜੀ ਜਾਂਦੇ ਹਨ ਕਿ ਸਾਡੇ ਮੁੰਡੇ ਜਾਂ ਕੁੜੀ ਦਾ ਵੀਜ਼ਾ ਕਦੋਂ ਲੱਗੂਗਾ ।ਉਸ ਤੋਂ ਬਾਅਦ ਵਿਆਹਾਂ ਦੀ ਚਿੰਤਾ। ਇਸ ਉਧੇੜ-ਬੁਣ ਵਿੱਚ ਉਹ ਚਿੰਤਾ, ਮਨ ਦੀ ਅਸ਼ਾਂਤੀ, ਟੈਨਸ਼ਨ ਜਾਂ ਫਿਰ ਹੌਲੀ-ਹੌਲੀ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।ਇਸੇ ਤਰ੍ਹਾਂ ਦਰਮਿਆਨੇ ਤਬਕੇ ਦੇ ਲੋਕ ਆਪਣੀ ਰੋਜ਼ੀ ਰੋਟੀ ਦੇ ਚੱਕਰ ਵਿੱਚ ਉਲਝੇ ਰਹਿੰਦੇ ਹਨ।ਉਪਰਲੇ ਵਰਗ ਵਿੱਚ ਜਾਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ, ਪਰ ਜਾ ਨਹੀਂ ਸਕਦੇ ।ਹੇਠਲੇ ਵਰਗ (ਗਰੀਬੀ ਦਾ ਪੱਧਰ) ਤੱਕ ਉਹ ਕਿਸੇ ਹਾਲਤ ਵਿੱਚ ਪਹੁੰਚਣਾ ਨਹੀਂ ਚਾਹੁੰਦੇ। ਇਸ ਕਰਕੇ ਉਹ ਚੌਵੀ ਘੰਟੇ ਪ੍ਰੇਸ਼ਾਨ ਰਹਿੰਦੇ ਤੇ ਹੌਲ਼ੀ-ਹੌਲ਼ੀ ਟੈਂਸ਼ਨ ਤੋਂ ਬਾਅਦ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।ਫਿਰ ਇਨ੍ਹਾਂ ਨੂੰ ਕਿਸੇ ਨਾ ਕਿਸੇ ਸਹਾਰੇ ਦੀ ਜ਼ਰੂਰਤ ਪੈਂਦੀ ਹੈ।ਫਿਰ ਇਹ ਲੋਕ ਸਾਧਾਂ-ਸੰਤਾਂ ਡੇਰਿਆਂ, ਜੋਤਸ਼ੀਆਂ ਅਤੇ ਪੀਰਾਂ-ਮਜ਼ਾਰਾਂ ਵੱਲ ਮੂੰਹ ਕਰਦੇ ਹਨ। ਇਨ੍ਹਾਂ ਲੋਕਾਂ ਨੂੰ ਸੰਭਾਲਣ ਲਈ ਪੰਜਾਬ ਵਿੱਚ ਹਜ਼ਾਰਾਂ ਡੇਰੇ,ਪੀਰਾਂ ਦੀਆਂ ਮਜ਼ਾਰਾਂ ਸਾਧੂ-ਸੰਤਾਂ ਦੇ ਟਿੱਲੇ ਹੋਂਦ 'ਚ ਆ ਰਹੇ ਹਨ।ਇਨ੍ਹਾਂ ਵਿੱਚ ਕੁਝ ਚਿੱਟੇ ਚੋਲ਼ਿਆਂ ਵਾਲੇ ਬਾਬੇ ਅੱਜਕੱਲ੍ਹ ਬਹੁਤ ਪੈਦਾ ਹੋ ਰਹੇ ਹਨ। ਇਨ੍ਹਾਂ ਨੇ ਲੋਕਾਂ ਦੇ ਦਾਨ ਨਾਲ ਬਹੁਤ ਵੱਡੇ ਮੱਠ, ਠਾਠਾਂ ਅਤੇ ਆਸ਼ਰਮ ਸਥਾਪਤ ਕਰ ਰੱਖੇ ਹਨ, ਜਿਨ੍ਹਾਂ ਵਿੱਚ ਵਿਦਿਆ ਦੇ ਨਾਂਅ 'ਤੇ ਮੈਡੀਕਲ ਸਹਾਇਤਾ ਦੇ ਨਾਂਅ ਅਤੇ ਅਨਾਥ ਬੱਚਿਆਂ ਦੀ ਪਰਵਰਿਸ਼ ਲਈ ਵੱਖੋ-ਵੱਖ ਸੰਸਥਾਵਾਂ ਖੋਲ੍ਹ ਰੱਖੀਆਂ ਹਨ । ਕਈ ਸੰਸਥਾਵਾਂ ਵਿੱਚ ਵਿਭਚਾਰ ਦੀਆਂ ਘਟਨਾਵਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ।

ਪਿੱਛੇ ਜਿਹੇ ਇਕ ਬਾਬਾ ਜੀ ਦਾ ਇਲਾਕੇ ਵਿੱਚ ਬੜਾ ਨਾਂਅ ਸੀ।ਲੋਕ ਰੱਬ ਵਾਂਗ ਪੂਜਦੇ ਸਨ।ਬਾਬਾ ਜੀ ਨੇ ਬਹੁਤ ਵੱਡੇ ਡੇਰੇ ਅੰਦਰ ਸਕੂਲ, ਅਨਾਥ ਆਸ਼ਰਮ ਤੇ ਮੈਡੀਕਲ ਸਹਾਇਤਾ ਕੇਂਦਰ ਖੋਲ੍ਹ ਰੱਖੇ ਸਨ। ਬਾਬਾ ਜੀ ਦੇ ਵਿਭਚਾਰ ਦੀ ਇੱਕ ਵੀਡੀਓ ਵਾਇਰਲ ਹੋਈ ਤੇ ਬਾਬਾ ਜੀ ਉਥੋਂ ਚੰਪਤ ਹੋ ਗਏ। ਮੁੜ ਕੇ ਕੋਈ ਅਤਾ-ਪਤਾ ਨਹੀਂ ਲੱਗਿਆ।ਉਸ ਇਲਾਕੇ ਦੇ ਲੋਕ ਫਿਰ ਵੀ ਕਹੀ ਜਾਣ ਕਿ ਬਾਬਾ ਜੀ ਤਾਂ ਰੱਬ ਸਨ, ਇਹੋ ਜਿਹਾ ਵਿਭਚਾਰ ਨਹੀਂ ਕਰ ਸਕਦੇ।ਬਾਅਦ ਵਿੱਚ ਉਹ ਗੱਲ ਠੱਪ ਹੋ ਗਈ। ਇਹ ਇਸ ਤਰ੍ਹਾਂ ਦੇ ਕਈ ਬਾਬੇ ਜੇਲ੍ਹ ਵੀ ਕੱਟ ਰਹੇ ਹਨ। ਦਰਅਸਲ ਇਹ ਚਿੱਟੀ ਸਿਉਂਕ ਸਾਡੇ ਸਮਾਜ ਨੂੰ, ਸਾਡੇ ਸੱਭਿਆਚਾਰ ਨੂੰ ਤੇ ਕਦਰਾਂ-ਕੀਮਤਾਂ ਨੂੰ ਸਿਉਂਕ ਵਾਂਗ ਖਾ ਰਹੀ ਹੈ।

ਬਾਬਾ ਜੀ ਉਨ੍ਹਾਂ ਭਟਕੇ ਹੋਏ ਲੋਕਾਂ ਨੂੰ ਰਾਹ ਵਿਖਾਉਣ ਦੇ ਬਹਾਨੇ ਉਨ੍ਹਾਂ ਤੋਂ ਦੱਬ ਕੇ ਮਾਇਆ ਐਂਠਦੇ ਹਨ, ਭਾਵ ਉਨ੍ਹਾਂ ਦੇ ਜਜ਼ਬਾਤ ਭੜਕਾਅ ਕੇ ਮਾਇਆ ਇਕੱਠੀ ਕਰਦੇ ਹਨ। ਇਹ ਬਾਬੇ ਆਪਣੇ ਵਿਚਾਰਾਂ ਵਿਚ, ਆਪਣੇ ਪ੍ਰਵਚਨਾਂ ਵਿੱਚ ਧਰਮ ਨੂੰ ਵੀ ਘਸੀਟ ਲੈਂਦੇ ਹਨ, ਤਾਂ ਕਿ ਧਾਰਮਿਕ ਜਜ਼ਬਾਤ ਬਲੈਕਮੇਲ ਕੀਤੇ ਜਾ ਸਕਣ।ਆਪ ਫਿਰ ਉਨ੍ਹਾਂ ਪੈਸਿਆਂ ਨਾਲ ਮਹਿੰਗੀਆਂ ਤੋਂ ਮਹਿੰਗੀਆਂ ਵਿਦੇਸ਼ੀ ਗੱਡੀਆਂ ਵਿੱਚ ਸਫ਼ਰ ਕਰਦੇ ਹਨ ਅਤੇ ਵਿਦੇਸ਼ਾਂ ਦੀ ਯਾਤਰਾ ਕਰਦੇ ਰਹਿੰਦੇ ਹਨ, ਤਾਂ ਕਿ ਉਥੋਂ ਦੇ ਬੇਚੈਨ ਲੋਕਾਂ ਦੇ ਜਜ਼ਬਾਤ ਵੀ ਕੈਸ਼ ਕੀਤੇ ਜਾ ਸਕਣ।ਇਹ ਬਾਬੇ ਆਪਣੇ ਪ੍ਰਵਚਨ ਵਿੱਚ ਇੱਕ ਗੱਲ ਜ਼ਰੂਰ ਕਹਿੰਦੇ ਹਨ ਕਿ ਮਾਇਆ ਤਿਆਗੋ, ਇਹ ਹੀ ਦੁੱਖਾਂ ਦਾ ਕਾਰਨ ਹੈ, ਪਰ ਆਪ ਇਕੱਠੀ ਕਰਨ 'ਤੇ ਲੱਗੇ ਹੋਏ ਹਨ। ਬਹੁਤ ਵਾਰ ਕਈ ਡੇਰਿਆਂ ਵਿੱਚ ਜਾ ਕੇ ਦੇਖਿਆ ਹੈ ਕਿ ਸ਼ਰਧਾਲੂ ਬਾਬਿਆਂ ਦੀਆਂ ਜੁੱਤੀਆਂ ਨੂੰ ਹੀ ਪੂਜੀ ਜਾਂਦੇ ਹਨ, ਜਦੋਂ ਕਿ ਬਾਬੇ ਕਦੋਂ ਦੇ ਇਸ ਦੁਨੀਆਂ ਤੋਂ ਜਾ ਚੁੱਕੇ ਹਨ ।

ਮੇਰੇ ਇਕ ਦੋਸਤ ਪੁਲਸ ਅਫ਼ਸਰ ਨੇ ਇਕ ਘਟਨਾ ਦੱਸੀ।ਕਿਸੇ ਪਿੰਡ ਵਿੱਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਹਾੜੇ ਦਾ ਪ੍ਰੋਗਰਾਮ ਰੱਖਿਆ ਸੀ।ਉਸ ਅਫ਼ਸਰ ਦੀ ਵੀ ਉੱਥੇ ਡਿਊਟੀ ਸੀ।ਕਾਫ਼ੀ ਵੱਡਾ ਪਿੰਡ ਸੀ, ਇਕੱਠ ਵਾਹਵਾ ਸੀ।ਜੂਨ ਦਾ ਮਹੀਨਾ ਸੀ।ਸੂਰਜ ਐਨ ਸਿਰ ਉੱਪਰ ਤਪਦੀ ਗਰਮੀ ਸੁੱਟ ਰਿਹਾ ਸੀ।ਲੋਕ ਤਰਲੋਮੱਛੀ ਹੋ ਰਹੇ ਸਨ। ਕਿਸੇ ਡੇਰੇ ਦੇ ਬਾਬਾ ਜੀ ਨੇ ਪ੍ਰਵਚਨ ਲਈ ਆਉਣਾ ਸੀ।ਇੰਤਜ਼ਾਮੀਆਂ ਕਮੇਟੀ ਵਾਰ -ਵਾਰ ਪੰਡਾਲ 'ਚੋਂ ਨਿਕਲ ਕੇ ਬਾਬਾ ਜੀ ਦਾ ਰਾਹ ਵੇਖ ਰਹੀ ਸੀ।ਅਖੀਰ ਉਡੀਕਦਿਆਂ ਬਾਬਾ ਜੀ ਦੀ ਡਬਲ ਸਾਇਲੈਂਸਰ ਵਾਲੀ ਬੀ ਐੱਮ ਡਬਲਿਊ ਕਾਰ ਘੁਰਰ-ਘੁਰਰ ਕਰਦੀ ਆ ਕੇ ਰੁਕੀ।ਪਹਿਲਾਂ ਦੋ ਉਨ੍ਹਾਂ ਦੇ ਜਾਤੀ ਸਕਿਉਰਿਟੀ ਗਾਰਡ ਨਿਕਲੇ, ਫਿਰ ਬਾਬਾ ਜੀ ਆਪਣਾ ਚੋਲਾ ਠੀਕ-ਠਾਕ ਕਰਕੇ ਬਾਹਰ ਆਏ ।ਸਟੇਜ 'ਤੇ ਬਾਬਾ ਜੀ ਨੇ ਗੁਰੂ ਅਰਜਨ ਦੇਵ ਜੀ ਦਾ ਗੁਣਗਾਨ ਕੀਤਾ ਕਿ ਉਹ ਤੱਤੀ ਤਵੀ 'ਤੇ ਬੈਠੇ, ਸੀਸ ਉੱਪਰ ਰੇਤ ਪਾਈ ਗਈ ਅਤੇ ਤਸੀਹੇ ਦਿੱਤੇ ਗਏ, ਪਰ ਗੁਰੂ ਸਾਹਿਬ ਨੇ ਸੀਅ ਨਹੀਂ ਵੱਟੀ।ਧਰਮ ਦੀ ਰੱਖਿਆ ਲਈ ਸ਼ਹੀਦ ਹੋ ਗਏ ।ਅਜੇ ਬਾਬਾ ਜੀ ਦਾ ਪ੍ਰਵਚਨ ਖ਼ਤਮ ਨਹੀਂ ਹੋਇਆ ਸੀ ਕਿ ਉੱਚੀ ਆਵਾਜ ਵਿੱਚ ਫਿਰ ਘੁਰਰ-ਘੁਰਰ ਹੋਣ ਲੱਗੀ। ਉਸ ਅਫ਼ਸਰ ਨੇ ਆਪਣੇ ਹੌਲਦਾਰ ਨੂੰ ਵੇਖਣ ਲਈ ਭੇਜਿਆ ਕਿ ਇਹ ਆਵਾਜ ਕਾਹਦੀ ਸੀ।ਉਸ ਨੇ ਆ ਕੇ ਦੱਸਿਆ ਕਿ ਬਾਬਾ ਜੀ ਨੇ ਹੁਣ ਵਾਪਸ ਜਾਣਾ ਹੈ ਇਸ ਕਰਕੇ ਗੱਡੀ ਠੰਢੀ ਕਰਨ ਲਈ ਸਟਾਰਟ ਕੀਤੀ ਹੈ। ਗੁਰੂ ਸਾਹਿਬਾਨ ਦੀ ਸ਼ਹਾਦਤ ਉੱਪਰ ਬੋਲਣ ਵਾਲੇ ਬਾਬੇ ਇਹੋ ਜਿਹੇ ਹਨ, ਜਿਹੜੇ ਇਕ ਮਿੰਟ ਵੀ ਗਰਮੀ ਨਹੀਂ ਸਹਾਰ ਸਕਦੇ।ਦਰਅਸਲ ਇਹ ਚਿੱਟੀ ਸਿਉਂਕ ਹੈ, ਜਿਹੜੀ ਸਾਡੇ ਸਮਾਜ ਨੂੰ ਹੌਲੀ-ਹੌਲੀ ਖੋਖਲਾ ਕਰ ਰਹੀ ਹੈ।

# **ਸੰਪਰਕ** : 98786-46595

# ਸੰਯੁਕਤ ਰਾਸ਼ਟਰ ਸੰਘ ਦੀ ਓਵਰਹਾਲਿੰਗ ਦੀ ਜ਼ਰੂਰਤ



ਵਿਸ਼ਵਾ ਮਿੱਤਰ

ਹੁਣ ਤੱਕ ਅਮਰੀਕਾ (ਸੰਯੁਕਤ ਰਾਜ ਅਮਰੀਕਾ) ਇਰਾਕ, ਸੀਰੀਆ, ਲੀਬੀਆ, ਯਮਨ ਸਮੇਤ ਕਈ ਦੇਸ਼ਾਂ ਵਿਚ ਲੜਾਈ ਲੜ ਚੁੱਕਿਆ ਹੈ ਜਾਂ ਤਖ਼ਤਾ ਪਲਟ ਕਰ ਚੁੱਕਿਆ ਹੈ। ਇਹ ਲੜਾਈਆਂ ਤੇਲ ਭੰਡਾਰਾਂ 'ਤੇ ਕਬਜ਼ਾ ਕਰਨ ਲਈ ਆਪਣੀ ਧੌਂਸ ਵਿਖਾਉਣ ਲਈ ਜਾਂ ਕਮਿਊਨਿਜ਼ਮ ਨੂੰ ਅੱਗੇ ਵਧਣ ਤੋਂ ਰੋਕਣ ਲਈ ਕਰ ਚੁੱਕਿਆ ਹੈ। ਇਸ ਤੋਂ ਇਲਾਵਾ ਆਪਣੀ ਵਾਰ ਇੰਡਸਟਰੀ ( ਯੁੱਧ ਦਾ ਸਮਾਨ ਬਣਾਉਣ ਵਾਲੀ ਸਨਅਤ ) ਤੋਂ ਅਰਬਾਂ ਡਾਲਰ ਕਮਾਉਣ ਲਈ ਵੀ ਇਹ ਯੁੱਧ ਆਪ ਛੇੜਦਾ ਹੈ ਜਾਂ ਦੋ ਦੇਸ਼ਾਂ ਨੂੰ ਲੜਾਉਂਦਾ ਹੈ। ਇਰਾਕ ਵਿਚ ਤਬਾਹੀ ਮਚਾਉਣ ਅਤੇ ਕਬਜ਼ਾ ਕਰਨ ਤੋਂ ਬਾਅਦ ਇਸ ਨੇ ਵਰਤੇ ਗਏ ਹਥਿਆਰਾਂ ਦੀਆਂ ਫੋਟੋਆਂ ਡਿਸਪਲੇਅ ਕੀਤੀਆਂ ਅਤੇ ਉਹਨਾਂ ਦੇ ਨਾਲ ਉਹਨਾਂ ਵੱਲੋਂ ਕੀਤੀ ਤਬਾਹੀ ਅਤੇ ਉਹਨਾਂ ਦਾ ਵੇਚ ਮੁੱਲ ਵੀ ਲਿਖਿਆ ਅਤੇ ਕਈ ਦੇਸ਼ਾਂ ਨੇ ਇਹ ਹਥਿਆਰ ਖਰੀਦੇ। ਯੁੱਧ ਛੇੜਨ ਲਈ ਇਸ ਕੋਲ ਦੋ ਘੜੇ-ਘੜਾਏ ਬਹਾਨੇ ਹੁੰਦੇ ਹਨ। ਪਹਿਲਾ ਬਹਾਨਾ ਇਹ ਹੁੰਦਾ ਹੈ ਕਿ ਇਸ ਦੇਸ਼ ਕੋਲ ਰਸਾਇਣਕ ਹਥਿਆਰ ਜਾਂ ਪਰਮਾਣੂ ਬੰਬ ਹੈ ਜਾਂ ਇਸ ਦੀ ਫੌਜੀ ਤਾਕਤ ਐਨੀ ਵਧ ਗਈ ਹੈ ਕਿ ਸਾਡੀ ਪ੍ਰਭੂਸੱਤਾ ਨੂੰ ਖਤਰਾ ਹੈ। ਦੂਜਾ ਬਹਾਨਾ ਇਹ ਹੁੰਦਾ ਹੈ ਕਿ ਇਹ ਦੇਸ਼ ਨਸ਼ਿਆਂ ਦਾ ਸਪਲਾਇਰ ਬਣ ਚੁੱਕਿਆ ਹੈ ਅਤੇ ਇਸ ਤੋਂ ਆ ਰਹੇ ਨਸ਼ਿਆਂ ਨਾਲ ਸਾਡੇ ਲੋਕ ਮਰ ਰਹੇ ਹਨ।

ਵੀਅਤਨਾਮ ਵਿਚ ਅਮਰੀਕਾ ਆਪਣੇ ਆਧੁਨਿਕ ਹਥਿਆਰਾਂ ਨਾਲ 25 ਸਾਲ ਲੜਦਾ ਰਿਹਾ, ਪਰ ਜਦੋਂ ਉੱਥੇ ਦੇ ਲੋਕਾਂ ਨੇ ਕੌਮੀ ਮੁਕਤੀ ਘੋਲ ਨਾਲ ਅਮਰੀਕੀ ਫੌਜੀਆਂ ਦਾ ਨੱਕ ਵਿਚ ਦਮ ਕਰ ਦਿੱਤਾ ਤਾਂ ਇੱਥੋਂ ਦੌੜ ਗਿਆ। ਅਫਗਾਨਿਸਤਾਨ ਵਿੱਚੋਂ ਓਸਾਮਾ ਬਿਨ ਲਾਦੇਨ ਨੂੰ ਮਾਰ ਮੁਕਾਉਣ ਤੋਂ ਬਾਅਦ ਆਪਣੀ ਬਣਾਈ ਕਠਪੁਤਲੀ ਸਰਕਾਰ ਨੂੰ ਬਣਾਉਣ ਅਤੇ ਬਚਾਉਣ ਲਈ ਅਮਰੀਕਾ 20 ਸਾਲ ਜੰਗ ਲੜਦਾ ਰਿਹਾ, ਜਿਸ ਵਿਚ ਆਪਣੇ ਹਜ਼ਾਰਾਂ ਫੌਜੀ ਮਰਵਾ ਕੇ ਅਤੇ ਖਰਬਾਂ ਡਾਲਰ ਖਰਚਣ ਤੋਂ ਬਾਅਦ ਉੱਥੋਂ ਦੌੜ ਗਿਆ ਅਤੇ 1,20,000 ਲੋਕਾਂ ਨੂੰ ਬਚਾ ਕੇ ਨਾਲ ਲੈ ਗਿਆ। ਕੁਝ ਲੋਕ ਤਾਂ ਉੱਡਦੇ ਜਾਂਦੇ ਜਹਾਜ਼ ਨਾਲ ਲਟਕ ਗਏ ਅਤੇ ਡਿੱਗ ਕੇ ਮਰ ਗਏ। ਅੱਜ ਤੋਂ ਲਗਪਗ 15 ਸਾਲ ਪਹਿਲਾਂ ਅਮਰੀਕਾ ਦੇ ਇੱਕ ਸੈਨੇਟਰ ਬਰਨੀ ਸੈਂਡਰਸ ਨੇ ਕਿਹਾ ਸੀ ਕਿ ਅਮਰੀਕਾ ਹੁਣ ਤੱਕ 50 ਦੇਸ਼ਾਂ 'ਤੇ ਹਮਲੇ ਕਰ ਚੁੱਕਿਆ ਹੈ ਜਾਂ ਰਾਜ ਪਲਟੇ ਕਰਵਾ ਚੁੱਕਿਆ ਹੈ।

ਪਹਿਲੇ ਵਿਸ਼ਵ ਯੁੱਧ ਤੋਂ ਬਾਅਦ 1920 ਵਿਚ ਲੀਗ ਆਫ ਨੇਸ਼ਨਜ਼ ਦੀ ਸਥਾਪਨਾ ਹੋਈ, ਜਿਸ ਕੋਲ ਯੁੱਧ ਨੂੰ ਰੁਕਵਾਉਣ ਲਈ ਨਾ ਕੋਈ ਆਪਣੀ ਫੌਜ ਸੀ ਅਤੇ ਨਾ ਹੀ ਉਸ ਨਾਲ ਸਾਰੇ ਸ਼ਕਤੀਸ਼ਾਲੀ ਦੇਸ਼ ਸਨ। ਅਮਰੀਕਾ ਇਸ ਵਿਚ ਸ਼ਾਮਲ ਨਹੀਂ ਹੋਇਆ।

ਲੀਗ ਆਫ ਨੇਸ਼ਨਜ਼ ਸਰਬਸਮਤੀ ਨਾਲ ਫੈਸਲੇ ਕਰਨੇ ਚਾਹੁੰਦੀ ਸੀ, ਜਿਹੜੇ ਕਦੇ ਵੀ ਸਿਰੇ ਨਹੀਂ ਚੜ੍ਹਦੇ ਸਨ। ਸ਼ੁਰੂ ਵਿਚ ਕੇਵਲ ਇੰਗਲੈਂਡ, ਫਰਾਂਸ, ਇਟਲੀ ਅਤੇ ਜਾਪਾਨ ਇਸ ਦੀ ਪਰਮਾਨੈਂਟ ਗਵਰਨਿੰਗ ਕਾਉਂਸਿਲ ਦੇ ਮੈਂਬਰ ਸਨ । 1926 ਵਿਚ ਜਰਮਨੀ ਅਤੇ 1934 ਵਿਚ ਸੋਵੀਅਤ ਯੂਨੀਅਨ (ਰੂਸ) ਸ਼ਾਮਿਲ ਹੋ ਗਿਆ, ਪਰ 1939 ਵਿਚ ਰੂਸ ਨੂੰ ਲੀਗ ਆਫ ਨੇਸ਼ਨਜ਼ ਵਿੱਚੋਂ ਕੱਢ ਦਿੱਤਾ ਗਿਆ। ਸ਼ਕਤੀਹੀਣ ਅਤੇ ਇੱਛਾਹੀਣ ਲੀਗ ਆਫ ਨੇਸ਼ਨਜ਼ ਯੁੱਧ ਰੋਕਣ ਵਿੱਚ ਅਸਮਰਥ ਸੀ, ਇਸ ਲਈ ਦੂਜੀ ਸੰਸਾਰ ਜੰਗ ਹੋ ਗਈ, ਜਿਹੜੀ 1939 ਤੋਂ 1945 ਤੱਕ ਚਲੀ, ਜਿਸ ਵਿਚ ਦੋ ਐਟਮ ਬੰਬ ਵੀ ਚਲੇ ਅਤੇ ਲੱਖਾਂ ਲੋਕ ਮਾਰੇ ਗਏ। ਇਸ ਤੋਂ ਬਾਅਦ 24 ਅਕਤੂਬਰ 1945 ਨੂੰ ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਹੋਈ, ਜਿਸ ਦਾ ਹੈੱਡਕਵਾਟਰ ਨਿਊ ਯਾਰਕ (ਅਮਰੀਕਾ) ਵਿਚ ਹੈ। ਇਸ ਵਿਚ 193 ਦੇਸ਼ ਹਨ, ਜਿਹਨਾਂ ਤੋਂ ਛੇ ਗਰੁੱਪ ਬਣਦੇ ਹਨ ਅਤੇ ਪਹਿਲਾ ਵੱਡਾ ਗਰੁੱਪ ਜਨਰਲ ਅਸੈਂਬਲੀ ਹੈ, ਜਿਸ ਵਿਚ 193 ਦੇਸ਼ ਹਨ । ਦੂਜਾ ਗਰੁੱਪ ਸਕਿਉਰਿਟੀ ਕਾਉਂਸਿਲ ਹੈ, ਜਿਸ ਦੇ 15 ਮੈਂਬਰ ਹਨ ਅਤੇ ਪੰਜ ਪਰਮਾਨੇਂਟ ਮੈਂਬਰ ਅਮਰੀਕਾ, ਇੰਗਲੈਂਡ, ਫਰਾਂਸ, ਰੂਸ ਅਤੇ ਚੀਨ ਹਨ। ਇਹਨਾਂ ਪੰਜ ਦੇਸ਼ਾਂ ਕੋਲ ਹੀ ਵੀਟੋ ਸ਼ਕਤੀ ਹੈ। ਬਾਕੀ ਦੇ ਦਸ ਦੇਸ਼ ਦੋ-ਦੋ ਸਾਲ ਲਈ ਚੁਣੇ ਜਾਂਦੇ ਹਨ। ਤੀਜਾ ਗਰੁੱਪ ਇਕਨੋਮਿਕ ਅਤੇ ਸੋਸ਼ਲ ਕਾਉਂਸਿਲ ਹੈ। ਇਹ ਦੇਸ਼ਾਂ ਦੇ ਟਿਕਾਊ ਵਿਕਾਸ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਆਰਥਿਕ, ਸਮਾਜਿਕ ਅਤੇ ਵਾਤਾਵਰਣ ਸੰਬੰਧੀ ਕਾਰਜਾਂ ਦਾ ਤਾਲਮੇਲ ਕਰਦੀ ਹੈ। ਚੌਥਾ ਗਰੁੱਪ ਸਕੱਤਰੇਤ ਹੈ, ਜਿਹੜਾ ਕਿ ਸੰਯੁਕਤ ਰਾਸ਼ਟਰ ਦੀ ਪ੍ਰਸ਼ਾਸਕੀ ਸ਼ਾਖਾ, ਜੋ ਕਿ ਸਕੱਤਰ-ਜਨਰਲ ਦੀ ਅਗਵਾਈ ਹੇਠ ਰੋਜ਼ਾਨਾ ਦੇ ਕਾਰਜਾਂ ਨੂੰ ਸੰਭਾਲਦੀ ਹੈ। ਪੰਜਵਾਂ ਗਰੁੱਪ ਅੰਤਰਰਾਸ਼ਟਰੀ ਨਿਆਂ ਅਦਾਲਤ ਹੈ, ਜਿਹੜੀ ਕਿ ਹੇਗ ਵਿਖੇ ਸਥਿਤ ਹੈ। ਛੇਵਾਂ ਗਰੁੱਪ ਟਰੱਸਟੀਸ਼ਿਪ ਕੌਂਸਲ ਹੈ, ਜਿਹੜਾ ਕਿ ਟਰੱਸਟ ਖੇਤਰਾਂ ਦੀ ਨਿਗਰਾਨੀ ਲਈ ਸਥਾਪਤ ਕੀਤਾ ਗਿਆ ਸੀ। ਵਰਤਮਾਨ ਵਿੱਚ ਇਹ ਅਕਿਰਿਆਸ਼ੀਲ ਹੈ, ਕਿਉਂਕਿ ਇਸ ਦਾ ਮਿਸ਼ਨ ਪੂਰਾ ਹੋ ਗਿਆ ਹੈ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਮੁਦਰਾ ਕੋਸ਼ , ਸੰਸਾਰ ਸਿਹਤ ਸੰਸਥਾ ਅਤੇ ਯੂਨੈਸਕੋ ਵੀ ਸੰਯੁਕਤ ਰਾਸ਼ਟਰ ਸੰਘ ਦੇ ਅਹਿਮ ਅੰਗ ਹਨ। ਸੰਯੁਕਤ ਰਾਸ਼ਟਰ ਸੰਘ ਨੂੰ 120 ਦੇਸ਼ ਸੰਸਾਰ ਵਿਚ ਸ਼ਾਂਤੀ ਰੱਖਣ ਲਈ ਆਪਣੇ ਫ਼ੌਜੀ ਦੇਂਦੇ ਹਨ, ਜਿਹਨਾਂ ਵਿੱਚੋਂ ਮੁੱਖ ਤੌਰ 'ਤੇ ਫੌਜੀ ਦੇਣ ਵਾਲੇ ਦੇਸ਼ ਭਾਰਤ, ਪਾਕਿਸਤਾਨ, ਨੇਪਾਲ, ਬੰਗਲਾਦੇਸ਼, ਰਵਾਂਡਾ ਅਤੇ ਦੋ ਵੱਡੇ ਦੇਸ਼ ਚੀਨ ਅਤੇ ਫਰਾਂਸ ਹਨ। ਸੰਯੁਕਤ ਰਾਸ਼ਟਰ ਸੰਘ ਦਾ 2026 ਦਾ ਬਜਟ 3.45 ਬਿਲੀਅਨ ਡਾਲਰ ਹੈ, ਜਿਹੜਾ ਕਿ ਪਿਛਲੇ ਸਾਲ ਨਾਲੋਂ 7 ਫੀਸਦੀ ਘੱਟ ਹੈ, ਕਿਉਂਕਿ ਅਮਰੀਕਾ ਆਰਥਿਕ ਸਹਾਇਤਾ ਦੇਣ ਤੋਂ ਹੱਥ ਖਿੱਚ ਰਿਹਾ ਹੈ। ਐਨੇ ਵੱਡੇ ਬਜਟ ਅਤੇ ਐਨੀ ਵੱਡੀ ਅਤੇ ਵਿਉਂਤਬੱਧ ਸੰਸਥਾ ਸੰਯੁਕਤ ਰਾਸ਼ਟਰ ਸੰਘ ਵਿੱਚ ਵੀਟੋ ਸ਼ਕਤੀਆਂ ਉਸ ਉਦੇਸ਼ ਨੂੰ ਖਤਮ ਕਰ ਰਹੀਆਂ ਹਨ, ਜਿਸ ਲਈ ਸੰਯੁਕਤ ਰਾਸ਼ਟਰ ਸੰਘ ਜਾਂ ਉਸ ਤੋਂ ਪਹਿਲਾਂ ਲੀਗ ਆਫ ਨੇਸ਼ਨਜ਼ ਨੂੰ ਬਣਾਇਆ ਗਿਆ ਸੀ।

ਦੋ ਸੰਸਾਰ ਜੰਗਾਂ ਸਾਰੇ ਸੰਸਾਰ ਵਿੱਚ ਤਾਕਤਵਰ ਦੇਸ਼ ਵੱਲੋਂ ਮੰਡੀਆਂ ਹਥਿਆਉਣ ਲਈ ਲੜੀਆਂ ਗਈਆਂ ਸਨ । ਹੁਣ ਗੱਲ ਮੰਡੀਆਂ ਤੋਂ ਵੀ ਅੱਗੇ ਨਿਕਲ ਗਈ ਹੈ। ਵੀਟੋ ਸ਼ਕਤੀਆਂ ਦਾ ਸਰਦਾਰ ਅਮਰੀਕਾ ਇਸ ਵਕਤ ਮੰਡੀਆਂ ਦੇ ਨਾਲ-ਨਾਲ ਬਜਾਏ ਤੇਲ ਪੈਦਾ ਕਰਨ ਵਾਲੇ ਖੇਤਰਾਂ ਉੱਤੇ ਕਬਜ਼ਾ ਕਰਨ ਲਈ ਕਿਸੇ ਨਾ ਕਿਸੇ ਬਹਾਨੇ ਹਮਲੇ ਕਰ ਰਿਹਾ ਹੈ ਅਤੇ ਇਸੇ ਲੜੀ ਵਿਚ ਹੁਣ ਉਸ ਨੇ ਸੰਸਾਰ ਦੇ ਇੱਕ ਛੋਟੇ ਜਿਹੇ ਦੇਸ਼, ਪਰ ਵੱਡੇ ਤੇਲ ਉਤਪਾਦਕ ਵੈਨੇਜ਼ੁਏਲਾ 'ਤੇ ਹਮਲਾ ਕਰ ਦਿੱਤਾ ਹੈ। ਕੇਵਲ ਹਮਲਾ ਹੀ ਨਹੀਂ, ਓਥੋਂ ਦੇ ਰਾਸ਼ਟਰਪਤੀ ਅਤੇ ਉਸ ਦੀ ਪਤਨੀ ਨੂੰ ਵੀ ਬੰਦੀ ਬਣਾ ਕੇ ਲੈ ਗਿਆ ਹੈ। ਅਮਰੀਕਾ ਦੇ ਪੱਕੇ ਦੋਸਤ ਦੇਸ਼ਾਂ ਨੂੰ ਛੱਡ ਕੇ ਬਾਕੀ ਸਾਰਾ ਸੰਸਾਰ ਇਸ ਦੀ ਨਿੰਦਾ ਕਰ ਰਿਹਾ ਹੈ, ਪਰ ਨਿੰਦਾ ਕਰਨ ਨਾਲ ਕੀ ਹੋਣਾ ਹੈ, ਕੀ ਅੱਗੋਂ ਅਮਰੀਕਾ ਹੋਰ ਤੇਲ ਦੇ ਖੇਤਰਾਂ ਜਾਂ ਤੇਲ ਰਹਿਤ ਖੇਤਰਾਂ ਉੱਤੇ ਹਮਲੇ ਕਰਨ ਤੋਂ ਰੁਕ ਜਾਏਗਾ ? ਜੇਕਰ ਕੱਲ੍ਹ ਨੂੰ ਇੰਗਲੈਂਡ, ਫਰਾਂਸ ਜਾਂ ਚੀਨ ਕਿਸੇ ਦੇਸ਼ ਤੇ ਹਮਲਾ ਕਰਦੇ ਹਨ ਤਾਂ ਕਿ ਸੰਯੁਕਤ ਰਾਸ਼ਟਰ ਸੰਘ ਹਮਲਾਵਰਾਂ ਦੀ ਵੀਟੋ ਸ਼ਕਤੀ ਕਰਕੇ ਉਹਨਾਂ ਨੂੰ ਰੋਕ ਸਕੇਗਾ ?

ਸੰਯੁਕਤ ਰਾਸ਼ਟਰ ਸੰਘ ਦੀ ਜਨਰਲ ਅਸੈਂਬਲੀ ਦੇ ਸਾਰੇ ਮੈਂਬਰ ਭਾਵੇਂ ਕਿਸੇ ਦੇਸ਼ ਤੇ ਅਮਰੀਕਾ ਵੱਲੋਂ ਹਮਲਾ ਕਰਨ ਦਾ ਵਿਰੋਧ ਕਰਨ, ਪਰ ਅਮਰੀਕਾ ਵੱਲੋਂ ਕੀਤਾ ਗਿਆ ਵੀਟੋ ਜਨਰਲ ਅਸੈਂਬਲੀ ਦੀਆਂ ਵੋਟਾਂ ਨੂੰ ਰੱਦ ਕਰ ਦੇਂਦਾ ਹੈ। ਅਮਰੀਕਾ ਵੱਲੋਂ ਕਿਸੇ ਦੇਸ਼ 'ਤੇ ਹਮਲਾ ਕਰਨ ਵੇਲੇ ਇੰਗਲੈਂਡ ਅਤੇ ਫਰਾਂਸ ਉਸ ਦੇ ਨਾਲ ਆ ਰਲਦੇ ਹਨ। ਸੰਸਾਰ ਉੱਥੇ ਹੀ ਪਹੁੰਚ ਗਿਆ, ਜਿਥੋਂ ਆਪਣੀਆਂ ਮੰਡੀਆਂ ਬਣਾਉਣ ਜਾਂ ਦੂਜੇ ਦੀਆਂ ਮੰਡੀਆਂ ਹਥਿਆਉਣ ਲਈ ਦੋ ਸੰਸਾਰ ਜੰਗਾਂ ਸ਼ੁਰੂ ਹੋਈਆਂ ਸਨ , ਹੁਣ ਮੰਡੀਆਂ ਦੀ ਬਜਾਏ ਤੇਲ ਦੇ ਖੇਤਰਾਂ ਉੱਤੇ ਕਬਜ਼ੇ ਲਈ ਜੰਗ ਛੇੜ ਦਿੱਤੀ ਜਾਂਦੀ ਹੈ। ਜੇਕਰ ਇਸ ਵਰਤਾਰੇ ਨੂੰ ਨਾ ਰੋਕਿਆ ਗਿਆ ਤਾਂ ਤੀਜੀ ਸੰਸਾਰ ਜੰਗ ਅਟੱਲ ਹੈ। ਭਾਵੇਂ ਤੇਲ ਦੇ ਖੇਤਰਾਂ 'ਤੇ ਕਬਜ਼ਾ ਕਰਨ ਲਈ ਰੂਸ ਅਤੇ ਚੀਨ ਹਮਲੇ ਨਹੀਂ ਕਰ ਰਹੇ, ਪਰ ਉਹ ਵੀ ਕੋਈ ਠੋਸ ਕਦਮ ਚੁੱਕਣ ਦੀ ਬਜਾਏ ਕੇਵਲ ਨਿੰਦਾ ਕਰਨ ਤੱਕ ਸੀਮਿਤ ਹਨ । ਅਮਰੀਕਾ ਵੱਲੋਂ ਵੈਨੇਜ਼ੂਏਲਾ 'ਤੇ ਕਬਜ਼ਾ ਕਰਨ ਨਾਲ ਰੂਸ ਨੂੰ ਯੂਕਰੇਨ ਨਾਲ ਜੰਗ ਹੋਰ ਤੇਜ਼ੀ ਨਾਲ ਜਾਰੀ ਰੱਖਣ ਦਾ ਬਹਾਨਾ ਮਿਲ ਗਿਆ ਹੈ ਅਤੇ ਚੀਨ ਵੀ ਸੋਚਦਾ ਹੈ ਕਿ ਉਹ ਜੇਕਰ ਤਾਇਵਾਨ ਉੱਤੇ ਹਮਲਾ ਕਰਕੇ ਕਬਜ਼ਾ ਕਰ ਲਵੇ ਤਾਂ ਹੋਣ ਵਾਲੀ ਨਿੰਦਾ ਉਸ ਦਾ ਕੀ ਵਿਗਾੜ ਲਵੇਗੀ ।

ਸੰਯੁਕਤ ਰਾਸ਼ਟਰ ਸੰਘ ਇੱਕ ਬਹੁਤ ਵਧੀਆ ਅਤੇ ਜ਼ਰੂਰੀ ਸੰਸਥਾ ਹੈ ਅਤੇ ਇਸ ਦੇ ਸਾਰੇ ਅੰਗ ਬਾਖੂਬੀ ਕੰਮ ਕਰ ਰਹੇ ਹਨ, ਪਰ ਪੰਜ ਦੇਸ਼ਾਂ ਨੂੰ ਦਿੱਤੀ ਗਈ ਵੀਟੋ ਸ਼ਕਤੀ ਸੰਯੁਕਤ ਰਾਸ਼ਟਰ ਸੰਘ ਵਿੱਚ ਇੱਕ ਕੈਂਸਰ ਦੀ ਤਰ੍ਹਾਂ ਕੰਮ ਕਰ ਰਹੀ ਹੈ, ਜਿਹੜੀ ਕਿ ਇਸ ਆਰਥਿਕ ਤੌਰ 'ਤੇ ਸੰਪੰਨ ਅਤੇ ਇਸ ਕੋਲ ਸ਼ਾਂਤੀ ਸੈਨਾਵਾਂ ਹੋਣ ਦੇ ਬਾਵਜੂਦ ਇਸ ਨੂੰ ਅੰਦਰੋ-ਅੰਦਰ ਖੋਖਲਾ ਕਰ ਰਹੀ ਹੈ। ਇਸ ਦੇ ਮੈਂਬਰ ਦੇਸ਼ ਲਗਭੱਗ ਸਾਰੇ ਦੇ ਸਾਰੇ ਲੋਕਤੰਤਰਿਕ ਹਨ ਅਤੇ ਇਹਨਾਂ ਦੇਸ਼ਾਂ ਕਾਰਨ ਸੰਯੁਕਤ ਰਾਸ਼ਟਰ ਸੰਘ ਵੀ ਇੱਕ ਮਜ਼ਬੂਤ ਲੋਕਤੰਤਰਿਕ ਸੰਸਥਾ ਰਹਿਣੀ ਚਾਹੀਦੀ ਹੈ, ਪਰ ਉਦੋਂ ਲੋਕਤੰਤਰ ਨਕਾਰਾ ਅਤੇ ਅਸਹਾਏ ਬਣ ਕੇ ਰਹਿ ਜਾਂਦਾ ਹੈ, ਜਦੋਂ ਇੱਕ ਵੀਟੋ ਸ਼ਕਤੀ ਬਾਕੀ ਦੇ 192 ਦੇਸ਼ਾਂ ਦੀ ਰਾਏ ਨੂੰ ਨਸ਼ਟ ਕਰ ਦੇਂਦੀ ਹੈ । ਇਸ ਲਈ ਸੰਸਾਰ ਸ਼ਾਂਤੀ ਕਾਇਮ ਰੱਖਣ ਲਈ ਸੰਯੁਕਤ ਰਾਸ਼ਟਰ ਸੰਘ ਦੀ ਓਵਰਹਾਲਿੰਗ ਦੀ ਸਖ਼ਤ ਲੋੜ ਹੈ, ਇਸ ਵਿਚ ਕੋਈ ਵੀ ਵੀਟੋ ਸ਼ਕਤੀ ਨਹੀਂ ਚਾਹੀਦੀ ਅਤੇ ਇਸ ਵਿੱਚ ਲੋਕਤੰਤਰ ਕਾਇਮ ਰੱਖਣ ਲਈ ਸਾਰੇ ਦੇਸ਼ਾਂ ਵਿਚੋਂ ਬਹੁਮਤ ਦੀ ਰਾਏ ਅਨੁਸਾਰ ਫੈਸਲੇ ਹੋਣ ਅਤੇ ਕਦਮ ਪੁੱਟੇ ਜਾਣ। ਜੇਕਰ ਵੀਟੋ ਸ਼ਕਤੀਆਂ ਵਾਲੇ ਦੇਸ਼ ਵੀਟੋ ਸ਼ਕਤੀ ਛੱਡਣ ਨੂੰ ਤਿਆਰ ਨਹੀਂ ਤਾਂ ਵੀਟੋ ਸ਼ਕਤੀ ਵਾਲੇ ਦੇਸ਼ਾਂ ਨੂੰ ਛੱਡ ਕੇ ਬਾਕੀ ਦੇ 188 ਦੇਸ਼ ਅਲੱਗ ਇੱਕ ਸੰਸਥਾ ਬਣਾ ਸਕਦੇ ਹਨ ਅਤੇ ਹੋ ਸਕਦਾ ਹੈ ਕਿ ਰੂਸ ਅਤੇ ਚੀਨ ਵੀ ਇਹਨਾਂ ਨਾਲ ਆ ਰਲਣ । ਇਹ ਦੇਸ਼ ਆਪਸ ਵਿੱਚ ਰੁਪਏ, ਯੂਰੋ, ਰੂਬਲ, ਯੂਆਨ, ਯੈਨ ਜਾਂ ਕਿਸੇ ਵੀ ਹੋਰ ਮੁਦਰਾ ਵਿਚ ਵਪਾਰ ਕਰ ਸਕਦੇ ਹਨ ਅਤੇ ਆਪਣੇ ਦੇਸ਼ ਦੇ ਹਿੱਤ ਅਨੁਸਾਰ ਕਿਸੇ ਵੀ ਦੇਸ਼ ਕੋਲੋਂ ਖਰੀਦਦਾਰੀ ਕਰ ਸਕਦੇ ਹਨ ਜਾਂ ਆਪਣਾ ਮਾਲ ਵੇਚ ਸਕਦੇ ਹਨ, ਜਿਸ ਨਾਲ ਅਮਰੀਕਾ ਨੂੰ ਕਾਫੀ ਵੱਡੀ ਆਰਥਿਕ ਸੱਟ ਵੱਜੇਗੀ। ਜੇਕਰ ਸੰਸਾਰ ਵਪਾਰ ਡਾਲਰਾਂ ਤੋਂ ਬਗੈਰ ਹੋ ਜਾਂਦਾ ਹੈ ਤਾਂ ਅਮਰੀਕੀ ਆਰਥਿਕਤਾ ਅਤੇ ਧੌਂਸ ਨੂੰ ਬੜੀ ਸੱਟ ਵੱਜਦੀ ਹੈ। ਜੇਕਰ ਵੀਟੋ ਸ਼ਕਤੀਆਂ ਤੋਂ ਬਗੈਰ 188 ਜਾਂ ਇਸ ਤੋਂ ਵੱਧ ਦੇਸ਼ਾਂ ਦਾ ਸੰਯੁਕਤ ਰਾਸ਼ਟਰ ਸੰਘ ਜਾਂ ਅਜਿਹੀ ਹੀ ਕੋਈ ਸੰਸਥਾ ਬਣ ਜਾਂਦੀ ਹੈ ਤਾਂ ਸਾਰੇ ਸੰਸਾਰ ਦੀ ਇੱਛਾ ਦੇ ਵਿਰੁੱਧ ਜਾ ਕੇ ਕੋਈ ਵੀ ਦੇਸ਼ ਕਿਸੇ ਦੂਸਰੇ ਦੇਸ਼ 'ਤੇ ਹਮਲਾ ਨਹੀਂ ਕਰ ਸਕੇਗਾ।

# **ਸੰਪਰਕ** : 94176-32228

# ਮਨਪਾਲ ਟਿਵਾਣਾ ਦੇ ਨਾਟਕ 'ਮਿੱਤਰ ਪਿਆਰੇ ਨੂੰ' ਦਰਸ਼ਕਾਂ ਦਾ ਮਿਲਿਆ ਭਰਵਾਂ ਪਿਆਰ : ਖੁੱਡੀਆਂ

- ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਨੂੰ ਨਹੀਂ ਭੁੱਲਣਾ ਚਾਹੀਦਾ : ਕਾਕਾ ਬਰਾੜ
- 'ਮੇਲਾ ਜਾਗਦੇ ਜੁਗਨੂੰਆਂ ਦਾ' ਦੂਜੇ ਤੇ ਤੀਜੇ ਦਿਨ ਪ੍ਰੇਮੀਆਂ ਨੇ ਪੁਸਤਕ ਸਟਾਲਾਂ ਵੱਲ ਕੀਤਾ ਰੁਖ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-40 ਮੁਕਤਿਆਂ ਦੀ ਯਾਦ ਨੂੰ ਸਮਰਪਤ ਜ਼ਿਲ੍ਹਾ ਪ੍ਰਸ਼ਾਸਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਕਲਚਰਲ ਤੇ ਹੈਰੀਟੇਜ ਸੁਸਾਇਟੀ ਸ੍ਰੀ ਮੁਕਤਸਰ ਦੀ ਅਗਵਾਈ ਹੇਠ 'ਮੇਲਾ ਜਾਗਦੇ ਜੁਗਨੂੰਆਂ ਦਾ' ਵੈੱਲਫੇਅਰ ਸੁਸਾਇਟੀ (ਰਜਿ.) ਪੰਜਾਬ ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਪਾਰਕ ਸ੍ਰੀ ਮੁਕਤਸਰ ਸਾਹਿਬ ਵਿਖੇ ਦੂਜੇ ਤੇ ਤੀਜੇ ਦਿਨ ਪਾਠਕਾਂ ਵੱਲੋਂ ਕਿਤਾਬਾਂ ਦੀਆਂ ਸਟਾਲਾਂ 'ਤੇ ਪਾਠਕਾਂ ਦੀਆਂ ਭੀੜਾਂ ਰਹੀਆਂ।ਮੇਲਾ ਜਾਗਦੇ ਜੁਗਨੂੰਆਂ ਦੇ ਦੂਜੇ ਦਿਨ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਮੇਲੇ ਵਿੱਚ ਖਿੱਚ ਦਾ ਕੇਂਦਰ ਪ੍ਰਦਰਸ਼ਨੀਆਂ 'ਚੋਂ ਪੁਰਾਤਨ ਖਾਣੇ, ਪੁਸਤਕ ਪ੍ਰਦਰਸ਼ਨੀਆਂ, ਪੰਜਾਬੀ ਸੱਭਿਆਚਾਰ ਦੀਆਂ ਵੱਖ ਵੱਖ ਵੰਨਗੀਆਂ ਜਿਨ੍ਹਾਂ 'ਚ ਦਾਣੇ ਭੁੰਨ ਰਹੀ ਭਠਿਆਰਨ, ਸਰ੍ਹੋਂ ਦਾ ਸਾਗ ਮੱਕੀ ਦੀ ਰੋਟੀ, ਘੁਲਾੜੇ ਦੇ ਗੁੜ ਤੇ ਸ਼ਹਿਦ ਤੋਂ ਤਿਆਰ ਕੀਤੀਆਂ ਵੱਖ ਵੱਖ ਵਸਤਾਂ ਦੇ ਸਟਾਲਾਂ ਦਾ ਆਨੰਦ ਮਾਣਿਆ।ਉਨ੍ਹਾਂ ਮੇਲਾ ਜਾਗਦੇ ਜੁਗਨੂੰਆਂ ਦਾ ਵੈੱਲਫੇਅਰ ਸੁਸਾਇਟੀ ਦੀ ਸ਼ਲਾਘਾ ਕੀਤੀ।ਇਸ ਮੌਕੇ ਐੱਸ.ਐੱਸ.ਪੀ. ਅਭਿਮੰਨਿਊ ਰਾਣਾ ਵੀ ਹਾਜ਼ਰ ਸਨ।ਇਸ ਮੇਲੇ ਵਿੱਚ ਕਸ਼ਮੀਰ ਦੇ ਸੁੱਕੇ ਮੇਵੇ ਤੇ ਕਸ਼ਮੀਰੀ ਕਾਹਵਾ ਦੀ ਵੀ ਕਾਫ਼ੀ ਮੰਗ ਰਹੀ।ਰਾਊਂਡ ਗਲਾਸ ਫਾਊਂਡੇਸ਼ਨ ਵੱਲੋਂ ਵਿਰਾਸਤੀ ਰੁੱਖਾਂ ਦਾ ਲੰਗਰ ਲਗਾਇਆ ਗਿਆ, ਜਿਸ ਵਿੱਚ ਵਿਰਾਸਤੀ ਰੁੱਖਾਂ ਦੇ ਬੀਜ ਤੇ ਰੁੱਖ ਮੁਫ਼ਤ ਵੰਡੇ ਗਏ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵੀ ਸਟਾਲ ਲਗਾਏ ਗਏ, ਜਿਸ ਵਿੱਚ ਕਾਨੂੰਨੀ ਸਲਾਹ ਬਾਰੇ ਜਾਣਕਾਰੀ ਦਿੱਤੀ ਗਈ।ਤੀਜੇ ਦਿਨ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਇਸ ਮੇਲੇ ਵਿੱਚ ਸ਼ਿਰਕਤ ਕੀਤੀ।ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਬੋਲਦਿਆਂ ਕਿਹਾ ਕਿ ਲੇਖਕ ਨਿਰਮਾਤਾ ਤੇ ਨਿਰਦੇਸ਼ਕ ਮਨਪਾਲ ਟਿਵਾਣਾ ਦਾ ਨਾਟਕ ਮਿੱਤਰ ਪਿਆਰੇ ਨੂੰ, ਉੱਘੀ ਫਿਲਮੀ ਅਦਾਕਾਰਾ ਨਿਰਮਲ ਰਿਸ਼ੀ ਤੇ ਸਾਥੀ ਅਦਾਕਾਰਾਂ ਦੀ ਸਫ਼ਲ ਪੇਸ਼ਕਾਰੀ 'ਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਨੂੰ ਦਰਸਾਉਂਦਾ ਨਾਟਕ ਦਾ ਸਫਲ ਪ੍ਰਦਰਸ਼ਨ ਕੀਤਾ ਗਿਆ ਤੇ ਇਸ ਪੇਸ਼ਕਾਰੀ ਨੂੰ ਦਰਸ਼ਕਾਂ ਦਾ ਭਰਵਾਂ ਪਿਆਰ ਮਿਲਿਆ ਹੈ।ਉਨ੍ਹਾਂ ਕਿਹਾ ਕਿ ਇਹੋ ਜਿਹੇ ਵਿਰਾਸਤੀ ਸੱਭਿਆਚਾਰਕ ਪ੍ਰੋਗਰਾਮ ਸਾਨੂੰ ਸਾਡੇ ਸੱਭਿਆਚਾਰ ਨਾਲ ਜੋੜਨ ਲਈ ਚੱਲਦੇ ਰਹਿਣੇ ਚਾਹੀਦੇ ਹਨ।ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਬੋਲਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਨੂੰ ਨਹੀਂ ਭੁੱਲਣਾ ਚਾਹੀਦਾ, ਕਿਉਂਕਿ ਨਵੀਂ ਪੀੜ੍ਹੀ ਇਸ ਪਾਸੇ ਧਿਆਨ ਘੱਟ ਕਰਦੀ ਜਾ ਰਹੀ ਹੈ।

ਉਨ੍ਹਾਂ ਨੂੰ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਰਾਹੀਂ ਆਪਣੇ ਸੱਭਿਆਚਾਰ ਬਾਰੇ ਦੱਸਣਾ ਜ਼ਰੂਰੀ ਹੈ, ਤਾਂ ਹੀ ਅਸੀਂ ਆਪਣੇ ਇਤਿਹਾਸ ਤੇ ਸੱਭਿਆਚਾਰ ਨਾਲ ਜੁੜੇ ਰਹਿ ਸਕਾਂਗੇ।ਇਸ ਤੋਂ ਇਲਾਵਾ ਉਨ੍ਹਾਂ 'ਮੇਲਾ ਜਾਗਦੇ ਜੁਗਨੂੰਆਂ ਦਾ' ਦੇਖਣ ਆਏ ਲੋਕਾਂ ਦਾ ਧੰਨਵਾਦ ਕੀਤਾ ਤੇ ਟਿਵਾਣਾ ਟੀਮ ਦਾ ਵੀ ਧੰਨਵਾਦ ਕੀਤਾ ਜੋ ਸਾਡੀ ਵਿਰਾਸਤ ਨੂੰ ਜ਼ਿੰਦਾ ਰੱਖਣ ਲਈ ਮਿਹਨਤ ਕਰ ਰਹੇ ਹਨ।ਇਸ ਮੌਕੇ ਐੱਸਡੀਐੱਮ ਬਲਜੀਤ ਕੌਰ, ਜ਼ਿਲ੍ਹਾ ਭਲਾਈ ਅਫਸਰ ਜਗਮੋਹਨ ਸਿੰਘ ਮਾਨ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ ਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

## ਟਰਾਂਸਫਾਰਮ ਸੜਨ ਕਰਕੇ ਗਰੀਬਾਂ ਦੇ ਘਰਾਂ 'ਚ ਹਨੇਰਾ ਛਾਇਆ

ਜ਼ੀਰਾ (ਗੁਰ ਸਿੰਘ ਸੰਧੂ)-ਇਥੋਂ ਨੇੜਲੇ ਪਿੰਡ ਝੱਤਰਾ ਵਿੱਚ ਟਰਾਂਸਫਾਰਮ ਸੜਨ ਕਰਕੇ ਗਰੀਬਾਂ ਦੇ ਘਰਾਂ ਵਿੱਚ ਹਨੇਰਾ ਛਾਇਆ ਹੋਇਆ ਹੈ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜਸਵੰਤ ਸਿੰਘ ਪੁੱਤਰ ਧਰਮ ਸਿੰਘ ਮਜ਼ਬੀ ਸਿੱਖ ਨੇ ਦੱਸਿਆ ਕਿ ਉਨ੍ਹਾਂ ਦੇ ਘਰਾਂ ਦੀ ਸਪਲਾਈ ਪਿਛਲੇ ਕਰੀਬ ਚਾਰ-ਪੰਜ ਦਿਨ ਤੋਂ ਬੰਦ ਹੈ, ਜਿਸ ਕਾਰਨ ਉਨ੍ਹਾਂ ਨੂੰ ਪੀਣ ਵਾਲੇ ਪਾਣੀ, ਰੋਸ਼ਨੀ ਤੇ ਹੋਰ ਕਈ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਡੀ ਇਸ ਦਲਿਤ ਬਸਤੀ ਵਿੱਚ ਕਰੀਬ 15 ਤੋਂ 20 ਘਰਾਂ ਨੂੰ ਉਨ੍ਹਾਂ ਦੇ ਨੇੜੇ ਲੱਗੇ ਟਰਾਂਸਫਾਰਮ ਤੋਂ ਬਿਜਲੀ ਦੀ ਸਪਲਾਈ ਮਿਲਦੀ ਹੈ। ਗਰੀਬ ਹੋਣ ਕਾਰਨ ਕਿਸੇ ਵੱਲੋਂ ਵੀ ਉਨ੍ਹਾਂ ਦੀ ਸਾਰ ਨਹੀਂ ਲਈ ਜਾ ਰਹੀ। ਹਨੇਰਾ ਹੋਣ ਕਾਰਨ ਇੱਥੇ ਦੇ ਬਜ਼ੁਰਗ ਸੱਟਾਂ ਦਾ ਸ਼ਿਕਾਰ ਵੀ ਹੋ ਚੁੱਕੇ ਹਨ।ਉਨ੍ਹਾਂ ਪੰਜਾਬ ਸਰਕਾਰ ਤੇ ਪੀ ਐੱਸ ਪੀ ਸੀ ਐੱਲ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦਾ ਸੜਿਆ ਹੋਇਆ ਟਰਾਂਸਫਾਰਮ ਜਲਦੀ ਤੋਂ ਜਲਦੀ ਬਦਲ ਕੇ ਉਨ੍ਹਾਂ ਦੇ ਘਰਾਂ ਦੀ ਬਿਜਲੀ ਸਪਲਾਈ ਚਾਲੂ ਕੀਤੀ ਜਾਵੇ। ਜਦੋਂ ਪਿੰਡ ਝੱਤਰਾ ਦੇ ਸ਼ਿਕਾਇਤ ਕੇਂਦਰ ਦੇ ਲਾਈਨਮੈਨ ਸ੍ਰ. ਜਸਬੀਰ ਸਿੰਘ ਨਾਲ ਇਸ ਸਬੰਧੀ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਮੇਰੇ ਨੋਟਿਸ ਵਿੱਚ ਨਹੀਂ। ਹਰ ਜਗ੍ਹਾ ਕਿਸੇ ਦਾ ਵੀ ਟਰਾਂਸਫਾਰਮ ਸੜਿਆ ਹੋਇਆ ਹੈ ਤਾਂ ਉਤਾਰ ਕੇ ਲੈ ਜਾਣ ਤੇ ਬਦਲ ਕੇ ਲੈ ਆਉਣ। ਇਥੇ ਇਹ ਵਰਣਯੋਗ ਹੈ ਕਿ ਦਲਿਤ ਬਸਤੀ ਦੇ ਇਨ੍ਹਾਂ ਲੋਕਾਂ ਕੋਲ ਸੜਿਆ ਹੋਇਆ ਟਰਾਂਸਫਾਰਮ ਉੱਤਾਰ ਕੇ ਤੇ ਬਦਲੀ ਕਰਕੇ ਲਿਆਉਣ ਸਬੰਧੀ ਕੋਈ ਸਾਧਨ ਨਹੀਂ ਹੈ।

# ਨਿਹੰਗ ਸਿੰਘ ਦਲਾਂ ਨੇ ਖਾਲਸਾਈ ਜਾਹੋ-ਜਲਾਲ ਨਾਲ ਮਹੱਲਾ ਕੱਢਿਆ

- ਸ਼ਿੰਗਾਰੇ ਹੋਏ ਹਾਥੀ, ਘੋੜੇ, ਊਠ ਕਾਫਲੇ 'ਚ ਸ਼ਾਮਲ



ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਮੁਕਤਸਰ ਦੇ 40 (ਮੁਕਤਿਆਂ) ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਤ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਦਸਮਪਿਤਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬੁੱਢਾ ਦਲ ਨੂੰ ਬਖਸ਼ਿਸ਼ ਨਿਸ਼ਾਨ ਸਾਹਿਬ ਤੇ ਨਿਗਾਰਿਆਂ ਦੀ ਛਤਰ ਛਾਇਆ ਹੇਠ ਗੁਰਦੁਆਰਾ ਬਾਬਾ ਨੈਣਾ ਸਿੰਘ ਜੀ ਛਾਉਣੀ ਬੁੱਢਾ ਦਲ ਨੇੜੇ ਗੁਰਦੁਆਰਾ ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ ਤੋਂ ਮਹੱਲਾ ਦੀ ਆਰੰਭਤਾ ਹੋਈ।ਇਸ ਤੋਂ ਪਹਿਲਾਂ ਗੁਰਦੁਆਰਾ ਬਾਬਾ ਨੈਣਾ ਸਿੰਘ ਜੀ ਛਾਉਣੀ ਬੁੱਢਾ ਦਲ ਨੇੜੇ ਗੁਰਦੁਆਰਾ ਤੰਬੂ ਸਾਹਿਬ ਵਿਖੇ ਆਖੰਡ ਪਾਠਾਂ ਦੇ ਭੋਗ ਨਿਹੰਗ ਸਿੰਘਾਂ ਦੀ ਚਲੀ ਆਉਂਦੀ ਮਰਿਯਾਦਾ ਅਨੁਸਾਰ ਪਾਏ ਗਏ।ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ ਤੇ ਵੱਖ-ਵੱਖ ਰਾਗੀ ਜਥਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ।

ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਮਾਘੀ ਦੇ ਪਾਵਨ ਦਿਹਾੜੇ 'ਤੇ ਸ਼ਹੀਦਾਂ ਨੂੰ ਪ੍ਰਣਾਮ ਕਰਨ ਪੁੱਜੀਆਂ ਸੰਗਤਾਂ ਤੇ ਉਨ੍ਹਾਂ ਦੀ ਟਹਿਲ ਸੇਵਾ ਕਰਨ 'ਚ ਲੱਗੇ ਸਭ ਸੇਵਾ ਦਲਾਂ ਦਾ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਹ ਮੁਕਤਸਰ ਸਾਹਿਬ ਦਾ ਜੋੜ ਮੇਲਾ ਭੁੱਲਾਂ ਬਖਸ਼ਾਉਣ ਵਾਲਾ ਹੈ।ਬੇਦਾਵਾ ਦੇਣ ਵਾਲੇ ਸਿੰਘਾਂ ਨੇ ਕੁਰਬਾਨੀ ਦੇ ਕੇ ਆਪਣੀ ਭੁੱਲ ਗੁਰੂ ਜੀ ਤੋਂ ਬਖ਼ਸ਼ਾ ਕੇ ਵੱਖ-ਵੱਖ ਖਿਤਾਬਾਂ ਦੇ ਰੂਪ 'ਚ ਅਸੀਸਾਂ ਪ੍ਰਾਪਤ ਕੀਤੀਆਂ।ਉਨ੍ਹਾਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਸੰਘਰਸ਼ ਪੂਰਨ ਤੇ ਸ਼ਾਨਾਮਤਾ ਹੈ।ਹਰ ਸਿੱਖ ਨੂੰ ਹਰ ਸਮੇਂ ਚੜ੍ਹਦੀਕਲਾ 'ਚ ਰਹਿੰਦਿਆਂ ਕੌਮ ਦੀ ਬਿਹਤਰੀ ਲਈ ਤੱਤਪਰ ਰਹਿਣਾ ਚਾਹੀਦਾ ਹੈ। ਉਪਰੰਤ ਗੁਰਦੁਆਰਾ ਬਾਬਾ ਨੈਣਾ ਸਿੰਘ ਜੀ ਤੋਂ ਬੁੱਢਾ ਦਲ ਦੀ ਅਗਵਾਈ ਵਿੱਚ ਵੱਖ-ਵੱਖ ਤਰਨਾ ਦਲਾਂ ਦੇ ਮੁਖੀ ਨਿਹੰਗ ਸਿੰਘਾਂ ਦਾ ਇੱਕ ਵਿਸ਼ਾਲ ਕਾਫਲਾ ਹਾਥੀਆਂ, ਊਠਾਂ, ਘੋੜਿਆਂ, ਗੱਡੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੈਦਲ ਯਾਤਰਾ ਕਰਦੇ ਨਿਹੰਗ ਸਿੰਘ ਗੁਰੂ ਦੀਆਂ ਲਾਡਲੀਆਂ ਫੌਜਾਂ ਦਾ ਮਹੱਲਾ ਖਾਲਸਾਈ ਜੈਕਾਰਿਆਂ ਨਾਲ ਆਰੰਭ ਹੋ ਕੇ ਗੁਰਦੁਆਰਾ ਤੰਬੂ ਸਾਹਿਬ ਤੋਂ ਬਜ਼ਾਰ ਰਾਹੀਂ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਖੁੱਲ੍ਹੇ ਮੈਦਾਨ ਵਿੱਚ ਪੁੱਜਾ।

ਬੈਂਡ ਵਾਜਿਆਂ ਦੀਆਂ ਸੁੰਦਰ ਧੁੰਨਾਂ, ਢੋਲਾਂ ਤੇ ਡਗੇ ਨਗਾਰਿਆਂ 'ਤੇ ਚੋਟਾਂ ਲਗਾਉਂਦੇ, ਨਰਸਿੰਙੇ ਵਜਾਉਂਦਿਆਂ ਨਿਹੰਗ ਸਿੰਘਾਂ ਨੂੰ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹਾਜ਼ਰ ਹੋਏ।ਉਪਰੰਤ ਪ੍ਰਦਰਸ਼ਨ ਹੋਈਆਂ।ਗੱਤਕੇ ਦੇ ਖੁੱਲ੍ਹੇ ਪ੍ਰਦਰਸ਼ਨ ਰਾਹੀਂ ਨਿਹੰਗ ਸਿੰਘਾਂ ਨੇ ਗਤਕੇ ਦੇ ਜੌਹਰ ਵਿਖਾਏ।ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਮਹੱਲੇ 'ਚ ਸ਼ਾਮਲ ਹੋਏ ਸਮੂਹ ਜਥੇਦਾਰਾਂ ਤੇ ਲਾਡਲੀਆਂ ਫੌਜਾਂ ਦਾ ਧੰਨਵਾਦ ਕੀਤਾ। ਇਸ ਸਮੇਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96 ਕਰੋੜੀ ਜਥੇਦਾਰ ਪੰਜਵਾਂ ਤਖ਼ਤ ਤੋਂ ਇਲਾਵਾ ਬਾਬਾ ਮੇਜਰ ਸਿੰਘ ਸੋਢੀ ਦਸਮੇਸ਼ ਤਰਨਾ ਦਲ ਲੁਧਿਆਣਾ, ਬਾਬਾ ਤਾਰਾ ਸਿੰਘ ਝਾੜ ਸਾਹਿਬ ਵਾਲੇ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਕ, ਬਾਬਾ ਬਲਦੇਵ ਸਿੰਘ ਪ੍ਰਸਤਾਵਾਲਾ, ਬਾਬਾ ਗੁਰਪਿੰਦਰ ਸਿੰਘ ਵਡਾਲਾ ਸਤਲਾਣੀ ਸਾਹਿਬ ਵਾਲੇ, ਬਾਬਾ ਪ੍ਰਗਟ ਸਿੰਘ ਮਹਿਤਾ ਰੋਡ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਸਤਨਾਮ ਸਿੰਘ ਮੁਕਤਸਰ, ਬਾਬਾ ਬੁੱਢਾ ਸਿੰਘ ਮਿਸਲ ਸ਼ਹੀਦ ਬਾਵਿੰਦਰ ਸਿੰਘ, ਬਾਬਾ ਰਾਜਾਰਾਜ ਸਿੰਘ, ਬਾਬਾ ਕੁਲਵਿੰਦਰ ਸਿੰਘ ਤਰਨਾ ਦਲ ਚਮਕੌਰ ਸਾਹਿਬ, ਬਾਬਾ ਛਿੰਦਾ ਸਿੰਘ ਭਿੱਖੀਵਿੰਡ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਜਗਸੀਰ ਸਿੰਘ ਮਾਂਗੇਆਣਾ, ਬਾਬਾ ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਸੁਖਾ ਸਿੰਘ, ਬਾਬਾ ਮੇਜਰ ਸਿੰਘ ਪ੍ਰਸਤਾਵਾਲਾ, ਬਾਬਾ ਬਲਦੇਵ ਸਿੰਘ ਢੱਡੀਵਿੰਡ, ਬਾਬਾ ਬਲਦੇਵ ਸਿੰਘ ਤਰਨਾ ਦਲ ਵੱਲਾ, ਬਾਬਾ ਹਰਪ੍ਰੀਤ ਸਿੰਘ ਪੈਪੀ, ਬਾਬਾ ਮਹਿਤਾਬ ਸਿੰਘ, ਬਾਬਾ ਰਣਧੀਰ ਸਿੰਘ, ਬਾਬਾ ਲੱਖਾ ਸਿੰਘ ਬਠਿੰਡਾ, ਬਾਬਾ ਸ਼ਰਨ ਸਿੰਘ ਭਦਾਣਗੜ੍ਹ, ਬਾਬਾ ਪਰਮਜੀਤ ਸਿੰਘ ਮੈਨੇਜਰ ਬੁੱਢਾ ਦਲ, ਬਾਬਾ ਜਰਨੈਲ ਸਿੰਘ ਫੱਤਾਸਰ, ਬਾਬਾ ਸੁੱਖਾ ਸਿੰਘ ਖਿਆਲਾ, ਬਾਬਾ ਮਾਨ ਸਿੰਘ, ਬਾਬਾ ਸਮਸ਼ੇਰ ਸਿੰਘ, ਬਾਬਾ ਭੁਪਿੰਦਰ ਸਿੰਘ ਲੱਖੀ ਜੰਗਲ, ਬਾਬਾ ਦਲੇਰ ਸਿੰਘ, ਬਾਬਾ ਜਗਬੀਰ ਸਿੰਘ, ਬਾਬਾ ਕੁਲਦੀਪ ਸਿੰਘ, ਬਾਬਾ ਲਖਬੀਰ ਸਿੰਘ, ਬਾਬਾ ਕਰਮ ਸਿੰਘ, ਬਾਬਾ ਗਗਨਦੀਪ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### 'ਰੇਲਵਨ' ਐਪ ਰਾਹੀਂ ਜਨਰਲ ਟਿਕਟ ਬੁੱਕ ਕਰਨ 'ਤੇ ਮਿਲੇਗੀ 3 ਪ੍ਰਤੀਸ਼ਤ ਛੋਟ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਭਾਰਤੀ ਰੇਲਵੇ ਵੱਲੋਂ ਯਾਤਰੀਆਂ ਦੀ ਸਹੂਲਤ ਅਤੇ ਡਿਜੀਟਲ ਇੰਡੀਆ ਮੁਹਿੰਮ ਨੂੰ ਉਤਸ਼ਾਹਿਤ ਕਰਨ ਲਈ ਇੱਕ ਬਹੁਤ ਹੀ ਅਹਿਮ ਕਦਮ ਚੁੱਕਿਆ ਗਿਆ ਹੈ। ਰੇਲਵੇ ਨੇ ਹੁਣ 'ਰੇਲਵਨ' ਮੋਬਾਈਲ ਐਪ ਰਾਹੀਂ ਅਨ-ਰਿਜ਼ਰਵਡ (ਜਨਰਲ) ਟਿਕਟਾਂ ਦੀ ਖਰੀਦ 'ਤੇ 3 ਪ੍ਰਤੀਸ਼ਤ ਦੀ ਵਿਸ਼ੇਸ਼ ਛੋਟ ਦੇਣ ਦਾ ਐਲਾਨ ਕੀਤਾ ਹੈ। ਇਹ ਸੁਵਿਧਾ 14 ਜਨਵਰੀ 2026 ਤੋਂ ਲਾਗੂ ਕਰ ਦਿੱਤੀ ਗਈ ਹੈ। ਰੇਲਵੇ ਅਧਿਕਾਰੀਆਂ ਅਨੁਸਾਰ ਇਸ ਛੋਟ ਦਾ ਲਾਭ ਸਿਰਫ਼ ਉਹ ਯਾਤਰੀ ਉਠਾ ਸਕਣਗੇ ਜੋ 'ਰੇਲਵਨ' ਐਪ ਰਾਹੀਂ ਟਿਕਟ ਬੁੱਕ ਕਰਦੇ ਸਮੇਂ ਡਿਜੀਟਲ ਭੁਗਤਾਨ ਦੇ ਸਾਧਨਾਂ ਜਿਵੇਂ ਕਿ ਯ ਪੀ ਆਈ, ਡੈਬਿਟ ਕਾਰਡ, ਕ੍ਰੈਡਿਟ ਕਾਰਡ ਜਾਂ ਨੈੱਟ ਬੈਂਕਿੰਗ ਦੀ ਵਰਤੋਂ ਕਰਨਗੇ। ਜ਼ਿਕਰਯੋਗ ਹੈ ਕਿ ਨਗਦ ਭੁਗਤਾਨ ਰਾਹੀਂ ਖਰੀਦੀਆਂ ਗਈਆਂ ਟਿਕਟਾਂ 'ਤੇ ਇਹ ਛੋਟ ਲਾਗੂ ਨਹੀਂ ਹੋਵੇਗੀ।

### ਮਾਡਰਨ ਕਾਲਜ ਦਾ ਬੀ ਕਾਮ ਭਾਗ ਦਾ ਨਤੀਜਾ ਸ਼ਾਨਦਾਰ



ਚੀਮਾ ਮੰਡੀ (ਰਵਿੰਦਰ ਚੀਮਾ)-ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨ ਕੀਤੇ ਗਏ ਰਿਜ਼ਲਟ ਬਾਰੇ ਸਹਾਇਕ ਪ੍ਰੋਫੈਸਰ ਗੁਰਵਿੰਦਰ ਕੌਰ ਨੇ ਦੱਸਿਆ ਕਿ ਜਸ਼ਨਦੀਪ ਕੌਰ ਨੇ 600 ਅੰਕਾਂ ਵਿੱਚੋਂ 376 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਰਜਨਦੀਪ ਕੌਰ ਨੇ 600 ਅੰਕਾਂ ਵਿੱਚੋਂ 342 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਤੇ ਤੀਸਰਾ ਸਥਾਨ ਪਰੀਸ਼ਾ ਕੌਰ ਨੇ 600 ਅੰਕਾਂ 341 ਅੰਕ ਪ੍ਰਾਪਤ ਕੀਤੇ, ਜਿਸ ਦੇ ਨਾਲ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਬੀ ਕੇ ਰਾਏ ਨੇ ਚੰਗੇ ਅੰਕਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ 'ਚ ਹੋਰ ਬੁਲੰਦੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਮੂਹ ਸਟਾਫ ਤੇ ਕਾਲਜ ਦੇ ਵਿਦਿਆਰਥੀ ਹਾਜ਼ਰ ਹਨ।

### ਰੇਲਵੇ ਸਟੇਸ਼ਨ ਦੇ ਬਾਹਰੋਂ ਕਾਰ ਚੋਰੀ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੇ ਰੇਲਵੇ ਸਟੇਸ਼ਨ ਦੇ ਬਾਹਰੋਂ ਇੱਕ ਵਿਅਕਤੀ ਦੀ ਕਾਰ ਚੋਰੀ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅਮਨਪ੍ਰੀਤ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ 4 ਵਿਕਾਸ ਵਿਹਾਰ ਫੇਸ-2 ਫਿਰੋਜ਼ਪੁਰ ਨੇ ਦੱਸਿਆ ਕਿ 14 ਜਨਵਰੀ 2026 ਨੂੰ ਸਵੇਰੇ 7.30 ਵਜੇ ਉਹ ਹਰ ਰੋਜ਼ ਦੀ ਤਰ੍ਹਾਂ ਆਪਣੀ ਗੱਡੀ ਸਵਿਫਟ ਨੰਬਰ ਪੀਬੀ 05 ਏਐੱਫ 3905 ਰੇਲਵੇ ਸਟੇਸ਼ਨ ਫਿਰੋਜ਼ਪੁਰ ਕੈਂਟ ਦੇ ਸਾਹਮਣੇ ਖੜੀ ਕਰਕੇ ਮੰਦਰ ਧਰਮਸ਼ਾਲਾ ਵਿਖੇ ਮੱਥਾ ਟੇਕਣ ਲਈ ਗਿਆ ਸੀ। ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਜਦ ਮੱਥਾ ਟੇਕ ਕੇ ਮੰਦਿਰ ਦੇ ਬਾਹਰ ਆਇਆ ਤਾਂ ਵੇਖਿਆ ਕਿ ਉਸ ਦੀ ਗੱਡੀ ਚੋਰੀ ਹੋ ਗਈ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਰਬਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਭਾਰਤ ਮੁਕਤੀ ਮੋਰਚਾ ਵੱਲੋਂ ਜ਼ਿਲ੍ਹਾ ਪੱਧਰੀ ਰੋਸ ਧਰਨਾ ਤੇ ਪ੍ਰਦਰਸ਼ਨ

*ਤਹਿਸੀਲਦਾਰ ਮਾਨਸਾ ਨੂੰ ਸੌਂਪਿਆ ਮੰਗ ਪੱਤਰ*



ਮਾਨਸਾ (ਆਤਮਾ ਸਿੰਘ ਪਮਾਰ)-ਭਾਰਤ ਮੁਕਤੀ ਮੋਰਚਾ ਦੇ ਸੂਬਾ ਪ੍ਰਧਾਨ ਦਲਵਿੰਦਰ ਸਿੰਘ ਭਾਰਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬਾਮਸੇਫ ਵੱਲੋਂ ਜੋ ਚਾਰ ਪੜਾਵਾਂ ਦਾ ਪ੍ਰੋਗਰਾਮ ਦਿੱਤਾ ਗਿਆ ਸੀ, ਜਿਸ ਤਹਿਤ ਅੱਜ ਦੂਸਰੇ ਪੜਾਅ ਦਾ ਧਰਨਾ ਤੇ ਰੋਸ ਪ੍ਰਦਰਸ਼ਨ ਜ਼ਿਲ੍ਹਾ ਹੈੱਡ ਕੁਆਰਟਰ ਮਾਨਸਾ ਵਿਖੇ ਕੀਤਾ ਗਿਆ।ਉਨ੍ਹਾਂ ਕਿਹਾ ਕਿ ਕਿ ਪਿਛਲੇ ਦਿਨੀਂ ਬਾਮਸੇਫ ਦਾ ਜੋ ਉੜੀਸਾ 'ਚ ਕਟਕ ਵਿਖੇ ਸੰਮੇਲਨ ਆਰ.ਐੱਸ.ਐੱਸ. ਤੇ ਬੀ.ਜੇ.ਪੀ. ਨੇ ਰੋਕ ਦਿੱਤਾ ਸੀ ਉਸ ਦੇ ਰੋਸ ਵਜੋਂ ਪੂਰੇ ਦੇਸ਼ 'ਚ 725 ਜ਼ਿਲ੍ਹਿਆਂ 'ਚ ਧਰਨਾ ਪ੍ਰਦਰਸ਼ਨ ਦੇ ਪ੍ਰੋਗਰਾਮ ਵਾਮਨਮੇਸ਼ਰਾਮ ਸਾਹਿਬ ਵੱਲੋਂ ਪ੍ਰਸਤਾਵਿਤ ਕੀਤੇ ਗਏ ਸਨ, ਉਸੇ ਤਹਿਤ ਅੱਜ ਧਰਨਾ ਪ੍ਰਦਰਸ਼ਨ ਕੀਤਾ ਗਿਆ ਹੈ।ਮੁਲਾਜ਼ਮ ਆਗੂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਮਨਰੇਗਾ ਸਕੀਮ ਨੂੰ ਬੰਦ ਕਰਨ ਖ਼ਿਲਾਫ਼ ਅੱਜ ਧਰਨੇ ਦੌਰਾਨ ਤਹਿਸੀਲਦਾਰ ਦੇ ਰੀਡਰ ਨੂੰ ਮੰਗ ਪੱਤਰ ਵੀ ਦਿੱਤਾ, ਜਿਸ 'ਚ ਮੰਗ ਕੀਤੀ ਗਈ ਕਿ ਬਾਮਸੇਫ ਸੰਮੇਲਨ ਦੀ ਖਰਚ ਹੋਈ ਰਾਸ਼ੀ ਦੀ ਭਰਪਾਈ ਕੇਂਦਰ ਸਰਕਾਰ ਕਰੇ ਤੇ ਮਨਰੇਗਾ ਨੂੰ ਮੁੜ ਤੋਂ ਬਹਾਲ ਕੀਤਾ ਜਾਵੇ।ਈ.ਵੀ.ਐੱਮ. ਮਸ਼ੀਨਾਂ ਬੰਦ ਕਰਕੇ ਬੈਲਟ ਪੇਪਰ ਰਾਹੀਂ ਹੀ ਹਰ ਤਰ੍ਹਾਂ ਦੀਆਂ ਚੋਣਾਂ ਕਰਵਾਈਆਂ ਜਾਣ।ਇਸ ਤੋਂ ਇਲਾਵਾ ਓ.ਬੀ.ਸੀ. ਦੀ ਜਾਤੀ ਅਧਾਰਤ ਗਿਣਤੀ ਵੀ ਜਲਦੀ ਕਰਵਾਈ ਜਾਵੇ।ਇਸ ਸਮੇਂ ਜਸਵੰਤ ਸਿੰਘ ਵਾਈਸ ਪ੍ਰਧਾਨ ਬਹੁਜਨ ਮੁਕਤੀ ਪੰਜਾਬ, ਸੁਰਿੰਦਰ ਸਿੰਘ ਬਾਮਸੇਫ ਆਗੂ, ਸੰਤੋਖ ਸਿੰਘ ਬੁਰਜ ਰਾਠੀ, ਨਛੱਤਰ ਸਿੰਘ, ਬੀਰਬਲ ਸਿੰਘ ਕਲੀਪੁਰ, ਗੁਰਮੇਲ ਸਿੰਘ ਲੱਲੂਆਣਾ, ਚਮਨਜੀਤ ਕੌਰ ਐਡਵੋਕੇਟ, ਭੀਮ ਭੁਪਾਲ, ਗੇਲੋ ਕੌਰ, ਰਾਣੀ ਕੌਰ ਕਲੀਪੁਰ ਆਦਿ ਆਗੂ ਹਾਜ਼ਰ ਸਨ।

## ਮਾਮਲਾ ਆਸਟ੍ਰੇਲੀਆ 'ਚ ਪੰਜਾਬੀ ਨੌਜਵਾਨ ਵੱਲੋਂ ਖ਼ੁਦਕੁਸ਼ੀ ਦਾ

# ਪਤਨੀ ਸਮੇਤ ਸਹੁਰੇ ਪਰਵਾਰ ਦੇ 5 ਮੈਂਬਰਾਂ ਖ਼ਿਲਾਫ਼ ਪਰਚਾ ਦਰਜ

- ਮ੍ਰਿਤਕ ਦੇ ਪਿਤਾ ਦੀ ਸ਼ਿਕਾਇਤ 'ਤੇ ਹੋਈ ਕਾਰਵਾਈ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪੁਲਸ ਥਾਣਾ ਮਹਿਲ ਕਲਾਂ (ਬਰਨਾਲਾ) ਨੇ ਆਸਟਰੇਲੀਆ ਰਹਿ ਰਹੇ ਪੰਜਾਬੀ ਨੌਜਵਾਨ ਸਰਬਜੀਤ ਸਿੰਘ ਸੋਢਾ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ ਉਸ ਦੀ ਪਤਨੀ ਸਮੇਤ ਸਹੁਰੇ ਪਰਿਵਾਰ ਦੇ ਪੰਜ ਮੈਂਬਰਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ।ਇਹ ਕਾਰਵਾਈ ਮ੍ਰਿਤਕ ਦੇ ਪਿਤਾ ਰਣਜੀਤ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਮਹਿਲ ਕਲਾਂ ਵੱਲੋਂ 15 ਅਕਤੂਬਰ 2025 ਨੂੰ ਐੱਸ.ਐੱਸ.ਪੀ. ਬਰਨਾਲਾ ਨੂੰ ਦਿੱਤੀ ਗਈ ਲਿਖਤੀ ਦਰਖਾਸਤ ਦੀ ਪੁਲਸ ਵੱਲੋਂ ਕੀਤੀ ਗਈ ਪੜਤਾਲ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।

ਪੁਲਸ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਰਣਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਲੜਕੇ ਸਰਬਜੀਤ ਸਿੰਘ ਦਾ ਵਿਆਹ ਕਰੀਬ 12-13 ਸਾਲ ਪਹਿਲਾਂ ਸੁਖਜੀਤ ਕੌਰ ਪੁੱਤਰੀ ਰੂਪ ਸਿੰਘ ਵਾਸੀ ਧੂਰਕੋਟ ਰਣਸੀਹ (ਮੋਗਾ) ਨਾਲ ਹੋਇਆ ਸੀ।ਵਿਆਹ ਤੋਂ ਬਾਅਦ ਸੁਖਜੀਤ ਕੌਰ ਵੱਲੋਂ ਆਈਲਟਸ ਪਾਸ ਕਰਨ ਉਪਰੰਤ ਇਹ ਜੋੜਾ ਆਸਟਰੇਲੀਆ ਚਲਾ ਗਿਆ, ਜਿੱਥੇ ਉਨ੍ਹਾਂ ਦੇ ਦੋ ਬੱਚੇ ਪੈਦਾ ਹੋਏ।ਦੋਸ਼ ਹੈ ਕਿ ਸੁਖਜੀਤ ਕੌਰ ਨੇ ਸਰਬਜੀਤ ਨੂੰ ਧੋਖੇ ਵਿੱਚ ਰੱਖ ਕੇ ਉਸ ਕੋਲੋਂ ਵੀਜ਼ਾ ਸਬੰਧੀ ਕਾਗਜ਼ਾਂ 'ਤੇ ਦਸਤਖਤ ਕਰਵਾ ਲਏ।ਜੂਨ 2025 ਵਿੱਚ ਸਰਬਜੀਤ ਨੂੰ ਵੀਜ਼ਾ ਇੰਟਰਵਿਊ ਦੇ ਬਹਾਨੇ ਵੀਜ਼ਾ ਦਫ਼ਤਰ ਦੇ ਡਿਟੈਂਸ਼ਨ ਸੈਂਟਰ ਵਿੱਚ ਭੇਜ ਦਿੱਤਾ ਗਿਆ, ਜਿੱਥੇ ਉਸ ਨੂੰ ਪਤਾ ਲੱਗਿਆ ਕਿ ਉਸ ਦੀ ਪਤਨੀ ਨੇ ਹੀ ਉਸ ਨੂੰ ਮਾਨਸਿਕ ਤੌਰ 'ਤੇ ਅਸਥਿਰ ਦੱਸ ਕੇ ਭਾਰਤ ਵਾਪਸ ਭੇਜਣ (ਡੀਪੋਰਟ ਕਰਵਾਉਣ) ਲਈ ਦਰਖਾਸਤ ਦਿੱਤੀ ਸੀ।ਇੰਨਾ ਹੀ ਨਹੀਂ, ਪਤਨੀ ਨੇ ਸਰਬਜੀਤ ਨਾਲ ਸਾਂਝੇ ਬੈਂਕ ਖਾਤੇ ਵਿੱਚੋਂ ਸਾਰੀ ਰਕਮ ਕਢਵਾ ਲਈ ਤੇ ਉਸ ਦੀਆਂ ਗੱਡੀਆਂ ਤੇ ਲੀਜ਼ ਵਾਲਾ ਮਕਾਨ ਵੀ ਆਪਣੇ ਨਾਮ ਕਰਵਾ ਲਿਆ। ਸ਼ਿਕਾਇਤਕਰਤਾ ਅਨੁਸਾਰ, ਜਦੋਂ ਸਰਬਜੀਤ ਨੇ ਆਪਣੇ ਬੱਚਿਆਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਪੁਲਸ ਰਾਹੀਂ ਜੇਲ੍ਹ ਭੇਜਣ ਦੀਆਂ ਧਮਕੀਆਂ ਦਿੱਤੀਆਂ ਗਈਆਂ।ਪਤਨੀ ਸੁਖਜੀਤ ਕੌਰ ਤੋਂ ਇਲਾਵਾ ਉਸ ਦੀ ਸੱਸ ਇੰਦਰਜੀਤ ਕੌਰ, ਸਾਲੀ ਹਰਜੀਤ ਕੌਰ, ਸਾਲਾ ਜਸਦੀਪ ਸਿੰਘ ਤੇ ਤਾਇਆ ਸਹੁਰਾ ਬੂਟਾ ਸਿੰਘ ਵੱਲੋਂ ਸਰਬਜੀਤ ਨੂੰ ਲਗਾਤਾਰ ਮਾਨਸਿਕ ਤੌਰ 'ਤੇ ਜ਼ਲੀਲ ਕੀਤਾ ਗਿਆ।ਮ੍ਰਿਤਕ ਦੇ ਪਿਤਾ ਰਣਜੀਤ ਸਿੰਘ ਨੇ ਦੱਸਿਆ ਕਿ 27 ਸਤੰਬਰ 2025 ਨੂੰ ਉਸ ਦੀ ਸਰਬਜੀਤ ਨਾਲ ਆਖਰੀ ਵਾਰ ਗੱਲ ਹੋਈ ਸੀ, ਇਸ ਦੌਰਾਨ ਸਰਬਜੀਤ ਪਤਨੀ ਤੇ ਸਹੁਰਿਆਂ ਵੱਲੋਂ ਤੰਗ ਕੀਤੇ ਜਾਣ ਕਾਰਨ ਬੇਹੱਦ ਪ੍ਰੇਸ਼ਾਨ ਸੀ।ਇਸ ਮਾਨਸਿਕ ਤਣਾਅ ਕਾਰਨ ਸਰਬਜੀਤ ਸਿੰਘ ਨੇ ਅੰਤ 27 ਸਤੰਬਰ 2025 ਨੂੰ ਆਸਟ੍ਰੇਲੀਆ ਵਿੱਚ ਗਲ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ।ਪੁਲਸ ਪੜਤਾਲ ਤੇ ਡੀ.ਏ. ਲੀਗਲ ਦੀ ਕਾਨੂੰਨੀ ਰਾਇ ਮੁਤਾਬਕ ਭਾਵੇਂ ਇਹ ਘਟਨਾ ਵਿਦੇਸ਼ ਵਿੱਚ ਵਾਪਰੀ ਹੈ, ਪਰ ਭਾਰਤੀ ਨਾਗਰਿਕ ਹੋਣ ਦੇ ਨਾਤੇ ਮੁਲਜ਼ਮਾਂ ਵਿਰੁੱਧ ਭਾਰਤੀ ਕਾਨੂੰਨ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਦੇ ਆਧਾਰ 'ਤੇ ਥਾਣਾ ਮਹਿਲ ਕਲਾਂ ਵਿਖੇ ਪਤਨੀ ਸੁਖਜੀਤ ਕੌਰ ਸਮੇਤ ਸੱਸ ਇੰਦਰਜੀਤ ਕੌਰ, ਸਾਲੀ ਹਰਜੀਤ ਕੌਰ, ਸਾਲਾ ਜਸਦੀਪ ਸਿੰਘ ਤੇ ਤਾਇਆ ਸਹੁਰਾ ਬੂਟਾ ਸਿੰਘ ਵਿਰੁੱਧ ਬੀ.ਐੱਨ.ਐੱਸ. ਦੀ ਧਾਰਾ 108 (ਖ਼ੁਦਕੁਸ਼ੀ ਲਈ ਉਕਸਾਉਣਾ) ਤਹਿਤ ਪਰਚਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਫਿਲਹਾਲ ਇਸ ਮਾਮਲੇ ਵਿੱਚ ਦੂਜੀ ਧਿਰ (ਸਰਬਜੀਤ ਸਿੰਘ ਦੇ ਸਹੁਰੇ ਪਰਿਵਾਰ) ਨਾਲ ਸੰਪਰਕ ਨਹੀਂ ਹੋ ਸਕਿਆ ਤੇ ਨਾ ਹੀ ਉਨ੍ਹਾਂ ਦਾ ਕੋਈ ਅਧਿਕਾਰਤ ਪੱਖ ਸਾਹਮਣੇ ਆਇਆ ਹੈ।

# ਅਨੁਸੂਚਿਤ ਜਾਤੀ ਭਾਈਚਾਰੇ ਦੇ ਸਰਪੰਚਾਂ ਨੂੰ ਲਾਮਬੰਦ ਕਰਾਂਗੇ : ਗੁਰਮੀਤ ਸਿੰਘ



ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)

ਪੰਜਾਬ ਵਿੱਚ ਐੱਸ ਸੀ (ਅਨੁਸੂਚਿਤ ਜਾਤੀ) ਭਾਈਚਾਰੇ ਦੇ ਸਰਪੰਚਾਂ ਨੂੰ ਦਰਪੇਸ਼ ਗੰਭੀਰ ਸਮੱਸਿਆਵਾਂ, ਰਾਜਨੀਤਕ ਦਖ਼ਲਅੰਦਾਜ਼ੀ ਤੇ ਪ੍ਰਸ਼ਾਸਨਕ ਦਬਾਅ ਦੇ ਮੱਦੇਨਜ਼ਰ ਸੰਯੁਕਤ ਸਰਪੰਚ ਯੂਨੀਅਨ ਪੰਜਾਬ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ ਹੈ।ਇਸ ਯੂਨੀਅਨ ਦੀ ਪ੍ਰਧਾਨਗੀ ਮਾਸਟਰ ਗੁਰਮੀਤ ਸਿੰਘ ਮੈਨੇਕਾ (ਹਲਕਾ ਸ਼ੁਤਰਾਣਾ) ਵੱਲੋਂ ਕੀਤੀ ਜਾਵੇਗੀ। ਇਸ ਦੌਰਾਨ ਮਾਸਟਰ ਗੁਰਮੀਤ ਸਿੰਘ ਮੰਨੇਕਾ ਨੇ ਕਿਹਾ ਕਿ ਪੰਜਾਬ ਦੇ ਕਈ ਪਿੰਡਾਂ ਵਿੱਚ ਐੱਸ ਸੀ ਭਾਈਚਾਰੇ ਦੇ ਸਰਪੰਚਾਂ ਨੂੰ ਆਪਣੇ ਸੰਵਿਧਾਨਕ ਅਧਿਕਾਰਾਂ ਅਨੁਸਾਰ ਕੰਮ ਕਰਨ ਤੋਂ ਰੋਕਿਆ ਜਾ ਰਿਹਾ ਹੈ।ਵਿਕਾਸ ਕਾਰਜਾਂ ਵਿੱਚ ਜਾਣਬੁੱਝ ਕੇ ਅੜਚਣਾਂ ਪਾਈਆਂ ਜਾ ਰਹੀਆਂ ਹਨ, ਝੂਠੇ ਦੋਸ਼ ਲਗਾਏ ਜਾਂਦੇ ਹਨ, ਸਰਕਾਰੀ ਫੰਡਾਂ ਨੂੰ ਰੋਕਿਆ ਜਾਂਦਾ ਹੈ ਤੇ ਕਈ ਥਾਵਾਂ 'ਤੇ ਰਾਜਨੀਤਕ ਤੇ ਪ੍ਰਸ਼ਾਸਨਕ ਤੌਰ 'ਤੇ ਦਬਾਅ ਬਣਾਇਆ ਜਾਂਦਾ ਹੈ, ਜੋ ਕਿ ਲੋਕਤੰਤਰ ਤੇ ਸਮਾਜਿਕ ਨਿਆਂ ਦੇ ਮੂਲ ਸਿਧਾਂਤਾਂ ਖਿਲਾਫ਼ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਸਰਪੰਚ ਯੂਨੀਅਨ ਦਾ ਮੁੱਖ ਮਕਸਦ ਇਹ ਹੈ ਕਿ ਐੱਸ ਸੀ ਭਾਈਚਾਰੇ ਦੇ ਸਰਪੰਚ ਇਕੱਠੇ ਹੋ ਕੇ ਇਨਸਾਨੀਅਤ, ਭਾਈਚਾਰੇ ਤੇ ਸਮਾਜਿਕ ਸਦਭਾਵਨਾ ਨੂੰ ਖ਼ਰਾਬ ਕਰਨ ਵਾਲੀਆਂ ਤਾਕਤਾਂ ਦੇ ਵਿਰੁੱਧ ਆਵਾਜ਼ ਉਠਾਉਣ ਅਤੇ ਕਾਨੂੰਨੀ, ਲੋਕਤੰਤਰਕ ਤਰੀਕਿਆਂ ਨਾਲ ਸੰਘਰਸ਼ ਕਰਨ, ਤਾਂ ਜੋ ਕਿਸੇ ਵੀ ਗਰੀਬ, ਮਜ਼ਲੂਮ ਜਾਂ ਰਾਜਨੀਤਕ ਦਬਾਅ ਹੇਠ ਆ ਰਹੇ ਸਰਪੰਚ ਭਰਾ ਜਾਂ ਭੈਣ ਨਾਲ ਧੱਕਾ ਨਾ ਹੋਵੇ।ਉਨ੍ਹਾਂ ਦੱਸਿਆ ਕਿ ਯੂਨੀਅਨ ਵੱਲੋਂ ਸਰਪੰਚਾਂ ਨੂੰ ਆ ਰਹੀਆਂ ਪ੍ਰਸ਼ਾਸਨਕ ਸਮੱਸਿਆਵਾਂ ਬਾਰੇ ਸਾਂਝਾ ਮੰਚ ਤਿਆਰ ਕੀਤਾ ਜਾਵੇਗਾ, ਕਾਨੂੰਨੀ ਮਦਦ ਤੇ ਮਾਰਗਦਰਸ਼ਨ ਦਿੱਤਾ ਜਾਵੇਗਾ, ਸਰਕਾਰੀ ਵਿਭਾਗਾਂ ਨਾਲ ਤਾਲਮੇਲ ਬਣਾਇਆ ਜਾਵੇਗਾ ਤੇ ਸੰਵਿਧਾਨ ਦੇ ਦਾਇਰੇ ਵਿੱਚ ਰਹਿੰਦਿਆਂ ਹੱਕਾਂ ਦੀ ਰੱਖਿਆ ਲਈ ਲਗਾਤਾਰ ਸੰਘਰਸ਼ ਕੀਤਾ ਜਾਵੇਗਾ।ਸੰਯੁਕਤ ਸਰਪੰਚ ਯੂਨੀਅਨ ਪੰਜਾਬ ਵੱਲੋਂ ਸੂਬੇ ਭਰ ਵਿੱਚ ਰਾਜ ਪੱਧਰ, ਬਲਾਕ ਪੱਧਰ ਤੇ ਪਿੰਡ ਪੱਧਰ 'ਤੇ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ, ਤਾਂ ਜੋ ਹਰ ਪਿੰਡ ਤੱਕ ਸਰਪੰਚਾਂ ਦੀ ਆਵਾਜ਼ ਮਜ਼ਬੂਤੀ ਨਾਲ ਪਹੁੰਚ ਸਕੇ ਤੇ ਇਕਜੁੱਟਤਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।ਅੰਤ ਵਿੱਚ ਮਾਸਟਰ ਗੁਰਮੀਤ ਸਿੰਘ ਮੰਨੇਕਾ ਨੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਐੱਸ ਸੀ ਭਾਈਚਾਰੇ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਸੰਵਿਧਾਨਕ ਮਰਿਆਦਾਂ ਅਨੁਸਾਰ ਵਿਹਾਰ ਕੀਤਾ ਜਾਵੇ ਤੇ ਕਿਸੇ ਵੀ ਤਰ੍ਹਾਂ ਦੇ ਰਾਜਨੀਤਕ ਜਾਂ ਪ੍ਰਸ਼ਾਸਨਕ ਦਬਾਅ ਨੂੰ ਤੁਰੰਤ ਰੋਕਿਆ ਜਾਵੇ।

# ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਪੱਤਰਕਾਰਾਂ ਦੀਆਂ ਮੰਗਾਂ ਲਈ ਸੰਘਰਸ਼ ਦਾ ਸੱਦਾ

- ਪੱਤਰਕਾਰਾਂ ਦੀ ਸੁਰੱਖਿਆ ਲਈ ਮੀਡੀਆ ਕਮਿਸ਼ਨ ਤੇ ਵਿਸ਼ੇਸ਼ ਕਾਨੂੰਨ ਬਣਾਇਆ ਜਾਵੇ : ਗਿੱਲ
- ਲੁਧਿਆਣਾ (ਦਿਹਾਤੀ) ਜ਼ਿਲ੍ਹੇ ਲਈ ਤਿੰਨ ਮੈਂਬਰੀ ਤਾਲਮੇਲ ਕਮੇਟੀ ਦਾ ਗਠਨ



ਮੁੱਲਾਂਪੁਰ ਦਾਖਾ (ਸੰਜੀਵ ਅਰੋੜਾ)-ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦਾ ਜ਼ਿਲ੍ਹਾ ਪੱਧਰੀ ਸਮਾਗਮ ਸੀਨੀਅਰ ਪੱਤਰਕਾਰ ਨਿਰਮਲ ਸਿੰਘ ਧਾਲੀਵਾਲ, ਵਿਸ਼ਾਲ ਅਰੋੜਾ, ਬਲਵਿੰਦਰ ਸਿੰਘ ਲਿੱਤਰ ਤੇ ਕੰਵਰਪਾਲ ਆਹਲੂਵਾਲੀਆ ਦੀ ਪ੍ਰਧਾਨ ਹੇਠ ਹੋਇਆ। ਜਥੇਬੰਦੀ ਦੇ ਸੂਬਾਈ ਸਕੱਤਰ ਜਨਰਲ ਸੰਤੋਖ ਗਿੱਲ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸੂਬਾ ਤੇ ਕੇਂਦਰ ਸਰਕਾਰ ਵੱਲੋਂ ਪੱਤਰਕਾਰਾਂ ਦੀਆਂ ਭਖਦੀਆਂ ਮੰਗਾਂ ਬਾਰੇ ਧਾਰਨ ਕੀਤੀ ਚੁੱਪ ਦੀ ਜ਼ੋਰਦਾਰ ਨਿੰਦਾ ਕੀਤੀ।ਉਨ੍ਹਾਂ ਪ੍ਰੈੱਸ ਦੀ ਅਜ਼ਾਦੀ ਉੱਤੇ ਹੋ ਰਹੇ ਲਗਾਤਾਰ ਹਮਲਿਆਂ ਬਾਰੇ ਡੂੰਘੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਨੂੰ ਨਾ ਕੇਵਲ ਅਸੁਰੱਖਿਅਤ ਵਾਤਾਵਰਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਝੂਠੇ ਕੇਸਾਂ, ਸਾਈਬਰ ਅਪਰਾਧ ਦੇ ਨਾਂ 'ਤੇ ਝੂਠੇ ਮੁਕੱਦਮਿਆਂ ਤੇ ਹੋਰ ਕਾਨੂੰਨੀ ਕਾਰਵਾਈਆਂ ਰਾਹੀਂ ਉਨ੍ਹਾਂ ਦੀ ਜ਼ੁਬਾਨ ਬੰਦੀ ਦੀਆਂ ਕੋਸ਼ਿਸ਼ਾਂ ਵੀ ਵਧ ਰਹੀਆਂ ਹਨ।ਇਸ ਮੌਕੇ ਲੁਧਿਆਣਾ (ਦਿਹਾਤੀ) ਜ਼ਿਲ੍ਹਾ ਕਮੇਟੀ ਦੀ ਚੋਣ ਕਰਨ ਲਈ ਸਰਬਸੰਮਤੀ ਨਾਲ ਨਿਰਮਲ ਸਿੰਘ ਧਾਲੀਵਾਲ, ਵਿਸ਼ਾਲ ਅਰੋੜਾ ਤੇ ਕੰਵਰਪਾਲ ਆਹਲੂਵਾਲੀਆ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ।

ਉਨ੍ਹਾਂ ਲੁਧਿਆਣਾ ਸਾਈਬਰ ਕ੍ਰਾਈਮ ਪੁਲਸ ਵੱਲੋਂ ਪੱਤਰਕਾਰਾਂ, ਆਰ ਟੀ ਆਈ ਕਾਰਕੁਨਾਂ ਤੇ ਸੋਸ਼ਲ ਮੀਡੀਆ ਵਰਤੋਂਕਾਰਾਂ ਵਿਰੁੱਧ ਦਰਜ ਕੀਤੇ ਗਏ ਕੇਸ ਨੂੰ ਸਿੱਧੇ ਤੌਰ 'ਤੇ ਪ੍ਰੈੱਸ ਦੀ ਅਜ਼ਾਦੀ 'ਤੇ ਬੋਲਣ ਦੇ ਅਧਿਕਾਰ ਉੱਤੇ ਹਮਲਾ ਕਰਾਰ ਦਿੱਤਾ।ਸੰਤੋਖ ਗਿੱਲ ਨੇ ਪੱਤਰਕਾਰ ਭਾਈਚਾਰੇ ਨੂੰ ਇਕਜੁੱਟ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਦੀ ਅਪੀਲ ਵੀ ਕੀਤੀ।ਉਨ੍ਹਾਂ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਪੱਤਰਕਾਰਾਂ ਦੀ ਸੁਰੱਖਿਆ ਲਈ ਮੀਡੀਆ ਕਮਿਸ਼ਨ ਦੇ ਗਠਨ ਤੇ ਵਿਸ਼ੇਸ਼ ਕਾਨੂੰਨ ਬਣਾਉਣ ਦੀ ਮੰਗ ਵੀ ਕੀਤੀ।ਸੰਤੋਖ ਗਿੱਲ ਨੇ ਸਾਰੇ ਪੱਤਰਕਾਰਾਂ ਲਈ ਪੈਨਸ਼ਨ ਸਕੀਮ, ਮੁਫ਼ਤ ਬੱਸ ਸਫ਼ਰ, ਐਕਸ-ਗਰੇਸ਼ੀਆ, ਰਿਹਾਇਸ਼ੀ ਮਕਾਨ ਲਈ ਸਸਤੀਆਂ ਦਰਾਂ ਉਪਰ ਪਲਾਟ, ਰੇਲਵੇ ਸਫ਼ਰ ਸਮੇਤ ਹੋਰ ਮੰਗਾਂ ਫ਼ੌਰੀ ਲਾਗੂ ਕਰਨ ਦੀ ਮੰਗ ਕੀਤੀ।ਸਮਾਗਮ ਦੌਰਾਨ ਜਥੇਬੰਦੀ ਵੱਲੋਂ ਜਾਰੀ ਕੀਤੇ ਸ਼ਨਾਖ਼ਤੀ ਕਾਰਡ ਵੀ ਤਕਸੀਮ ਕੀਤੇ ਗਏ। ਸਮਾਗਮ ਵਿੱਚ ਮੁੱਲਾਂਪੁਰ, ਜਗਰਾਉਂ, ਰਾਏਕੋਟ, ਗੁਰੂਸਰ ਸੁਧਾਰ, ਜੋਧਾਂ, ਪੱਖੋਵਾਲ, ਚੌਕੀਮਾਨ ਸਮੇਤ ਹੋਰਨਾਂ ਸਟੇਸ਼ਨਾਂ ਦੇ ਵੱਡੀ ਗਿਣਤੀ ਪੱਤਰਕਾਰਾਂ ਨੇ ਭਾਗ ਲਿਆ।

## ਪਾਵਰਕਾਮ ਦੀ 'ਐਵਰੇਜ ਬਿਲਿੰਗ' ਨੇ ਖਪਤਕਾਰਾਂ ਦੇ ਕੱਢੇ ਵੱਟ, ਲੋਕਾਂ 'ਚ ਭਾਰੀ ਰੋਸ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ 300 ਯੂਨਿਟ ਮੁਫ਼ਤ ਬਿਜਲੀ ਦੇ ਕੇ 'ਰਾਹਤ' ਦੇਣ ਦੇ ਕੀਤੇ ਜਾ ਰਹੇ ਵੱਡੇ-ਵੱਡੇ ਦਾਅਵਿਆਂ ਦੀ ਫ਼ੂਕ ਨਿਕਲਦੀ ਨਜ਼ਰ ਆ ਰਹੀ ਹੈ।ਧੂਰੀ ਸ਼ਹਿਰ ਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਾਵਰਕਾਮ ਵੱਲੋਂ ਖਪਤਕਾਰਾਂ ਨੂੰ ਭੇਜੇ ਗਏ ਹਜ਼ਾਰਾਂ ਰੁਪਏ ਦੇ 'ਐਵਰੇਜ ਬਿਲਾਂ' ਨੇ ਆਮ ਜਨਤਾ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ।ਕੜਾਕੇ ਦੀ ਠੰਢ ਦੇ ਇਸ ਮੌਸਮ ਵਿੱਚ, ਜਦੋਂ ਬਿਜਲੀ ਦੀ ਵਰਤੋਂ ਨਿਗੂਣੀ ਰਹਿ ਜਾਂਦੀ ਹੈ, ਉਦੋਂ ਇੰਨੇ ਮੋਟੇ ਬਿਲਾਂ ਨੇ ਲੋਕਾਂ ਨੂੰ ਸੋਚੀਂ ਪਾ ਦਿੱਤਾ ਹੈ।ਕੁਝ ਖਪਤਕਾਰਾਂ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਸਰਦੀਆਂ ਵਿੱਚ ਅਕਸਰ ਉਨ੍ਹਾਂ ਦੇ ਬਿਲ ਜ਼ੀਰੋ ਆਉਂਦੇ ਸਨ, ਪਰ ਇਸ ਵਾਰ 20 ਅਕਤੂਬਰ 2025 ਤੋਂ ਬਿਲਿੰਗ ਪ੍ਰਕਿਰਿਆ ਠੱਪ ਰਹਿਣ ਕਾਰਨ ਪਾਵਰਕਾਮ ਨੇ ਮੀਟਰ ਰੀਡਿੰਗ ਲਏ ਬਿਨਾਂ ਹੀ ਅੰਦਾਜ਼ਨ ਖਪਤ ਦੇ ਆਧਾਰ 'ਤੇ ਭਾਰੀ-ਭਰਕਮ ਬਿਲ ਥੋਪ ਦਿੱਤੇ ਹਨ।ਇਸ ਕਾਰਨ ਲੋਕਾਂ ਅੰਦਰ ਸਰਕਾਰ ਤੇ ਮਹਿਕਮੇ ਪ੍ਰਤੀ ਤਿੱਖਾ ਰੋਸ ਪਾਇਆ ਜਾ ਰਿਹਾ ਹੈ।ਧੂਰੀ ਵਪਾਰ ਮੰਡਲ ਦੇ ਪ੍ਰਧਾਨ ਵਿਕਾਸ ਜੈਨ ਤੇ ਚੇਅਰਮੈਨ ਹੰਸ ਰਾਜ ਬਜਾਜ ਨੇ ਪਾਵਰਕਾਮ ਦੀ ਇਸ ਕਾਰਗੁਜ਼ਾਰੀ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ।ਉਨ੍ਹਾਂ ਕਿਹਾ ਕਿ 'ਬਿਨਾਂ ਰੀਡਿੰਗ, ਐਵਰੇਜ ਬਿਲਿੰਗ' ਸਰਾਸਰ ਬੇਇਨਸਾਫ਼ੀ ਤੇ ਜਨਤਾ ਦੀ ਆਰਥਿਕ ਲੁੱਟ ਹੈ।ਉਨ੍ਹਾਂ ਕਿਹਾ ਕਿ ਅੱਜ ਦਾ ਵਪਾਰੀ ਪਹਿਲਾਂ ਹੀ ਮਹਿੰਗਾਈ ਦੀ ਮਾਰ ਤੇ ਮੰਦਹਾਲੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਕਈਆਂ ਲਈ ਤਾਂ ਰੋਜ਼ੀ-ਰੋਟੀ ਦਾ ਜੁਗਾੜ ਕਰਨਾ ਵੀ ਦੁੱਭਰ ਹੋਇਆ ਪਿਆ ਹੈ।ਅਜਿਹੀ ਸਥਿਤੀ ਵਿੱਚ ਅਜਿਹੇ ਗੈਰ-ਵਾਜਬ ਬਿਲ ਭੇਜਣਾ ਲੋਕਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੇ ਤੁਲ ਹੈ।ਲੋਕਾਂ ਨੇ ਮੰਗ ਕੀਤੀ ਹੈ ਕਿ ਮਹਿਕਮਾ ਹੜਤਾਲੀ ਕਰਮਚਾਰੀਆਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕੱਢੇ ਜਾਂ ਫਿਰ ਰੀਡਿੰਗ ਲਈ ਕੋਈ ਬਦਲਵਾਂ ਠੋਸ ਪ੍ਰਬੰਧ ਕਰੇ, ਤਾਂ ਜੋ ਆਮ ਜਨਤਾ ਨੂੰ ਅਜਿਹੀਆਂ ਦੁਸ਼ਵਾਰੀਆਂ ਦਾ ਸਾਹਮਣਾ ਨਾ ਕਰਨਾ ਪਵੇ।

# ਸੁਖਬੀਰ ਬਾਦਲ ਵੱਲੋਂ ਬਾਲੀ ਤੇ ਕੇਵਲ ਦੇ ਪਰਵਾਰ ਨਾਲ ਦੁੱਖ ਸਾਂਝਾ

## ਸ਼ਾਂਤੀ ਦੇਵੀ ਗਰਗ ਦੇ ਦੇਹਾਂਤ 'ਤੇ ਪ੍ਰਗਟਾਇਆ ਗਹਿਰਾ ਅ.ਫਸੋਸ



ਬਾਘਾ ਪੁਰਾਣਾ (ਮਨੀ ਸਿੰਗਲਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉੱਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਨਗਰ ਕੌਂਸਲ ਬਾਘਾ ਪੁਰਾਣਾ ਦੇ ਸਾਬਕਾ ਪ੍ਰਧਾਨ ਬਾਲ ਕ੍ਰਿਸ਼ਨ ਬਾਲੀ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਕੇਵਲ ਕ੍ਰਿਸ਼ਨ ਗਰਗ ਦੀ ਮਾਤਾ ਸ਼ਾਂਤੀ ਦੇਵੀ ਗਰਗ (ਧਰਮਪਤਨੀ ਸਵ. ਜਗਦੀਸ਼ ਰਾਏ ਗਰਗ) ਦੇ ਅਕਾਲ ਚਲਾਣੇ 'ਤੇ ਗਹਿਰਾ ਅਫ਼ਸੋਸ ਪ੍ਰਗਟ ਕੀਤਾ।ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼ਿਵਾ ਇਨਕਲੇਵ, ਮੋਗਾ ਰੋਡ ਸਥਿਤ ਬਾਲ ਕ੍ਰਿਸ਼ਨ ਬਾਲੀ ਦੇ ਗ੍ਰਹਿ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਦਿਆਂ ਦੁੱਖ ਦੀ ਇਸ ਘੜੀ ਵਿਚ ਹੌਸਲਾ ਦਿੱਤਾ ਤੇ ਪ੍ਰਭੂ ਅੱਗੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ।ਉਨ੍ਹਾਂ ਕਿਹਾ ਕਿ ਮਾਤਾ ਸ਼ਾਂਤੀ ਦੇਵੀ ਗਰਗ ਦਾ ਜੀਵਨ ਸਾਦਗੀ, ਸੇਵਾ ਤੇ ਸਮਾਜਿਕ ਮੁੱਲਾਂ ਨਾਲ ਭਰਪੂਰ ਰਿਹਾ, ਜਿਸ ਦੀ ਕਮੀ ਪਰਿਵਾਰ ਹੀ ਨਹੀਂ ਸਗੋਂ ਪੂਰੇ ਇਲਾਕੇ ਨੂੰ ਮਹਿਸੂਸ ਹੋਵੇਗੀ।ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮਾਤਾ ਸ਼ਾਂਤੀ ਦੇਵੀ ਗਰਗ ਦਾ ਦਿਹਾਂਤ ਪਰਿਵਾਰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਤੇ ਦੁਖੀ ਪਰਿਵਾਰ ਨੂੰ ਇਸ ਵੱਡੇ ਸਦਮੇ ਨੂੰ ਸਹਿਣ ਦੀ ਤਾਕਤ ਦੇਵੇ।ਅਕਾਲੀ ਪਰਿਵਾਰ ਇਸ ਦੁੱਖ ਦੀ ਘੜੀ ਵਿਚ ਬਾਲ ਕ੍ਰਿਸ਼ਨ ਬਾਲੀ ਤੇ ਗਰਗ ਪਰਿਵਾਰ ਦੇ ਨਾਲ ਖੜ੍ਹਾ ਹੈ।ਉਨ੍ਹਾਂ ਕਿਹਾ ਕਿ ਮਾਤਾ ਜੀ ਵਰਗੀਆਂ ਸ਼ਖਸੀਅਤਾਂ ਪਰਿਵਾਰਾਂ ਲਈ ਪ੍ਰੇਰਨਾ ਦਾ ਸਰੋਤ ਹੁੰਦੀਆਂ ਹਨ ਤੇ ਉਨ੍ਹਾਂ ਵੱਲੋਂ ਦਿੱਤੇ ਗਏ ਸੰਸਕਾਰ ਸਦਾ ਯਾਦ ਰਹਿੰਦੇ ਹਨ।ਇਸ ਮੌਕੇ ਕਈ ਅਕਾਲੀ ਆਗੂ, ਸਥਾਨਕ ਆਗੂ, ਸਮਾਜਿਕ ਤੇ ਧਾਰਮਿਕ ਸ਼ਖਸੀਅਤਾਂ ਵੀ ਮੌਜੂਦ ਸਨ, ਜਿਨ੍ਹਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ, ਸੁਖਜੀਤ ਸਿੰਘ ਮਾਹਲਾ, ਸਰਪੰਚ ਜਗਮੋਹਨ ਸਿੰਘ ਜੈ ਸਿੰਘ ਵਾਲਾ, ਸੰਜੀਵ ਬਿੱਟੂ ਰੋਡੇ, ਵਿਜੇ ਬਾਂਸਲ, ਪ੍ਰਧਾਨ ਬਲਵਿੰਦਰ ਗਰਗ, ਸੁਨੀਲ ਗਰਗ ਸੋਮੀ, ਸੁਖਬੀਰ ਬਰਾੜ ਸੁੱਖਾ, ਪ੍ਰਧਾਨ ਰਾਮ ਬਾਂਸਲ ਸ਼ਹਿਰੀ ਪ੍ਰਧਾਨ, ਪ੍ਰਧਾਨ ਗੁਰਦਿੱਤ ਸਿੰਘ ਢਿੱਲੋਂ, ਅਮਰਜੀਤ ਸਿੰਘ ਮਾਣੂਕੇ, ਤਰਲੋਚਨ ਸਿੰਘ ਕਾਲੇਕੇ, ਗੋਰਾ ਸੰਗਤਪੁਰਾ, ਜਗਸੀਰ ਸਿੰਘ ਸਿੱਧੂ, ਪਵਨ ਗੋਇਲ, ਰਣਜੀਤ ਸਿੰਘ ਚੀਤੇ, ਵਿੱਕੀ ਫੁੱਲੇਵਾਲੀਆ, ਹਰਿੰਦਰਪਾਲ ਸਿੰਘ ਪਾਲੀ, ਸ਼ਹਿਰੀ ਪ੍ਰਧਾਨ ਪਵਨ ਢੰਡ, ਵਿਜੇ ਸ਼ਰਮਾ, ਕ੍ਰਿਸ਼ਨ ਗਰਗ, ਅਰੁਣ ਬਾਂਸਲ, ਸੰਤ ਰਾਮ ਭੰਡਾਰੀ, ਸੁਖਦਰਸ਼ਨ ਸਿੰਗਲਾ, ਬਿੱਟੂ ਜੈਦਕਾ, ਦਵਿੰਦਰ ਚੀਕਾ, ਸੁਰਿੰਦਰ ਬਾਂਸਲ, ਤੀਰਥ ਬਾਂਸਲ, ਭੂਸਨ ਜੈਨ, ਰਾਕੇਸ਼ ਜਿੰਦਲ ਤੋਤਾ, ਰੋਸ਼ਨ ਲਾਲ ਰੋਸ਼ੀ, ਅਸ਼ਵਨੀ ਸ਼ਰਮਾ, ਯਸ਼ ਪਾਲ ਗਰਗ, ਦੀਪਕ ਗਰਗ ਬੋਬੀ ਆਦਿ ਹਾਜ਼ਰ ਸਨ।

# ਸਿਵਲ ਹਸਪਤਾਲ 'ਚ ਹੱਡੀਆਂ ਦੀ ਸਰਜਰੀ ਤੇ ਓ ਪੀ ਡੀ ਸੇਵਾਵਾਂ ਦੀ ਸ਼ਲਾਘਾ



ਫਾਜ਼ਿਲਕਾ (ਨਿਸ਼ਾ ਸ਼ਰਮਾ)

ਸਿਵਿਲ ਹਸਪਤਾਲ ਫਾਜ਼ਿਲਕਾ ਵੱਲੋਂ ਹੱਡੀਆਂ (ਆਰਥੋਪੀਡਿਕ) ਦੇ ਇਲਾਜ ਦੇ ਖੇਤਰ ਵਿੱਚ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ।ਹਸਪਤਾਲ ਵਿੱਚ ਤਾਇਨਾਤ ਦੋ ਮਾਹਰ ਆਰਥੋਪੀਡਿਕ ਡਾਕਟਰਾਂ ਦੀ ਮਿਹਨਤ ਤੇ ਤਜਰਬੇ ਸਦਕਾ ਓਪੀਡੀ ਤੋਂ ਲੈ ਕੇ ਵੱਡੀਆਂ ਸਰਜਰੀਆਂ ਤੱਕ ਮਰੀਜ਼ਾਂ ਨੂੰ ਉੱਚ-ਪੱਧਰੀ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਸਿਵਿਲ ਹਸਪਤਾਲ ਫਾਜ਼ਿਲਕਾ ਦੀ ਹੱਡੀਆਂ ਦੀ ਓਪੀਡੀ ਵਿੱਚ ਹਰ ਰੋਜ਼ ਵੱਡੀ ਗਿਣਤੀ ਵਿੱਚ ਮਰੀਜ਼ ਆਪਣਾ ਇਲਾਜ ਕਰਵਾਉਣ ਲਈ ਪਹੁੰਚ ਰਹੇ ਹਨ।ਇੱਥੇ ਗੋਡਿਆਂ ਦੇ ਦਰਦ, ਕੂਲ੍ਹੇ ਦੇ ਜੋੜਾਂ ਦੀ ਸਮੱਸਿਆ, ਹੱਡੀਆਂ ਦੇ ਟੁੱਟਣ, ਪੁਰਾਣੀਆਂ ਚੋਟਾਂ, ਜੋੜਾਂ ਦੀ ਘਿਸਾਈ, ਸਪਾਈਨ ਨਾਲ ਸੰਬੰਧਤ ਬਿਮਾਰੀਆਂ ਤੇ ਹੋਰ ਆਰਥੋਪੀਡਿਕ ਰੋਗਾਂ ਦਾ ਸੁਚੱਜਾ ਇਲਾਜ ਕੀਤਾ ਜਾ ਰਿਹਾ ਹੈ।ਹਸਪਤਾਲ ਵਿੱਚ ਤਾਇਨਾਤ ਦੋਨਾਂ ਆਰਥੋਪੀਡਿਕ ਡਾਕਟਰ ਵਿਕਾਸ ਗਾਂਧੀ ਤੇ ਡਾਕਟਰ ਨਿਸ਼ਾਂਤ ਸੇਤੀਆ ਵੱਲੋਂ ਪਿਛਲੇ ਸਮੇਂ ਦੌਰਾਨ ਆਯੂਸ਼ਮਾਨ ਭਾਰਤ ਸਕੀਮ ਤਹਿਤ ਸੈਂਕੜਿਆਂ ਮਰੀਜ਼ਾਂ ਦੀਆਂ ਹੱਡੀਆਂ ਨਾਲ ਸੰਬੰਧਤ ਸਰਜਰੀਆਂ ਸਫਲਤਾਪੂਰਵਕ ਕੀਤੀਆਂ ਗਈਆਂ ਹਨ।ਇਨ੍ਹਾਂ ਵਿੱਚ ਗੋਡੇ ਦੇ ਰਿਪਲੇਸਮੈਂਟ, ਕੂਲ੍ਹੇ ਦੇ ਰਿਪਲੇਸਮੈਂਟ, ਹੱਡੀਆਂ ਦੇ ਟੁੱਟਣ ਦੀ ਸਰਜਰੀ, ਰੌਡ ਪਾਉਣ, ਪਲੇਟਾਂ ਲਗਾਉਣ ਤੇ ਹੋਰ ਜਟਿਲ ਓਪਰੇਸ਼ਨ ਸ਼ਾਮਲ ਹਨ।ਇਸ ਨਾਲ ਗਰੀਬ ਤੇ ਲੋੜਵੰਦ ਪਰਵਾਰਾਂ ਨੂੰ ਨਿੱਜੀ ਹਸਪਤਾਲਾਂ ਦੇ ਮਹਿੰਗੇ ਖਰਚਿਆਂ ਤੋਂ ਵੱਡੀ ਰਹਤ ਮਿਲੀ ਹੈ।ਸਰਜਰੀ ਤੋਂ ਬਾਅਦ ਕਈ ਮਰੀਜ਼, ਜੋ ਲੰਬੇ ਸਮੇਂ ਤੋਂ ਤੁਰਨ-ਫਿਰਨ ਤੋਂ ਲਾਚਾਰ ਸਨ, ਹੁਣ ਮੁੜ ਸਧਾਰਨ ਜੀਵਨ ਜੀ ਰਹੇ ਹਨ।ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਸਿਵਿਲ ਹਸਪਤਾਲ ਫਾਜ਼ਿਲਕਾ ਦੀ ਸਿਹਤ ਟੀਮ ਦੀ ਭਰਪੂਰ ਪ੍ਰਸ਼ੰਸਾ ਕੀਤੀ ਜਾ ਰਹੀ ਹੈ।ਇਸ ਮੌਕੇ ਡਾਕਟਰ ਨਿਸ਼ਾਤ ਸੇਤੀਆ ਤੇ ਡਾਕਟਰ ਵਿਕਾਸ ਗਾਂਧੀ ਨੇ ਕਿਹਾ ਕਿ ਬਾਰਡਰ ਖੇਤਰ ਵਿਖੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣਾ ਉਨ੍ਹਾਂ ਦੀ ਡਿਊਟੀ ਹੈ ਤੇ ਇਸ ਵਿੱਚ ਟੀਮ ਵਰਕ ਦਾ ਕੰਮ ਹੈ। ਸੀਨੀਅਰ ਮੈਡੀਕਲ ਅਫਸਰ ਡਾਕਟਰ ਏਰਿਕ ਤੇ ਸਹਾਇਕ ਸਿਵਿਲ ਸਰਜਨ ਡਾਕਟਰ ਰੋਹਿਤ ਗੋਇਲ ਨੇ ਕਿਹਾ ਕਿ ਫਾਜ਼ਿਲਕਾ ਸਿਵਿਲ ਹਸਪਤਾਲ ਵਿਖੇ ਦੋਨਾਂ ਡਾਕਟਰਾਂ ਨੇ ਸਾਲ 2025 ਦੌਰਾਨ ਕਾਫੀ ਵਧੀਆ ਕੰਮ ਕੀਤਾ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਇਸ ਮੌਕੇ ਸਿਵਿਲ ਸਰਜਨ ਡਾਕਟਰ ਕਵਿਤਾ ਸਿੰਘ ਨੇ ਕਿਹਾ ਕਿ ਸਿਵਿਲ ਹਸਪਤਾਲ ਫਾਜ਼ਿਲਕਾ ਵਿੱਚ ਪੰਜਾਬ ਸਰਕਾਰ ਦੀਆਂ ਸਿਹਤ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਸਫਲਤਾਪੂਰਵਕ ਲਾਗੂ ਕੀਤਾ ਜਾ ਰਿਹਾ ਹੈ।ਹੱਡੀਆਂ ਦੀਆਂ ਸਰਜਰੀਆਂ ਤੇ ਓਪੀਡੀ ਸੇਵਾਵਾਂ ਰਾਹੀਂ ਆਮ ਲੋਕਾਂ ਨੂੰ ਵੱਡਾ ਲਾਭ ਮਿਲ ਰਿਹਾ ਹੈ।ਆਯੁਸ਼ਮਾਨ ਭਾਰਤ ਸਕੀਮ ਤਹਿਤ ਮਹਿੰਗੀਆਂ ਸਰਜਰੀਆਂ ਮੁਫ਼ਤ ਹੋਣ ਨਾਲ ਗਰੀਬ ਵਰਗ ਨੂੰ ਨਵੀਂ ਜ਼ਿੰਦਗੀ ਮਿਲੀ ਹੈ।ਭਵਿੱਖ ਵਿੱਚ ਵੀ ਹਸਪਤਾਲ ਚ ਸਿਹਤ ਸਹੂਲਤਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

# ਨਗਰ ਕੀਰਤਨ ਕੱਢੇ ਜਾਣ ਮਗਰੋਂ ਮਾਘੀ ਮੇਲਾ ਰਵਾਇਤੀ ਤੌਰ 'ਤੇ ਸਮਾਪਤ

*ਚਾਲੀ ਮੁਕਤਿਆਂ ਦੀ ਯਾਦ ਨੂੰ ਸਮਰਪਤ ਨਗਰ ਕੀਰਤਨ 'ਚ ਉਮੜੀ ਸੰਗਤ*



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਲੀ ਮੁਕਤਿਆਂ ਦੀ ਯਾਦ ਨੂੰ ਸਮਰਪਤ ਮਾਘੀ ਮੇਲਾ ਵੀਰਵਾਰ ਨੂੰ ਨਗਰ ਕੀਰਤਨ ਕੱਢੇ ਜਾਣ ਮਗਰੋਂ ਰਵਾਇਤੀ ਤੌਰ 'ਤੇ ਸਮਾਪਤ ਹੋਇਆ।ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਨੇ ਸ਼ਹਿਰ ਵਿੱਚ ਨਗਰ ਕੀਰਤਨ ਦਾ ਆਯੋਜਨ ਕੀਤਾ।ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਕਾ ਨੰਬਰ 4 ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ੁਰੂ ਹੋਇਆ। ਨਗਰ ਕੀਰਤਨ ਰੇਲਵੇ ਰੋਡ, ਬੈਂਕ ਰੋਡ, ਘਾਸ ਮੰਡੀ ਚੌਂਕ ਤੋਂ ਜਲਾਲਾਬਾਦ ਰੋਡ ਓਵਰਬ੍ਰਿਜ ਰਾਹੀਂ ਟਿੱਬੀ ਸਾਹਿਬ ਰੋਡ ਤੱਕ ਚੱਲਿਆ ਤੇ ਗੁਰਦੁਆਰਾ ਟਿੱਬੀ ਸਾਹਿਬ ਤੇ ਦਾਤਣਸਰ ਸਾਹਿਬ ਪਹੁੰਚਿਆ। ਸ਼ਰਧਾਲੂਆਂ ਨੇ ਮੱਥਾ ਟੇਕਿਆ ਤੇ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਨਗਰ ਕੀਰਤਨ ਫਿਰ ਜਲਾਲਾਬਾਦ ਰੋਡ ਰਾਹੀਂ ਵਾਪਸ ਆਇਆ ਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਨਾਕਾ ਨੰਬਰ 7 'ਤੇ ਸਮਾਪਤ ਹੋਇਆ।ਨਗਰ ਕੀਰਤਨ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਹੋਏ ਸ਼ਮੂਲੀਅਤ ਕੀਤੀ।ਹਥਿਆਰਬੰਦ ਨਿਹੰਗ ਸਿੰਘ ਸੰਗਤਾਂ ਦੇ ਖਿੱਚ ਦਾ ਕੇਂਦਰ ਬਣੇ ਰਹੇ। ਰਾਗੀ ਢਾਡੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਮੰਤਰਮੁਗਧ ਕੀਤਾ।ਗੱਤਕਾ ਟੀਮਾਂ ਨੇ ਗੱਤਕੇ ਦੇ ਕਰਤੱਬ ਦਿਖਾਏ।ਸ਼ਰਧਾਲੂ ਪਾਲਕੀ ਸਾਹਿਬ ਦੇ ਦਰਸ਼ਨਾਂ ਲਈ ਇਕੱਠੇ ਹੋਏ।ਇਸ ਮੌਕੇ ਦਰਬਾਰ ਸਾਹਿਬ ਦੇ ਮੈਨੇਜਰ ਨਿਰਮਲਜੀਤ ਸਿੰਘ, ਪ੍ਰਬੰਧਕ ਕਮੇਟੀ ਦੇ ਸਕੱਤਰ ਬਿਜੈ ਸਿੰਘ ਧਰਮ ਪ੍ਰਚਾਰ ਕਮੇਟੀ, ਅਕਾਊਂਟੈਂਟ ਕੁਲਵੰਤ ਸਿੰਘ, ਨਵਤੇਜ ਸਿੰਘ ਕੌਣੀ ਸ਼੍ਰੋਮਣੀ ਕਮੇਟੀ ਮੈਂਬਰ, ਜਗਬੀਰ ਸਿੰਘ ਹੈੱਡ ਗ੍ਰੰਥੀ ਚਾਨਣ ਸਿੰਘ ਮੁਮੂ ਖੇੜਾ, ਸਾਬਕਾ ਮੈਨੇਜਰ ਬਲਦੇਵ ਸਿੰਘ ਸੁਖਦੇਵ ਸਿੰਘ ਮੀਤ ਮੈਨੇਜਰ ਗੁਰਜੀਤ ਸਿੰਘ ਰਿਕਾਰਡ ਕੀਪਰ, ਸਾਬਕਾ ਮੈਨੇਜਰ ਸੁਮੇਰ ਸਿੰਘ, ਜਗਦੀਸ਼ ਸਿੰਘ ਚੀਫ ਗੁਰਨਾਮ ਸਿੰਘ ਮੀਤ ਸਕੱਤਰ ਮੌਜੂਦ ਸਨ।

# ਮਾਘੀ ਮੇਲੇ ਮੌਕੇ ਭਾਜਪਾ ਵੱਲੋਂ ਵਿਸ਼ਾਲ ਰਾਜਨੀਤਕ ਸੰਮੇਲਨ



ਸ੍ਰੀ ਮੁਕਤਸਰ ਸਾਹਿਬ/ਫ਼ਰੀਦਕੋਟ (ਸ਼ਮਿੰਦਰ ਪਾਲ/ਐਲਿਗਜ਼ੈਂਡਰ ਡਿਸੂਜ਼ਾ)-ਮਾਘੀ ਦੇ ਸ਼ੁੱਭ ਮੌਕੇ 'ਤੇ ਭਾਰਤੀ ਜਨਤਾ ਪਾਰਟੀ ਨੇ ਚਾਲੀ ਮੁਕਤਿਆਂ ਦੇ ਤਪੱਸਿਆ ਦੇ ਪਵਿੱਤਰ ਸਥਾਨ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਵਿਸ਼ਾਲ ਰਾਜਨੀਤਕ ਸੰਮੇਲਨ ਨਾਲ ਸੂਬੇ ਦੀ ਰਾਜਨੀਤੀ ਵਿੱਚ ਇੱਕ ਨਵੀਂ ਹਲਚਲ ਪੈਦਾ ਕਰ ਦਿੱਤੀ।ਪੰਜਾਬ, ਹਰਿਆਣਾਅਤੇ ਹਿਮਾਚਲ ਪ੍ਰਦੇਸ਼ ਦੀ ਸੀਨੀਅਰ ਭਾਜਪਾ ਲੀਡਰਸ਼ਿਪ ਇੱਕ ਪਲੇਟਫਾਰਮ 'ਤੇ ਇਕੱਠੀ ਹੋਈ ਤੇ ਮੌਜੂਦਾ ਆਮ ਆਦਮੀ ਪਾਰਟੀ (ਆਪ) ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ। ਆਗੂਆਂ ਨੇ ਸਪੱਸ਼ਟ ਸੰਦੇਸ਼ ਦਿੱਤਾ ਕਿ ਪੰਜਾਬ ਨੂੰ ਨਸ਼ਾਖੋਰੀ, ਮਾਫੀਆ ਤੇ ਕਰਜ਼ੇ ਦੀ ਦਲਦਲ ਵਿੱਚੋਂ ਕੱਢਣ ਲਈ ਸੂਬੇ ਵਿੱਚ ਭਾਜਪਾ ਸਰਕਾਰ ਜ਼ਰੂਰੀ ਹੈ।

ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ 'ਰੰਗਲਾ ਪੰਜਾਬ' ਦਾ ਸੁਪਨਾ ਦੇਖਣ ਵਾਲਿਆਂ ਨੇ ਸੂਬੇ ਨੂੰ 'ਗਰੀਬ' ਬਣਾ ਦਿੱਤਾ ਹੈ। ਕੇਂਦਰ ਸਰਕਾਰ ਦੀਆਂ ਯੋਜਨਾਵਾਂ 'ਤੇ ਸਪੱਸ਼ਟੀਕਰਨ ਦਿੰਦੇ ਹੋਏ ਸ਼ਰਮਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਨਰੇਗਾ ਨੂੰ ਨਹੀਂ ਰੋਕਿਆ ਹੈ, ਸਗੋਂ ਇਸ ਨੂੰ ਹੋਰ ਮਜ਼ਬੂਤ ??ਤੇ ਪਾਰਦਰਸ਼ੀ ਬਣਾਇਆ ਹੈ।ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਦਾ ਰਿਸ਼ਤਾ ਵੱਡੇ ਭਰਾ ਤੇ ਛੋਟੇ ਭਰਾ ਵਰਗਾ ਹੈ।ਉਨ੍ਹਾਂ ਯਾਦ ਕੀਤਾ ਕਿ ਜਦੋਂ ਪੰਜਾਬ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਇਆ ਸੀ, ਤਾਂ ਪੰਜਾਬ ਦੇ ਮੁੱਖ ਮੰਤਰੀ ਹਸਪਤਾਲ ਵਿੱਚ ਭਰਤੀ ਸਨ ਤੇ ਕੇਜਰੀਵਾਲ ਦਿੱਲੀ ਵਿੱਚ ਸਨ।ਉਸ ਸੰਕਟ ਦੌਰਾਨ, ਹਰਿਆਣਾ ਦੇ ਲੋਕਾਂ ਤੇ ਸਰਕਾਰ ਨੇ ਆਪਣੇ ਪੰਜਾਬੀ ਭਰਾਵਾਂ ਦੀ ਮਦਦ ਲਈ ਸਰਹੱਦ ਪਾਰ ਕੀਤੀ।ਅਨੁਰਾਗ ਠਾਕੁਰ ਨੇ ਇਤਿਹਾਸਕ ਸੰਦਰਭ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਿਸ ਤਰ੍ਹਾਂ 40 ਮੁਕਤਿਆਂ ਨੇ ਕੱਟੜਵਾਦ ਵਿਰੁੱਧ ਲੜਾਈ ਲੜੀ, ਉਸੇ ਤਰ੍ਹਾਂ ਪੰਜਾਬ ਨੂੰ ਵੀ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਤੇ ਮਾਫੀਆ ਰਾਜ ਵਿਰੁੱਧ ਜੰਗ ਛੇੜਨ ਦੀ ਲੋੜ ਹੈ।ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਭਾਵਨਾ ਪੰਜਾਬੀਆਂ ਦੇ ਡੀਐੱਨਏ ਵਿੱਚ ਹੈ।ਉਨ੍ਹਾਂ ਮੁੱਖ ਮੰਤਰੀ ਮਾਨ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਨੂੰ ਆਪਣੀ ਪੁਲਸ 'ਤੇ ਭਰੋਸਾ ਹੁੰਦਾ, ਤਾਂ ਉਹ ਆਤਿਸ਼ੀ ਨੂੰ ਸਟੇਜ 'ਤੇ ਬੁਲਾਉਂਦੇ ਤੇ ਬੇਅਦਬੀ ਦੀ ਘਟਨਾ ਲਈ ਮੁਆਫ਼ੀ ਮੰਗਦੇ।ਕੇਂਦਰੀ ਰੇਲਵੇ ਰਾਜ ਮੰਤਰੀ ਨੇ ਦੋਸ਼ ਲਗਾਇਆ ਕਿ ਵਿਦੇਸ਼ੀ ਦੌਰਿਆਂ 'ਤੇ ਪੰਜਾਬ ਦਾ ਪੈਸਾ ਬਰਬਾਦ ਹੋ ਰਿਹਾ ਹੈ ਤੇ ਪਹਿਲੀ ਵਾਰ ਸਰਕਾਰੀ ਬੱਸਾਂ ਨੂੰ ਨਿੱਜੀ ਪਾਰਟੀ ਸਮਾਗਮਾਂ ਲਈ ਵਰਤਿਆ ਜਾ ਰਿਹਾ ਹੈ।ਇਸ ਮੌਕੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ, ਸਾਬਕਾ ਸੰਸਦ ਮੈਂਬਰ ਮਹਾਰਾਣੀ ਪ੍ਰਨੀਤ ਕੌਰ, ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਇਕਬਾਲ ਸਿੰਘ ਲਾਲਪੁਰਾ, ਵਿਧਾਇਕ ਸੰਦੀਪ ਜਾਖੜ, ਰਾਹੁਲ ਸਿੱਧੂ, ਬੰਟੀ ਸਿੰਘ ਬਾਦਲ, ਅਭਿਸ਼ੇਕ, ਗੌਰਵ ਕੱਕੜ ਤੇ ਵੱਡੀ ਗਿਣਤੀ ਵਿੱਚ ਭਾਜਪਾ ਵਰਕਰ ਕਾਨਫਰੰਸ ਵਿੱਚ ਮੌਜੂਦ ਸਨ।ਸਾਰੇ ਆਗੂਆਂ ਨੇ ਸਰਬਸੰਮਤੀ ਨਾਲ ਸੰਕਲਪ ਲਿਆ ਕਿ ਭਾਜਪਾ ਪੰਜਾਬ ਨੂੰ ਇੱਕ ਸੁਰੱਖਿਅਤ ਤੇ ਖੁਸ਼ਹਾਲ ਸੂਬਾ ਬਣਾਉਣ ਲਈ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲੜੇਗੀ।

## ਸਿਵਲ ਸਰਜਨ ਨੇ ਚੈਕਿੰਗ ਸਟਾਫ ਦੀਆਂ ਸੁਣੀਆਂ ਮੁਸ਼ਕਿਲਾਂ



**ਫ਼ਿਰੋਜ਼ਪੁਰ (ਜਸਬੀਰ ਸਿੰਘ ਕੰਬੋਜ)**-ਸਿਹਤ ਵਿਭਾਗ 'ਚ ਪੁਖ਼ਤਾ ਸੁਧਾਰ ਕਰਨ ਦੇ ਮੰਤਵ ਨੂੰ ਲੈ ਕੇ ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਵੱਲੋਂ ਕਮਿਊਨਟੀ ਸਿਹਤ ਕੇਂਦਰ ਮਮਦੋਟ ਵਿਖੇ ਚੈਕਿੰਗ ਕਰ ਹਲਾਤਾਂ ਦਾ ਜਾਇਜ਼ਾ ਲਿਆ।ਉਨ੍ਹਾਂ ਸਟਾਫ਼ ਤੇ ਮਰੀਜ਼ਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਪੁਖਤਾ ਹੱਲ ਦਾ ਭਰੋਸਾ ਦਵਾਇਆ।ਉਨ੍ਹਾਂ ਵੱਲੋਂ ਓ.ਪੀ.ਡੀ, ਜੱਚਾ ਬੱਚਾ ਵਾਰਡ, ਲੈਬ ਸਮੇਤ ਵੱਖ-ਵੱਖ ਵਾਰਡਾਂ ਦਾ ਦੌਰਾ ਕੀਤਾ ਗਿਆ।ਡਾ. ਰਾਜੀਵ ਪਰਾਸ਼ਰ ਸਿਵਲ ਸਰਜਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਮਿਆਰੀ ਪੱਧਰ ਦੀਆ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਲਈ ਦਿਨ-ਰਾਤ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਤਹਿਤ ਉਨ੍ਹਾਂ ਵੱਲੋਂ ਲਗਾਤਾਰ ਸਿਹਤ ਕੇਂਦਰ ਦੇ ਦੌਰੇ ਕਰਕੇ ਵੱਧ ਤੋ ਵੱਧ ਸੁਧਾਰ ਕੀਤਾ ਜਾਵੇਗਾ ਤੇ ਮਰੀਜ਼ਾ ਨੂੰ ਕਿਸੇ ਵੇ ਤਰ੍ਹਾਂ ਦੀ ਮੁਸ਼ਕਲ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਗਰਭਵਤੀ ਔਰਤਾਂ ਤੇ ਗਰਭ ਵਿੱਚ ਪਲ ਰਹੇ ਬੱਚੇ ਦੀ ਸਿਹਤ, ਹਾਈ ਰਿਸਕ ਕੇਸਾਂ ਦੀ ਪਹਿਚਾਣ ਕਰਕੇ ਮੈਡੀਕਲ ਨਿਗਰਾਨੀ ਤੇ ਜਣੇਪੇ ਵੇਲੇ ਮਾਂ ਅਤੇ ਬੱਚੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਹਦਾਇਤ ਕੀਤੀ ।ਸਿਵਲ ਸਰਜਨ ਡਾ ਰਾਜੀਵ ਪਰਾਸ਼ਰ ਨੇ ਕਿਹਾ ਕਿ ਗਰਭਵਤੀ ਔਰਤਾਂ ਦੀ ਸਿਹਤ ਦਾ ਖਾਸ ਖਿਆਲ ਰੱਖਿਆ ਜਾਵੇ ਤਾਂ ਜੁ ਜਣੇਪੇ ਦੌਰਾਨ ਹੋਣ ਵਾਲੀ ਮੌਤ ਦਰ ਨੂੰ ਘਟਾਇਆ ਜਾ ਸਕੇ।

## ਭਗਤੀ ਸਿਰਫ਼ ਸ਼ਬਦ ਨਹੀਂ, ਸਗੋਂ ਜੀਵਨ ਦੀ ਇੱਕ ਸੁਚੇਤ ਯਾਤਰਾ ਹੈ : ਮਾਤਾ ਸੁਦੀਕਸ਼ਾ ਜੀ



**ਸਮਾਣਾ (ਇਕਬਾਲ ਸਿੰਘ ਬੱਲ)**
ਸਮਾਣਾ ਵਿਖੇ ਸਥਾਨਕ ਸੰਯੋਜਕ ਐਡਵੋਕੇਟ ਸੁਰਿੰਦਰ ਸਿੰਘ ਦੀ ਅਗਵਾਈ ਵਿੱਚ ਭਗਤੀ ਪੂਰਵ ਦਿਵਸ ਮਨਾਇਆ ਗਿਆ। ਉਨ੍ਹਾਂ ਦੱਸਿਆ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਭਗਤੀ ਪੂਰਵ ਦਿਵਸ ਮੌਕੇ ਸਮਾਲਖਾ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਤੀ ਸਿਰਫ਼ ਸ਼ਬਦ ਨਹੀਂ, ਸਗੋਂ ਜੀਵਨ ਦੀ ਇੱਕ ਮਹਾਨ ਯਾਤਰਾ ਹੈ।ਇਸ ਮੌਕੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜਪਿਤਾ ਰਮਿਤ ਦੀ ਪਵਿੱਤਰ ਹਜ਼ੂਰੀ ਹੋਏ ਭਗਤੀ ਪੂਰਵ ਸਮਾਗਮ ਮੌਕੇ ਸੰਤਾਂ ਤੇ ਮਹਾਂਪੁਰਖਾਂ ਦੁਆਰਾ ਬ੍ਰਹਮ ਗਿਆਨ ਦੇ ਪ੍ਰਸਾਰ ਵਿੱਚ ਕੀਤੇ ਗਏ ਤਪੱਸਿਆ, ਕੁਰਬਾਨੀ ਤੇ ਅਨਮੋਲ ਯੋਗਦਾਨ ਨੂੰ ਭਾਵਨਾਤਮਕ ਤੌਰ 'ਤੇ ਯਾਦ ਕੀਤਾ ਗਿਆ। ਸ਼ਰਧਾਲੂਆਂ ਨੇ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲਈ ਤੇ ਭਗਤੀ, ਸੇਵਾ ਤੇ ਸਮਰਪਣ ਦੇ ਮੁੱਲਾਂ ਨੂੰ ਗ੍ਰਹਿਣ ਕਰਨ ਦਾ ਸੰਕਲਪ ਲਿਆ।ਭਗਤੀ ਦੀ ਮਹਿਮਾ ਨੂੰ ਉਜਾਗਰ ਕਰਦੇ ਹੋਏ ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਭਗਤੀ ਕੋਈ ਨਾਮ ਜਾਂ ਦਿਖਾਵਾ ਨਹੀਂ ਹੈ, ਸਗੋਂ ਆਪਣੇ ਅੰਦਰ ਇੱਕ ਚੇਤੰਨ ਯਾਤਰਾ ਹੈ।ਸੱਚੀ ਭਗਤੀ ਉਦੋਂ ਹੁੰਦੀ ਹੈ, ਜਦੋਂ ਅਸੀਂ ਆਤਮ-ਨਿਰੀਖਣ ਦੁਆਰਾ ਦੂਜਿਆਂ ਦੇ ਸੰਬੰਧ ਵਿੱਚ ਆਪਣਾ ਮੁਲਾਂਕਣ ਕਰਦੇ ਹਾਂ, ਆਪਣੀਆਂ ਕਮੀਆਂ ਨੂੰ ਸੁਧਾਰਦੇ ਹਾਂ ਅਤੇ ਹਰ ਪਲ ਇੱਕ ਚੇਤੰਨ ਜੀਵਨ ਜੀਉਂਦੇ ਹਾਂ।ਹਰ ਕਿਸੇ ਵਿੱਚ ਨਿਰਾਕਾਰ ਨੂੰ ਵੇਖਣਾ, ਸਾਦਗੀ ਤੇ ਨਿਮਰਤਾ ਨੂੰ ਧਾਰਨ ਕਰਨਾ ਅਤੇ ਬ੍ਰਹਮ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਸੇਵਾ, ਧਿਆਨ ਤੇ ਸਤਿਸੰਗ ਦੁਆਰਾ ਇਸ ਅਹਿਸਾਸ ਨੂੰ ਬਣਾਈ ਰੱਖਣਾ।ਅੰਤ ਵਿੱਚ, ਭਗਤੀ ਇੱਕ ਢੰਗ ਹੈ-ਇੱਕ ਨਾਮ ਨਹੀਂ, ਸਗੋਂ ਇੱਕ ਜੀਵਨ।ਸਤਿਗੁਰੂ ਮਾਤਾ ਜੀ ਦੇ ਸਾਹਮਣੇ ਨਿਰੰਕਾਰੀ ਰਾਜਪਿਤਾ ਜੀ ਨੇ ਭਗਤੀ ਪਰਵ ਦੇ ਮੌਕੇ ਤੇ ਸਮਝਾਇਆ ਕਿ ਭਗਤੀ ਕੋਈ ਅਹੁਦਾ, ਪਛਾਣ ਜਾਂ ਸਵੈ-ਲਗਾਈ ਗਈ ਪਰਿਭਾਸ਼ਾ ਨਹੀਂ ਹੈ, ਸਗੋਂ ਜੀਵਨ ਦਾ ਇੱਕ ਤਰੀਕਾ ਹੈ ਜੋ ਬ੍ਰਹਮ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਸੁਭਾਵਿਕ ਤੌਰ ਤੇ ਅੰਦਰ ਆਉਂਦਾ ਹੈ।ਸੰਤਾਂ ਨੇ ਬਚਨ ਦੀ ਪਾਲਣਾ ਕੀਤੀ, ਕਿਉਂਕਿ ਉਨ੍ਹਾਂ ਲਈ ਗੁਰੂ ਦੇ ਬਚਨ ਦੀ ਪਾਲਣਾ ਕਰਨਾ ਸੁਭਾਵਿਕ ਸੀ, ਜਦੋਂ ਕਿ ਅਸੀਂ ਕਈ ਵਾਰ ਨਾ ਮੰਨਣ ਨੂੰ ਜਾਇਜ਼ ਠਹਿਰਾਉਂਦੇ ਹਾਂ।ਸੱਚ ਤੇ ਭਗਤੀ ਦੀ ਪਰਿਭਾਸ਼ਾ ਇੱਕੋ ਜਿਹੀ ਹੈ।

## ਪੰਜਾਬ ਸਰਕਾਰ ਵੱਲੋਂ ਯੁਵਕਾਂ ਨੂੰ ਕਰਵਾਇਆ ਜਾ ਰਿਹਾ ਮੁਫ਼ਤ ਸਕਿਉਰਿਟੀ ਗਾਰਡ ਕੋਰਸ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ ਗੁਰਦਰਸ਼ਨ ਸਿੰਘ ਵੱਲੋਂ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਸਕਿਉਰਿਟੀ ਗਾਰਡ ਦਾ ਕੋਰਸ ਚਲਾਇਆ ਜਾ ਰਿਹਾ ਹੈ।ਚਾਹਵਾਨ ਯੁਵਕ 20 ਜਨਵਰੀ ਤੱਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਕੋਰਸ ਸ਼ੁਰੂ ਕਰਨ ਦੀ ਮਿਤੀ 23 ਜਨਵਰੀ ਹੈ।ਸਕਿਉਰਿਟੀ ਗਾਰਡ ਦਾ ਕੋਰਸ ਮੁਫ਼ਤ ਕਰਵਾਇਆ ਜਾ ਰਿਹਾ ਹੈ।ਕੋਰਸ ਪੂਰਾ ਹੋਣ 'ਤੇ ਮਾਨਤਾ ਪ੍ਰਾਪਤ ਸਰਟੀਫਿਕੇਟ ਦਿੱਤਾ ਜਾਵੇਗਾ।ਕੋਰਸ ਲਈ ਯੁਵਕ ਦੀ ਉਮਰ 21 ਤੋਂ 29 ਸਾਲ ਹੋਵੇ, ਯੁਵਕ 10ਵੀਂ ਪਾਸ ਜਾਂ 12 ਵੀਂ ਪਾਸ ਹੋਵੇ। ਕੈਂਪ ਵਿੱਚ ਆਉਣ ਸਮੇਂ 10ਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਜੋ ਯੁਵਕ 10+2 ਪਾਸ ਹਨ ਉਹ 10+2 ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤਿ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਦੋ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ ਇੱਕ ਪੈਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰ ਆਦਿ ਨਾਲ ਲੈ ਕੇ ਆਉਣ।ਜ਼ਿਲ੍ਹਾ ਰੋਜ਼ਗਾਰ ਅਫਸਰ ਫਾਜ਼ਿਲਕਾ ਵੱਲੋਂ ਜ਼ਿਲ੍ਹੇ ਦੇ ਸਮੂਹ ਯੁਵਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੋ ਯੁਵਕ ਸਕਿਉਰਿਟੀ ਗਾਰਡ ਦਾ ਕੋਰਸ ਕਰਨਾ ਚਾਹੁੰਦੇ ਹਨ, ਉਹ ਯੁਵਕ ਸਵੇਰੇ 8 ਵਜੇ ਤੋਂ 10 ਵਜੇ ਤੱਕ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਰਿਪੋਰਟ ਕਰਨ। ਕੈਂਪ ਵਿਚ ਕੁੱਲ 30 ਸੀਟਾਂ ਹਨ। ਕੋਰਸ ਦਾ ਸਮਾਂ 2 ਮਹੀਨੇ ਦਾ ਹੈ।

## 18 ਨੂੰ ਮੋਗਾ ਰੈਲੀ 'ਚ ਭਰਵੀਂ ਸ਼ਮੂਲੀਅਤ ਕਰੇਗੀ ਡੀ ਟੀ ਐੱਫ : ਵਿਕਰਮਦੇਵ ਸਿੰਘ



**ਸੰਗਰੂਰ (ਪ੍ਰਵੀਨ ਸਿੰਘ)**-14 ਦਸੰਬਰ ਨੂੰ ਹੋਈਆਂ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਆਪਣੀ ਪਤਨੀ ਨੂੰ ਡਿਊਟੀ 'ਤੇ ਛੱਡਣ ਜਾ ਰਹੇ ਅਧਿਆਪਕ ਜਸਕਰਨ ਸਿੰਘ ਤੇ ਉਨ੍ਹਾਂ ਦੀ ਪਤਨੀ ਅਧਿਆਪਕਾ ਕਮਲਜੀਤ ਕੌਰ ਦੀ ਸੜਕ ਹਾਦਸੇ ਦੌਰਾਨ ਹੋਈ ਦਰਦਨਾਕ ਮੌਤ ਉਪਰੰਤ ਪੰਜਾਬ ਸਰਕਾਰ ਵੱਲੋਂ ਐਲਾਨੀ 10-10 ਲੱਖ ਰੁਪਏ ਦੀ ਮਾਮੂਲੀ ਸਹਾਇਤਾ ਰਾਸ਼ੀ ਨੂੰ ਨਕਾਰਦਿਆਂ ਪੰਜਾਬ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਦੇ ਸਾਂਝੇ ਤੌਰ ਤੇ ਬਣੇ ਅਧਿਆਪਕ ਇਨਸਾਫ਼ ਕਮੇਟੀ ਵੱਲੋਂ ਵਿੱਢੇ ਸੰਘਰਸ਼ ਨੂੰ ਅਧਿਆਪਕ ਵਰਗ ਨਾਲ ਕੋਝਾ ਮਜ਼ਾਕ ਕਰਾਰ ਦਿੰਦੇ ਹੋਏ 18 ਜਨਵਰੀ ਨੂੰ ਮੋਗਾ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਦਾ ਐਲਾਨ ਕੀਤਾ ਗਿਆ ਹੈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਚੋਣ ਡਿਊਟੀਆਂ ਦੌਰਾਨ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਕਸ ਪ੍ਰਬੰਧਾਂ ਕਾਰਨ ਜਾਨ ਗੁਆਉਣ ਵਾਲੇ ਅਧਿਆਪਕ ਜੋੜੇ ਪ੍ਰਤੀ ਪੰਜਾਬ ਸਰਕਾਰ ਵੱਲੋਂ ਸੰਵੇਦਨਹੀਣ ਤੇ ਪੱਖਪਾਤੀ ਰਵੱਈਆ ਅਪਣਾਇਆ ਗਿਆ ਹੈ, ਇਸ ਰਵੱਈਏ ਪ੍ਰਤੀ ਅਧਿਆਪਕ ਵਰਗ ਨੇ ਰੋਸ ਦਾ ਪ੍ਰਗਟਾਵਾ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ 'ਅਧਿਆਪਕ ਇਨਸਾਫ਼ ਕਮੇਟੀ' ਦੇ ਬੈਨਰ ਹੇਠ ਕੈਂਡਲ ਮਾਰਚ ਕਰਕੇ ਕੀਤਾ ਹੈ, ਜਿਸ ਦਾ ਅਗਲਾ ਦੌਰ 18 ਜਨਵਰੀ ਨੂੰ ਮੋਗਾ ਦੀ ਦਾਣਾ ਮੰਡੀ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਹੋਵੇਗਾ। ਸੂਬਾ ਆਗੂ ਰਘਵੀਰ ਸਿੰਘ ਭਵਾਨੀਗੜ੍ਹ, ਮੇਘ ਰਾਜ, ਦਲਜੀਤ ਸਫੀਪੁਰ, ਜ਼ਿਲ੍ਹਾ ਆਗੂ ਕਰਮਜੀਤ ਨਦਾਮਪੁਰ, ਕਮਲਜੀਤ ਬਨਭੌਰਾ ਨੇ ਕਿਹਾ ਕਿ ਅਧਿਆਪਕ ਜੋੜੇ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਦੋ-ਦੋ ਕਰੋੜ ਰੁਪਏ ਤੇ ਮੂਨਕ ਵਿਖੇ ਜ਼ਖਮੀ ਹੋਈ ਐਸੋਸੀਏਟ ਅਧਿਆਪਕਾ ਨੂੰ 20 ਲੱਖ ਰੁਪਏ ਦਾ ਮੁਆਵਜ਼ਾ ਜਾਰੀ ਕਰਵਾਉਣ, ਬੱਚਿਆਂ ਦੀ ਪੜ੍ਹਾਈ ਪੂਰੀ ਹੋਣ ਤੇ ਉਨ੍ਹਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਲਿਖਤੀ ਭਰੋਸਾ ਦੇਣ, ਬੱਚਿਆਂ ਦੀ ਸਮੁੱਚੀ ਪੜ੍ਹਾਈ ਦਾ ਖਰਚ ਦਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਕੀਤੇ ਜਾਣ ਤੱਕ ਅਧਿਆਪਕ ਇਨਸਾਫ਼ ਕਮੇਟੀ ਵੱਲੋਂ ਸੰਘਰਸ਼ ਜਾਰੀ ਰੱਖਿਆ ਜਾਵੇਗਾ।

## ਸੀ-ਪਾਈਟ ਵੱਲੋਂ ਸਕਿਉਰਟੀ ਗਾਰਡ ਟ੍ਰੇਨਿੰਗ ਕੋਰਸ ਲਈ ਰਜਿਸਟ੍ਰੇਸ਼ਨ ਸ਼ੁਰੂ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਦੇ ਰੋਜ਼ਗਾਰ ਉਤਪਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਬੋੜਾਵਾਲ (ਭੀਖੀ-ਬੁਢਲਾਡਾ ਰੋਡ) ਵੱਲੋਂ ਨੌਜਵਾਨਾਂ ਨੂੰ ਸਕਿਉਰਿਟੀ ਟ੍ਰੇਨਿੰਗ ਕੋਰਸ ਕਰਾਉਣ ਲਈ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਜਾ ਰਹੀ ਹੈ। ਕੈਂਪ ਬੋੜਾਵਾਲ ਦੇ ਟ੍ਰੇਨਿੰਗ ਅਧਿਕਾਰੀ ਕੈਪਟਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਟ੍ਰੇਨਿੰਗ ਕੋਰਸ 26 ਜਨਵਰੀ ਨੂੰ ਸੀ-ਪਾਈਟ ਕੈਂਪ, ਕਾਲਝਰਾਣੀ (ਬਠਿੰਡਾ) ਵਿਖੇ ਚਲਾਇਆ ਜਾਵੇਗਾ।ਟ੍ਰੇਨਿੰਗ ਕੋਰਸ ਸਿਰਫ ਲੜਕਿਆਂ ਲਈ ਹੈ ਜਿਸ ਲਈ ਉਮੀਦਵਾਰ ਨੇ ਘੱਟੋ-ਘੱਟ 10ਵੀਂ ਪਾਸ ਕੀਤੀ ਹੋਵੇ ਅਤੇ ਉਮਰ ਸੀਮਾ 21 ਤੋਂ 29 ਸਾਲ ਹੋਣੀ ਚਾਹੀਦੀ ਹੈ।ਕੋਰਸ ਦੀਆਂ ਸੀਟਾਂ ਸੀਮਤ ਹਨ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਆਪਣੀ ਰਜਿਸਟ੍ਰੇਸ਼ਨ ਪਹਿਲ ਦੇ ਆਧਾਰ 'ਤੇ ਕਰਾਉਣ।ਸਕਿਉਰਿਟੀ ਗਾਰਡ ਟ੍ਰੇਨਿੰਗ ਦਾ ਕੋਰਸ ਪੂਰਾ ਕਰਨ ਵਾਲੇ ਨੌਜਵਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਸਰਟੀਫਿਕੇਟ ਵੀ ਦਿੱਤਾ ਜਾਵੇਗਾ, ਜੋ ਸਰਕਾਰੀ, ਅਰਧ-ਸਰਕਾਰੀ ਸੰਸਥਾਵਾਂ ਤੋਂ ਇਲਾਵਾ, ਵੱਡੀਆਂ ਇੰਡਸਟਰੀਜ਼ ਵਿੱਚ ਨੌਕਰੀ ਲੈਣ ਵਾਸਤੇ ਪ੍ਰਮਾਣਿਤ ਹੋਵੇਗਾ।ਕੋਰਸ ਪੂਰਾ ਹੋਣ ਉਪਰੰਤ ਵੱਖ-ਵੱਖ ਸਕਿਉਰਿਟੀ ਏਜੰਸੀਆਂ ਕੈਂਪ ਵਿਖੇ ਪਲੇਸਮੈਂਟ ਕੈਂਪ ਲਗਾਉਣਗੀਆਂ।ਕੋਰਸ ਦੌਰਾਨ ਨੌਜਵਾਨਾਂ ਦੇ ਰਿਹਾਇਸ਼ ਖਾਣ-ਪੀਣ ਦਾ ਖਰਚ ਪੂਰੀ ਤਰ੍ਹਾਂ ਪੰਜਾਬ ਸਰਕਾਰ ਦਾ ਹੋਵੇਗਾ।ਪੰਜਾਬ ਰਾਜ ਦੇ ਵਸਨੀਕ ਸਕਿਊਰਿਟੀ ਗਾਰਡ ਟ੍ਰੇਨਿੰਗ ਕੋਰਸ ਕਰਨ ਦੇ ਚਾਹਵਾਨ ਨੌਜਵਾਨ 15 ਜਨਵਰੀ ਤੋਂ ਕਿਸੇ ਵੀ ਦਿਨ ਸਵੇਰੇ 09:00 ਵਜੇ ਸੀ-ਪਾਈਟ ਕੈਂਪ, ਪਿੰਡ ਬੋੜਾਵਾਲ ਜ਼ਿਲ੍ਹਾ ਮਾਨਸਾ ਵਿਖੇ 10ਵੀਂ ਜਮਾਤ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਆਧਾਰ ਕਾਰਡ ਦੀ ਫੋਟੋ ਕਾਪੀ ਅਤੇ 02 ਤਾਜ਼ਾ ਪਾਸਪੋਰਟ ਸਾਈਜ਼ ਫੋਟੋ, ਫਾਈਟ ਕਵਰ ਆਦਿ ਦਸਤਾਵੇਜ਼ ਸਮੇਤ ਨਿੱਜੀ ਤੌਰ 'ਤੇ ਪਹੁੰਚ ਕੇ ਰਜਿਸਟ੍ਰੇਸ਼ਨ ਕਰਾ ਸਕਦੇ ਹਨ।

## ਰੋਸ ਪ੍ਰਦਰਸ਼ਨ 'ਚ ਕਿਰਤੀ ਕਾਮੇ ਕਾਫਲੇ ਬੰਨ੍ਹ ਕੇ ਸ਼ਮੂਲੀਅਤ ਕਰਨਗੇ : ਮਜ਼ਦੂਰ ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਮਤਰੇਏ ਸਲੂਕ ਤੇ ਲਾਗੂ ਕੀਤੇ ਜਾ ਰਹੇ ਲੋਕ ਵਿਰੋਧੀ ਬਿੱਲਾਂ ਖਿਲਾਫ਼ ਪੰਜਾਬ ਦੇ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਇਕਜੁੱਟ ਹਨ।ਲੋਕ ਮਾਰੂ ਬਿੱਲਾਂ ਦਾ ਵਿਰੋਧ ਕਰਨ ਲਈ 16 ਜਨਵਰੀ ਨੂੰ ਡੀ ਸੀ ਦਫ਼ਤਰ ਬਰਨਾਲਾ ਵਿਖੇ ਕੀਤੇ ਜਾ ਰਹੇ ਵਿਸ਼ਾਲ ਰੋਸ ਪ੍ਰਦਰਸ਼ਨ 'ਚ ਜ਼ਿਲ੍ਹਾ ਭਰ ਦੇ ਕਿਰਤੀ ਕਾਮੇ ਕਾਫਲੇ ਬੰਨ੍ਹ ਕੇ ਭਰਵੀਂ ਸ਼ਮੂਲੀਅਤ ਕਰਨਗੇ।ਇਸ ਗੱਲ ਦਾ ਪ੍ਰਗਟਾਵਾ ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ, ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਜਗਰਾਜ ਸਿੰਘ ਟੱਲੇਵਾਲ, ਮਨਰੇਗਾ ਵਰਕਰ ਯੂਨੀਅਨ ਦੇ ਆਗੂ ਪਰਮਜੀਤ ਕੌਰ ਮੋਰਚਾ ਨੇ ਕੀਤਾ।ਮਜ਼ਦੂਰ ਆਗੂਆਂ ਨੇ ਦੱਸਿਆ ਕਿ ਮਜ਼ਦੂਰਾਂ ਦੀਆਂ ਅਹਿਮ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 16 ਜਨਵਰੀ ਨੂੰ ਡਿਪਟੀ ਕਮਿਸ਼ਨਰ ਬਰਨਾਲਾ ਦੇ ਦਫ਼ਤਰ ਸਾਹਮਣੇ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜਿੱਥੇ ਕਿਸਾਨ ਆਪਣੀਆਂ ਹੱਕੀ ਮੰਗਾਂ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ, ਉੱਥੇ ਮਜ਼ਦੂਰ ਵਰਗ ਵੀ ਆਪਣੇ ਅਧਿਕਾਰਾਂ ਦੀ ਰਾਖੀ ਲਈ ਮੈਦਾਨ ਵਿੱਚ ਉੱਤਰ ਆਇਆ ਹੈ, ਜਿਸ ਕਾਰਨ ਸਾਂਝੇ ਸੰਘਰਸ਼ ਦਾ ਬਿਗਲ ਵੱਜ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਚਾਰ ਨਵੇਂ ਕਿਰਤ ਕੋਡ, ਮਨਰੇਗਾ ਕਾਨੂੰਨ ਨੂੰ ਕਮਜ਼ੋਰ ਕਰਨ ਦੀ ਨੀਤੀ, ਬਿਜਲੀ ਸੋਧ ਬਿੱਲ-2025 ਤੇ ਬੀਜ ਬਿੱਲ ਵਰਗੇ ਲੋਕ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸੰਯੁਕਤ ਮੋਰਚੇ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਦੇ ਸਹਿਯੋਗ ਨਾਲ ਵੱਡਾ ਸੰਘਰਸ਼ ਕੀਤਾ ਜਾ ਰਿਹਾ ਹੈ।ਆਗੂਆਂ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਮਨਰੇਗਾ ਕਾਨੂੰਨ ਰਾਹੀਂ ਗਰੀਬ ਵਰਗ ਦੀ ਹਿਤੈਸ਼ੀ ਸਕੀਮ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ, ਜਿਸ ਨਾਲ ਮਜ਼ਦੂਰ ਵਰਗ ਦੀ ਰੋਜ਼ੀ-ਰੋਟੀ 'ਤੇ ਸਿੱਧਾ ਹਮਲਾ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਮਜ਼ਦੂਰ ਵਰਗ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਸਰਮਾਏਦਾਰਾਂ ਪੱਖੀ ਨੀਤੀਆਂ ਅਪਣਾਈਆਂ ਹਨ।ਮਜ਼ਦੂਰ ਆਗੂ ਬਲਦੇਵ ਸਿੰਘ ਸਹਿਜੜਾ ਨੇ ਕਿਹਾ ਕਿ ਮਜ਼ਦੂਰਾਂ ਨੂੰ ਲਾਮਬੰਦ ਕਰਨ ਲਈ ਪਿੰਡ-ਪਿੰਡ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ 16 ਜਨਵਰੀ ਦੇ ਸੰਘਰਸ਼ ਲਈ ਵੱਡੀ ਤਿਆਰੀ ਕੀਤੀ ਜਾ ਰਹੀ ਹੈ।ਆਗੂਆਂ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਇਹ ਲੋਕ ਵਿਰੋਧੀ ਬਿੱਲ ਵਾਪਸ ਨਹੀਂ ਲਏ ਜਾਂਦੇ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।

## ਮੰਡਲ ਯੂਨਿਟ ਲਲਤੋਂ ਕਲਾਂ ਵਿਖੇ ਪੈਨਸ਼ਨਰਾਂ ਨੂੰ ਕੀਤਾ ਸਨਮਾਨਤ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਪਾਵਰਕਾਮ ਟਰਾਂਸਕੋ ਪੈਨਸ਼ਨਰ ਯੂਨੀਅਨ ਮੰਡਲ ਯੂਨਿਟ ਲਲਤੋਂ ਕਲਾਂ ਦੇ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ ਦੀ ਅਗਵਾਈ ਵਿੱਚ ਪੈਨਸ਼ਨ-ਡੇ ਨੂੰ ਸਮਰਪਤ ਇੱਕ ਸਮਾਗਮ ਕੀਤਾ ਗਿਆ, ਜਿਸ ਵਿੱਚ 60 ਤੇ 65 ਸਾਲ ਉਮਰ ਵਾਲੇ ਸਾਥੀਆਂ ਨੂੰ ਸਨਮਾਨਤ ਕੀਤਾ ਗਿਆ, ਜਿਸ ਵਿੱਚ ਹਰਜੀਤ ਸਿੰਘ, ਸਿਆਮ, ਮਲਕੀਤ ਸਿੰਘ, ਪਰਮਜੀਤ ਸਿੰਘ ਮਾਜਰੀ, ਸ੍ਰੀ ਕਾਂਤ, ਸ੍ਰੀਮਤੀ ਜਸਵੀਰ ਕੌਰ, ਹਰਬੰਸ ਕੌਰ, ਪ੍ਰੇਮ ਪਾਲ ਸਿੰਘ, ਬਲਵਿੰਦਰ ਸਿੰਘ, ਬੇਅੰਤ ਸਿੰਘ, ਰਾਮ ਅਭਿਲਾਸ਼, ਲਾਲ ਚੰਦ, ਦਰਸ਼ਨ ਸਿੰਘ, ਜਸਵਿੰਦਰ ਸਿੰਘ, ਚਮਕੌਰ ਸਿੰਘ, ਹਰਜਿੰਦਰ ਸਿੰਘ, ਤਰਨ ਕੁਮਾਰ, ਬਲਦੇਵ ਸਿੰਘ, ਸੁਖਦੇਵ ਸਿੰਘ, ਨਿਰਮਲ ਸਿੰਘ, ਜਤਿੰਦਰ ਸਿੰਘ, ਮਦਨ ਲਾਲ, ਮੋਹਨ ਸਿੰਘ ਆਦਿ ਸਾਥੀਆਂ ਨੂੰ ਸਨਮਾਨ ਨਿਸ਼ਾਨੀਆਂ ਤੇ ਲੋਈਆਂ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਸਰਪ੍ਰਸਤ ਨਿਰਮਲ ਸਿੰਘ ਦੋਲੋਂ, ਸਕੱਤਰ ਨਾਜਰ ਸਿੰਘ ਧੂੜਕੋਟ, ਸਕੱਤਰ ਪਰਮਜੀਤ ਸਿੰਘ ਮਾਜਰੀ ਆਦਿ ਨੇ ਸੰਬੋਧਨ ਕਰਦਿਆਂ ਆਏ ਸਾਥੀਆਂ ਨੂੰ ਦੱਸਿਆ ਕਿ 16 ਜਨਵਰੀ ਨੂੰ ਪੰਜਾਬ ਦੇ ਸਾਰੇ ਡੀ ਸੀ ਦਫਤਰਾਂ ਦੇ ਘਿਰਾਓ ਕਰਕੇ ਰੈਲੀਆਂ ਅੰਦਰ ਮੰਗ ਪੱਤਰ ਦਿੱਤੇ ਜਾਣਗੇ ਤੇ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਤਾਂ ਜੋ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਕੀਤੀ ਜਾ ਸਕੇ।ਇਨ੍ਹਾਂ ਰੋਸ ਪ੍ਰਦਰਸ਼ਨਾਂ ਵਿੱਚ ਸਾਰੇ ਸਾਥੀਆਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

## ਨਾਭਾ ਦੀ ਖੇਤੀਬਾੜੀ ਜੇਲ੍ਹ 'ਚ ਕੈਦੀਆਂ ਵੱਲੋਂ ਭੁੱਖ ਹੜਤਾਲ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੀ ਇੱਕੋ ਇੱਕ ਖੁੱਲ੍ਹੀ ਖੇਤੀਬਾੜੀ ਜੇਲ੍ਹ ਵਿੱਚ ਕਰੀਬ 33 ਕੈਦੀ ਨਜ਼ਰਬੰਦ ਹਨ।ਇਹ ਉਹ ਕੈਦੀ ਹਨ, ਜਿਨ੍ਹਾਂ ਦਾ ਆਚਰਣ ਠੀਕ ਮੰਨਿਆ ਜਾਂਦਾ ਹੈ ਤੇ ਇਨ੍ਹਾਂ ਤੋਂ ਜੇਲ੍ਹ ਦੀ ਜ਼ਮੀਨ 'ਤੇ ਖੇਤੀਬਾੜੀ ਦਾ ਕੰਮ ਕਰਵਾਇਆ ਜਾਂਦਾ ਹੈ।ਇਸ ਮੌਕੇ ਇਨ੍ਹਾਂ ਕੈਦੀਆਂ ਵੱਲੋਂ ਨਾਭਾ ਜੇਲ੍ਹ ਸੁਪਰਡੈਂਟ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ ਅਤੇ ਇਨ੍ਹਾਂ ਜੇਲ੍ਹ ਸੁਪਰਡੈਂਟ ਸੁੱਚਾ ਸਿੰਘ 'ਤੇ ਆਰੋਪ ਲਗਾਉਂਦਿਆਂ ਕਿਹਾ ਕਿ ਇਨ੍ਹਾਂ ਵੱਲੋਂ ਸਾਡੀਆਂ ਫਾਈਲਾਂ ਨੂੰ ਉੱਚ ਅਧਿਕਾਰੀਆਂ ਕੋਲ ਨਹੀਂ ਭੇਜਿਆ ਗਿਆ, ਜੋ ਕਿ 26 ਜਨਵਰੀ ਨੂੰ ਸਾਡੀ ਕੈਦ ਦੀ ਮਾਫ਼ੀ ਵਿੱਚ ਕਟੌਤੀ ਹੋਣੀ ਸੀ, ਜਿਸ ਕਰਕੇ ਅਸੀਂ ਭੁੱਖ ਹੜਤਾਲ 'ਤੇ ਬੈਠੇ ਹਾਂ।ਕੈਦੀਆਂ ਨੇ ਕਿਹਾ ਕਿ ਚੰਗੇ ਆਚਰਨ ਵਾਲੇ ਕੈਦੀਆਂ 'ਤੇ ਜਿਸ ਕਰਕੇ ਹੁਣ ਸਾਡੀ ਰਿਹਾਈ 'ਤੇ ਵੀ ਅੜਚਨ ਪੈ ਰਹੀ ਹੈ ਅਤੇ ਉਸ ਦੀ ਬੋਲ ਬਾਣੀ ਬਹੁਤ ਹੀ ਮਾੜੀ ਹੈ, ਜਿਸ ਕਰਕੇ ਅਸੀਂ ਭੁੱਖ ਹੜਤਾਲ 'ਤੇ ਬੈਠੇ ਹਾਂ।ਇਸ ਮੌਕੇ ਡੀਆਈਜੀ ਜੇਲ੍ਹਾਂ ਦਲਜੀਤ ਰਾਣਾ ਨੇ ਕਿਹਾ ਕਿ ਮੈਂ ਕੈਦੀਆਂ ਨਾਲ ਮੀਟਿੰਗ ਕੀਤੀ ਹੈ, ਉਨ੍ਹਾਂ ਦੀ ਜੋ ਸਮੱਸਿਆ ਸੀ, ਉਸ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਫਿਲਹਾਲ ਉਨ੍ਹਾ ਨੇ ਭੁੱਖ ਹੜਤਾਲ ਖਤਮ ਕਰ ਦਿੱਤੀ ਹੈ।

## ਸੁਨਿਆਰੇ ਦੀ ਦੁਕਾਨ 'ਚੋਂ ਚੋਰੀ ਕਰਨ ਵਾਲਾ ਪੁਲਸ ਅੜਿੱਕੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਮੇਨ ਬਜ਼ਾਰ ਵਿੱਚ ਸਥਿਤ ਸੁਨਿਆਰੇ ਦੀ ਦੁਕਾਨ 'ਚੋਂ 2 ਚਾਂਦੀ ਦੇ ਕੜੇ ਲੁੱਟ ਕੇ ਫ਼ਰਾਰ ਹੋਇਆ ਲੁਟੇਰਾ ਸਮਰਾਲਾ ਪੁਲਸ ਅੜਿੱਕੇ ਆ ਗਿਆ, ਜਿਸ ਦੀ ਪਹਿਚਾਣ ਲਵਪ੍ਰੀਤ ਸਿੰਘ ਲਵਲੀ ਵਾਸੀ ਸ਼ਾਮਗੜ੍ਹ ਥਾਣਾ ਸਮਰਾਲਾ ਵਜੋਂ ਹੋਈ ਹੈ।ਸੁਨਿਆਰੇ ਦੀ ਦੁਕਾਨ ਕਰਨ ਵਾਲੀ ਔਰਤ ਨੀਲਮ ਰਾਣੀ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਜਦੋਂ ਦੁਕਾਨ 'ਤੇ ਇਕੱਲੀ ਬੈਠੀ ਸੀ ਤਾਂ ਲਵਪ੍ਰੀਤ ਸਿੰਘ ਲਵਲੀ ਗਾਹਕ ਬਣ ਕੇ ਆਇਆ, ਜਿਸ ਨੇ ਕਿਹਾ ਕਿ 2 ਚਾਂਦੀ ਦੇ ਕੜੇ ਖ਼ਰੀਦਣੇ ਹਨ। ਜਦੋਂ ਮੈਂ ਉਸ ਨੂੰ ਕਾਊਂਟਰ 'ਤੇ ਚਾਂਦੀ ਦੇ 2 ਕੜੇ ਕੱਢ ਕੇ ਦਿਖਾਏ ਤਾਂ ਦੋਵਾਂ ਨੂੰ ਚੁੱਕ ਕੇ ਆਪਣੇ ਮੋਟਰਸਾਈਕਲ ਰਾਹੀਂ ਫ਼ਰਾਰ ਹੋ ਗਿਆ। ਮਾਛੀਵਾੜਾ ਪੁਲਸ ਵੱਲੋਂ ਲਵਪ੍ਰੀਤ ਸਿੰਘ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ। ਮੁਲਜ਼ਮ ਲਵਪ੍ਰੀਤ ਸਿੰਘ ਜਦੋਂ ਇਹ ਚਾਂਦੀ ਦੇ ਕੜੇ ਸਮਰਾਲਾ ਵਿਖੇ ਇੱਕ ਸਰਾਫ਼ ਦੀ ਦੁਕਾਨ 'ਤੇ ਵੇਚਣ ਗਿਆ ਤਾਂ ਉੱਥੇ ਵੀ ਉਸ ਨੇ ਇੱਕ ਹੋਰ ਸਰਾਫ਼ ਦੀ ਦੁਕਾਨ 'ਤੇ ਲੁੱਟ ਦੀ ਘਟਨਾ ਨੂੰ ਅੰਜ਼ਾਮ ਦਿੱਤ ਹੋਇਆ ਸੀ। ਜਦੋਂ ਇਹ ਕੜੇ ਵੇਚਣ ਆਇਆ ਤਾਂ ਦੁਕਾਨਦਾਰ ਨੇ ਉਸ ਨੂੰ ਪਹਿਚਾਣ ਲਿਆ ਤੇ ਪੁਲਸ ਹਵਾਲੇ ਕਰ ਦਿੱਤਾ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਲਵਪ੍ਰੀਤ ਸਿੰਘ ਨੂੰ ਜਲਦ ਰਿਮਾਂਡ 'ਤੇ ਲਿਆ ਕੇ ਪੁੱਛਗਿੱਛ ਕੀਤੀ ਜਾਵੇਗੀ।

## ਐਡਵੋਕੇਟ ਖੇੜੀ ਵੱਲੋਂ ਚੰਨੀ ਨਾਲ ਹਲਕੇ ਦੀਆਂ ਸਰਗਰਮੀਆਂ ਬਾਰੇ ਚਰਚਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕਾਂਗਰਸ ਪਾਰਟੀ ਐੱਸ ਸੀ ਵਿੰਗ ਦੇ ਸਟੇਟ ਕੋਆਰਡੀਨੇਟਰ ਐਡਵੋਕੇਟ ਜਸਵੀਰ ਸਿੰਘ ਖੇੜੀ ਦੀ ਅਗਵਾਈ ਹੇਠ ਕਾਂਗਰਸ ਦੇ ਆਗੂਆਂ ਨੇ ਪੰਜਾਬ ਪ੍ਰਦੇਸ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਿਲ ਕੇ ਉਨ੍ਹਾਂ ਨੂੰ ਪਰਜਾ ਮੰਡਲ ਲਹਿਰ ਦੇ ਬਾਨੀ ਅਮਰ ਸ਼ਹੀਦ ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੀ ਸਾਲਾਨਾ ਬਰਸੀ ਸਮਾਗਮ ਮੌਕੇ 20 ਜਨਵਰੀ ਨੂੰ ਸ਼ਾਮਲ ਹੋਣ ਸਬੰਧੀ ਸੱਦਾ ਪੱਤਰ ਤੇ ਰੰਗਦਾਰ ਪੋਸਟਰ ਭੇਟ ਕੀਤਾ।ਇਸ ਸਮੇਂ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਹਲਕਾ ਮਹਿਲ ਕਲਾਂ ਅੰਦਰ ਕਾਂਗਰਸ ਪਾਰਟੀ ਦੀਆਂ ਸਰਗਰਮੀਆਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਵਿਧਾਨ ਸਭਾ ਚੋਣਾਂ ਸਬੰਧੀ ਵਿਚਾਰ ਚਰਚਾ ਕੀਤੀ।ਉਨ੍ਹਾਂ ਸਰਦਾਰ ਸੇਵਾ ਸਿੰਘ ਠੀਕਰੀਵਾਲ ਦੇ ਸਾਲਾਨਾ ਬਰਸੀ ਸਮਾਗਮ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਰੇਸ਼ਮ ਸਿੰਘ, ਦਾਰਾ ਸਿੰਘ, ਧਰਮਿੰਦਰ ਸਿੰਘ ਔਲਖ, ਮਨਪ੍ਰੀਤ ਸਿੰਘ ਮਾਨ, ਜੱਸੀ ਮਾਨ ਠੀਕਰੀਵਾਲ, ਭੁਪਿੰਦਰ ਸਿੰਘ ਔਲਖ, ਸਤਨਾਮ ਸਿੰਘ ਲਾਣੇਦਾਰ ਆਦਿ ਹਾਜ਼ਰ ਸਨ।

## ਸਿਵਲ ਲਿਬਰਟੀਜ਼ ਕਮੇਟੀ ਆਗੂ ਕ੍ਰਾਂਤੀ ਚੈਤੰਨਯ ਦੀ ਰਾਜਧ੍ਰੋਹ 'ਚ ਗ੍ਰਿਫ਼ਤਾਰੀ ਦਾ ਡਟ ਕੇ ਵਿਰੋਧ ਕਰਨ ਦੀ ਅਪੀਲ


**ਲੁਧਿਆਣਾ (ਸਤੀਸ਼ ਸਚਦੇਵਾ)**
ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਤੇ ਯਸ਼ਪਾਲ ਨੇ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ (ਏਪੀਸੀਐੱਲਸੀ) ਦੇ ਆਗੂ ਕ੍ਰਾਂਤੀ ਚੈਤੰਨਯ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰਨ ਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਰਿਮਾਂਡ ਲੈਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।ਕਮੇਟੀ ਦੀ 20ਵੀਂ ਸਟੇਟ ਕਾਨਫਰੰਸ (10-11 ਜਨਵਰੀ 2026) ਸਮੇਂ ਲਗਾਏ ਫਲੈਕਸ ਬੈਨਰਾਂ ਨੂੰ ਮੁੱਦਾ ਬਣਾ ਕੇ ਸਨਾਤਨ ਧਰਮ ਰੱਖਿਆ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਨਾਗਰਿਕ ਆਜ਼ਾਦੀਆਂ ਦੀ ਕਮੇਟੀ ਦੇ ਸੀਨੀਅਰ ਆਗੂ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰਾਉਣਾ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਉੱਪਰ ਹਮਲਾ ਹੈ।ਕ੍ਰਾਂਤੀ ਤੋਂ ਇਲਾਵਾ, ਕਈ ਹੋਰ ਏਪੀਸੀਐੱਲਸੀ ਮੈਂਬਰਾਂ ਅਤੇ ਇੱਕ ਪ੍ਰਿੰਟਰ ਨੂੰ ਨੂੰ ਵੀ ਕੇਸ ਵਿਚ ਨਾਮਜ਼ਦ ਕੀਤਾ ਗਿਆ ਹੈ।ਬੈਨਰ ਵਿਚ ਸਿਰਫ਼ ਭਾਰਤ ਦੇ ਰਾਸ਼ਟਰੀ ਚਿੰਨ੍ਹ ਅਸ਼ੋਕ ਸਤੰਭ ਦੀ ਵਿਅੰਗਾਤਮਕ ਕਾਰਟੂਨ ਤੋਂ ਇਲਾਵਾ ਹਿੰਦੂਤਵੀ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ ਬੁੱਧੀਜੀਵੀਆਂ ਨਰੇਂਦਰ ਦਾਭੋਲਕਰ, ਗੋਵਿੰਦ ਪਾਨਸਰੇ, ਐਮ.ਐਮ. ਕਲਬੁਰਗੀ ਤੇ ਗੌਰੀ ਲੰਕੇਸ਼ ਦੀਆਂ ਤਸਵੀਰਾਂ ਲਗਾਕੇ ਹਿੰਦੂ ਫਾਸ਼ੀਵਾਦ ਵਿਰੁੱਧ ਲੜੋ ਦਾ ਨਾਅਰਾ ਦਿੱਤਾ ਗਿਆ ਸੀ।ਇਹ ਹਿੰਦੂਤਵ ਫਾਸ਼ੀਵਾਦੀ ਹਕੂਮਤ ਹੇਠ ਅੱਜ ਦੇ ਭਾਰਤ ਦੀ ਸੱਚੀ ਤਸਵੀਰ ਹੈ ਤੇ ਇਸ ਵਿਰੁੱਧ ਆਵਾਜ਼ ਉਠਾਉਣਾ ਤੇ ਭਾਰਤ ਦੇ ਲੋਕਾਂ ਨੂੰ ਇਸ ਬਾਰੇ ਚੇਤੰਨ ਕਰਨਾ ਹਰ ਜਾਗਰੂਕ ਬੁੱਧੀਜੀਵੀ ਅਤੇ ਜਮਹੂਰੀ ਹੱਕਾਂ ਨਾਲ ਸਰੋਕਾਰ ਰੱਖਦੇ ਨਾਗਰਿਕਾਂ ਦਾ ਫਰਜ਼ ਹੈ।

ਰਾਜਨੀਤਕ ਵਿਅੰਗ ਅਤੇ ਕਲਾਤਮਕ ਪ੍ਰਤੀਰੋਧ ਜਮਹੂਰੀ ਵਿਰੋਧ ਦੇ ਸਰਵ-ਪ੍ਰਵਾਨਤ ਰੂਪ ਹਨ ਅਤੇ ਹਿੰਦੂਤਵ ਫਾਸ਼ੀਵਾਦੀਆਂ ਵੱਲੋਂ ਕਤਲ ਕੀਤੇ ਲੋਕਪੱਖੀ ਬੁੱਧੀਜੀਵੀਆਂ ਤੇ ਕਲਮਕਾਰਾਂ ਲਈ ਨਿਆਂ ਦੀ ਮੰਗ ਕਰਨਾ ਭਾਰਤ ਦੇ ਨਿਆਂਪਸੰਦ ਲੋਕਾਂ ਦਾ ਜਮਹੂਰੀ ਹੱਕ ਹੈ।ਸੰਘ ਨਾਲ ਸੰਬੰਧਤ ਕਾਰਕੁਨਾਂ ਵੱਲੋਂ ਦਿੱਤੀਆਂ ਧਮਕੀਆਂ, ਪਾਈਆਂ ਰੁਕਾਵਟਾਂ ਤੇ ਪੁਲਿਸ ਦੀ ਕਥਿਤ ਪੱਖਪਾਤੀ ਕਾਰਵਾਈ ਦੇ ਬਾਵਜੂਦ ਕਾਨਫਰੰਸ ਦਾ ਕਾਮਯਾਬੀ ਨਾਲ ਆਯੋਜਨ, 350 ਤੋਂ ਵੱਧ ਹੱਕਾਂ ਦੇ ਝੰਡਾਬਰਦਾਰਾਂ ਵੱਲੋਂ ਕਾਨਫਰੰਸ ਵਿਚ ਹਿੱਸਾ ਲੈਣਾ ਤੇ ਕਾਨਫਰੰਸ ਨੂੰ ਪ੍ਰੋ. ਹਰਗੋਪਾਲ, ਪ੍ਰੋ. ਡੀ. ਨਰਸਿੰਹਾ ਰੈਡੀ, ਹਿਮਾਂਸ਼ੂ ਕੁਮਾਰ ਤੇ ਸੇਵਾਨਿਵ੍ਰਿੱਤ ਜਸਟਿਸ ਬੀ. ਚੰਦਰ ਕੁਮਾਰ ਸਮੇਤ ਨਾਮਵਰ ਸ਼ਖ਼ਸੀਅਤਾਂ ਵੱਲੋਂ ਸੰਬੋਧਨ ਕਰਨਾ ਜਮਹੂਰੀ ਹੱਕਾਂ ਤੇ ਨਾਗਰਿਕ ਆਜ਼ਾਦੀਆਂ ਦੀ ਲਹਿਰ ਲਈ ਫ਼ਖ਼ਰਯੋਗ ਹੈ।ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਕ੍ਰਾਂਤੀ ਚੇਤੰਨਯ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤੇ ਰਾਜਧ੍ਰੋਹ ਦਾ ਬੇਬੁਨਿਆਦ ਕੇਸ ਤੁਰੰਤ ਵਾਪਸ ਲਿਆ ਜਾਵੇ।

## ਚੋਰੀ ਦਰਖੱਤ ਵੱਢ ਕੇ ਲਿਜਾਣ ਦੇ ਦੋਸ਼ 'ਚ 11 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਦੇ ਅਧੀਨ ਆਉਂਦੇ ਪਿੰਡ ਵਲਟੋਹਾ ਦੇ ਸ਼ਮਸ਼ਾਨਘਾਟ 'ਚੋਂ ਚੋਰੀ ਦਰਖੱਤ ਵੱਢ ਕੇ ਲਿਜਾਣ ਦੇ ਦੋਸ਼ ਵਿਚ ਥਾਣਾ ਮੱਲਾਂਵਾਲਾ ਪੁਲਸ ਨੇ 11 ਵਿਅਕਤੀਆਂ ਖਿਲਾਫ 305 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਰਜੀਤ ਸਿੰਘ ਵਾਸੀ ਜ਼ੀਰਾ ਨੇ ਦੱਸਿਆ ਕਿ ਉਸ ਦੇ ਪਿੰਡ ਵਲਟੋਹਾ 'ਚ ਸ਼ਮਸ਼ਾਨਘਾਟ ਦਾ ਤਾਲਾ ਤੋੜ ਕੇ ਨਿਰਮਲ ਸਿੰਘ ਪੁੱਤਰ ਕਸ਼ਮੀਰ ਸਿੰਘ, ਹਰਪ੍ਰੀਤ ਸਿੰਘ ਪੁੱਤਰ ਕਸ਼ਮੀਰ ਸਿੰਘ, ਗਗਨਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ, ਇੰਦਰਜੀਤ ਸਿੰਘ ਪੁੱਤਰ ਜਸਵੀਰ ਸਿੰਘ, ਗੁਰਮੇਲ ਸਿੰਘ ਪੁੱਤਰ ਮਹਿੰਦਰ ਸਿੰਘ, ਮਨਪ੍ਰੀਤ ਸਿੰਘ ਪੁੱਤਰ ਹਰਜੀਤ ਸਿੰਘ, ਬੇਅੰਤ ਸਿੰਘ ਪੁੱਤਰ ਮੱਖਣ ਸਿੰਘ, ਮਨਪ੍ਰੀਤ ਸਿੰਘ ਪੁੱਤਰ ਜਸਵੰਤ ਸਿੰਘ, ਭਾਗ ਸਿੰਘ ਪੁੱਤਰ ਸੁਖਚੈਨ ਸਿੰਘ, ਸੁਖਮੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਤੇ ਲਖਵਿੰਦਰ ਸਿੰਘ ਪੁੱਤਰ ਗੁਰਜੀਤ ਸਿੰਘ ਵਾਸੀਅਨ ਵਲਟੋਹਾ ਨੇ ਚੋਰੀ ਦਰਖੱਤ ਵੱਢੇ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਪਾਵਨ ਸਰੂਪਾਂ ਦੀ ਚੋਰੀ ਸਿੱਖ ਕੌਮ ਦੀ ਆਸਥਾ 'ਤੇ ਹਮਲਾ : ਇੰਜ. ਜਗਦੀਪ ਸਿੰਘ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਅੱਜ ਇੱਕ ਅਜਿਹੇ ਗੰਭੀਰ ਤੇ ਦਰਦਨਾਕ ਮਸਲੇ ਨਾਲ ਜੂਝ ਰਿਹਾ ਹੈ, ਜਿਸ ਨੇ ਹਰ ਸਿੱਖ ਦੇ ਦਿਲ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੈਂਕੜੇ ਪਾਵਨ ਸਰੂਪਾਂ ਦਾ ਰਿਕਾਰਡ ਤੋਂ ਗਾਇਬ ਹੋ ਜਾਣਾ, ਚੋਰੀ ਹੋਣਾ ਜਾਂ ਕਮੇਟੀ ਦੇ ਰਿਕਾਰਡ ਤੋਂ ਬਾਹਰ ਵੇਚਿਆ ਜਾਣਾ ਸਿਰਫ਼ ਇੱਕ ਪ੍ਰਬੰਧਕੀ ਲਾਪ੍ਰਵਾਹੀ ਨਹੀਂ, ਸਗੋਂ ਗੁਰੂ ਸਾਹਿਬ ਦੀ ਸਿੱਧੀ ਬੇਅਦਬੀ ਹੈ। ਇਹ ਸਾਡੇ ਧਰਮ, ਸਾਡੀ ਇਤਿਹਾਸਕ ਵਿਰਾਸਤ ਤੇ ਸਿੱਖੀ ਦੀ ਆਤਮਿਕ ਮਰਿਆਦਾ 'ਤੇ ਡੂੰਘਾ ਤੇ ਨਾ ਭਰਿਆ ਜਾ ਸਕਣ ਵਾਲਾ ਜ਼ਖ਼ਮ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੈਂਬਰ ਇੰਜੀ: ਜਗਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਸਭ ਤੋਂ ਵੱਧ ਦੁੱਖਦਾਈ ਗੱਲ ਇਹ ਹੈ ਕਿ ਗਾਇਬ ਹੋਏ ਪਾਵਨ ਸਰੂਪਾਂ ਵਿੱਚ ਕਈ ਬਹੁਤ ਹੀ ਪੁਰਾਤਨ ਦੱਸੇ ਜਾਂਦੇ ਹਨ। ਕੁਝ ਸਰੂਪ ਉਹ ਸਨ, ਜੋ ਗੁਰੂ ਸਾਹਿਬਾਨ ਦੇ ਸਮੇਂ ਨਾਲ ਸੰਬੰਧਤ ਸਨ, ਕੁਝ ਹੱਥ ਲਿਖਤ ਸਨ ਤੇ ਕੁਝ ਉਹ ਵੀ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਗੁਰੂ ਸਾਹਿਬਾਨ ਦੀ ਦੇਖ-ਰੇਖ ਹੇਠ ਲਿਖੇ ਗਏ ਜਾਂ ਉਨ੍ਹਾਂ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਸਨ। ਇਹ ਉਹ ਅਨਮੋਲ ਖਜ਼ਾਨਾ ਸੀ, ਜਿਸ ਦਾ ਮੁੱਲ ਰੁਪਏ, ਪੈਸਿਆਂ ਨਾਲ ਕਦੇ ਵੀ ਨਹੀਂ ਤੋਲਿਆ ਜਾ ਸਕਦਾ। ਫਿਰ ਵੀ ਲਾਲਚ ਦੇ ਵੱਸ ਵਿੱਚ ਆ ਕੇ ਇਨ੍ਹਾਂ ਸਰੂਪਾਂ ਨੂੰ ਕਰੋੜਾਂ ਰੁਪਏ ਲੈ ਕੇ ਦੇਸ਼ ਤੋਂ ਬਾਹਰ ਵੇਚ ਦਿੱਤਾ ਗਿਆ। ਇਸ ਤੋਂ ਵੱਡੀ ਸ਼ਰਮ ਤੇ ਦਰਦ ਦੀ ਗੱਲ ਸਿੱਖ ਕੌਮ ਲਈ ਹੋਰ ਕੋਈ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਐੱਸ.ਆਈ.ਟੀ. ਬਣਾ ਕੇ ਜਾਂਚ ਸ਼ੁਰੂ ਕਰਵਾਉਣਾ ਨਿਸ਼ਚਿਤ ਤੌਰ 'ਤੇ ਇੱਕ ਸ਼ਲਾਘਾਯੋਗ ਕਦਮ ਹੈ ਤੇ ਇਸ ਲਈ ਸਰਕਾਰ ਤਾਰੀਫ਼ ਦੀ ਹੱਕਦਾਰ ਹੈ, ਪਰ ਇਸ ਨਾਲ ਨਾਲ ਇਹ ਗੱਲ ਵੀ ਉਨੀ ਹੀ ਦੁਖਦਾਈ ਹੈ ਕਿ ਇਸ ਗੰਭੀਰ ਤੇ ਸੰਵੇਦਨਸ਼ੀਲ ਮਸਲੇ 'ਤੇ ਵੀ ਰਾਜਨੀਤੀ ਕੀਤੀ ਜਾ ਰਹੀ ਹੈ। ਇਹ ਮਸਲਾ ਸਿਆਸੀ ਲਾਭ ਲਈ ਵਰਤਣ ਵਾਲਾ ਨਹੀਂ, ਸਗੋਂ ਸਿੱਖਾਂ ਦੀ ਆਸਥਾ ਤੇ ਗੁਰੂ ਦੀ ਇੱਜ਼ਤ ਨਾਲ ਜੁੜਿਆ ਹੋਇਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖ ਕੌਮ ਦੇ ਸਾਹਮਣੇ ਖੁੱਲ੍ਹ ਕੇ ਸੱਚ ਰੱਖੇ, ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਵੇ ਤੇ ਇਸ ਮਸਲੇ ਤੋਂ ਕਿਸੇ ਵੀ ਤਰ੍ਹਾਂ ਦਾ ਰਾਜਨੀਤਕ ਲਾਹਾ ਲੈਣ ਤੋਂ ਪੂਰੀ ਤਰ੍ਹਾਂ ਬਚੇ। ਉਨ੍ਹਾਂ ਕਿਹਾ ਕਿ ਮੇਰੀ ਸਪੱਸ਼ਟ ਮੰਗ ਹੈ ਕਿ ਹਰ ਇੱਕ ਪਾਵਨ ਸਰੂਪ ਦੀ ਅਲੱਗ-ਅਲੱਗ ਤੇ ਪੂਰੀ ਜਾਂਚ ਹੋਵੇ।


AXIS BANK LTD. Retail Asset Center "2nd and 3rd Floor, Property No. 7-E, Malhar Road, Saraabha Nagar, Ludhiana -141001.
Registered Office: "Trishul", 3rd Floor Opp. Samartheshwar Temple Law Garden, Ellisbridge Ahmedabad – 380006

ਅੰਤਿਕਾ (ਦੇਖੋ ਰੂਲ 8 (6) ਦੀਆਂ ਵਿਵਸਥਾਵਾਂ) ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

[illegible]

| ਲੜੀ ਨੰ. | ਕਰਜ਼ਦਾਰ ਅਤੇ ਰਹਿਣਕਾਰ ਦਾ ਨਾਂਅ | ਰਾਖਵੀਂ ਕੀਮਤ/ ਈ ਐਮ ਡੀ ਕੀਮਤ | [illegible] |
|---|---|---|---|
| 1 | [illegible] | ਰੁਪਏ 10,03,500/- [illegible] | [illegible] |
| 2 | [illegible] | ਰੁਪਏ 4,38,750/- [illegible] 43,875/- | [illegible] |
| 3 | [illegible] | ਰੁਪਏ 8,71,710 [illegible] 87,171/- | [illegible] |
| 4 | [illegible] | ਰੁਪਏ 17,27,550/- [illegible] 1,72,755/- | [illegible] |
| 5 | [illegible] | ਰੁਪਏ 17,57,200/- [illegible] 1,75,720/- | [illegible] |
| 6 | [illegible] | ਰੁਪਏ 8,08,760/- [illegible] 80,876/- | [illegible] |
| 7 | [illegible] | ਰੁਪਏ 10,67,804/- [illegible] 1,06,780/- | [illegible] |
| 8 | [illegible] | ਰੁਪਏ 25,58,550/- [illegible] 2,55,855/- | [illegible] |

[illegible]

ਮਿਤੀ : 15-01-2026 ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



AXIS BANK

Retail Asset Centre: AXIS Bank Ltd, 2nd Floor, Property # 7-E, Malhar Road, Sarabha Nagar, Ludhiana -141001., Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025., Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ**

ਇਹ ਨੋਟਿਸ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਕਰਜ਼ਦਾਰ/ਗਰੰਟਰ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਸ਼ਚਿਤ ਮਿਤੀ 'ਤੇ ਮੂਲ ਰਕਮ ਅਤੇ ਇਸ 'ਤੇ ਵਿਆਜ ਦੀ ਮੁੜ ਅਦਾਇਗੀ ਲਈ ਅਨੇਕਾਂ ਭੁੱਲਾਂ ਕੀਤੀਆਂ ਹਨ। ਸਿੱਟੇ ਵਜੋਂ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਜਾਰੀ ਹਦਾਇਤਾਂ/ਦਿਸ਼ਾ ਨਿਰਦੇਸ਼ਾਂ ਮੁਤਾਬਿਕ ਅਜਿਹੇ ਖਾਤੇ ਨਾਨ-ਪਰਫਾਰਮਿੰਗ ਐਸਟ ਵਜੋਂ ਕਲਾਸੀਫਾਈਡ ਕਰ ਦਿੱਤੇ ਗਏ ਹਨ।
ਸਰਫੇਸੀ ਐਕਟ, 2002 ਦੇ ਸੈਕਸ਼ਨ 13(2) ਅਧੀਨ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਜੋ ਕਿ ਬਿਨਾਂ ਤਾਮੀਲ ਵਾਪਸ ਆ ਗਏ ਅਤੇ ਇਹ ਸੂਚਨਾ ਇਸ ਦੇ ਸੰਬੰਧ 'ਚ ਹੀ ਜਨਤਕ ਨੋਟਿਸ ਰਾਹੀਂ ਦਿੱਤੀ ਜਾ ਰਹੀ ਹੈ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ, ਗਰੰਟਰ/ਕਾਨੂੰਨੀ ਵਾਰਸਾਂ ਦਾ ਨਾਂਅ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ (ਨੋਟਿਸ ਦੀ ਮਿਤੀ ਨੂੰ) | ਮਨਜ਼ੂਰ/ਭੁਗਤਾਨ ਦੀ ਕਰਜ਼ਾ ਰਕਮ |
|---|---|---|---|---|---|
| 1. | 1. ਸ੍ਰੀ ਰਿਧਮ ਕਪੂਰ ਪੁੱਤਰ ਵਿਜੇ ਕਪੂਰ (ਕਰਜ਼ਦਾਰ) 2. ਸ੍ਰੀ ਵਿਜੇ ਕਪੂਰ ਪੁੱਤਰ ਸਰਦਾਰੀ ਲਾਲ ਕਪੂਰ (ਸਹਿ-ਕਰਜ਼ਦਾਰ) ਅਤੇ ਸ੍ਰੀਮਤੀ ਕੋਮਲ ਕਪੂਰ ਪਤਨੀ ਵਿਜੇ ਕਪੂਰ (ਸਹਿ-ਕਰਜ਼ਦਾਰ/ਰਹਿਣਕਾਰ) | 28th-NOV-2025 | 06th-DEC-2025 | ਰੁਪਏ 17,58,912/- (ਸਤਾਰਾਂ ਲੱਖ ਅਠਵੰਜਾ ਹਜ਼ਾਰ ਨੌ ਸੌ ਬਾਰਾਂ ਰੁਪਏ ਕੇਵਲ) | ਰੁਪਏ 25,20,000/- (ਪੱਚੀ ਲੱਖ ਵੀਹ ਹਜ਼ਾਰ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ: 161 ਪਲਾਟ 'ਤੇ ਨਿਰਮਿਤ ਮਕਾਨ ਰਕਬਾ 84.44 ਵਰਗ ਗਜ਼, ਖਸਰਾ ਨੰ: 17//18/1 ਮਿੰਨ, ਖੱਤਾ ਖਤੌਨੀ ਨੰ: 79/127, ਜਮ੍ਹਾਂਬੰਦੀ ਸਾਲ 2017-18, ਰਕਬਾ ਰੱਖ ਸ਼ਿਕਾਰਗਾਹ ਵਿਖੇ ਸਥਿਤ , ਆਬਾਦੀ ਰਿਸ਼ੀ ਵਿਹਾਰ (ਧਾਮ ਵਿਹਾਰ), ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸ੍ਰੀਮਤੀ ਕੋਮਲ ਕਪੂਰ ਪਤਨੀ ਵਿਜੇ ਕਪੂਰ ਦੇ ਨਾਂਅ ਬੈਨਾਮਾ ਰਜਿਸਟਰਡ ਮਿਤੀ 19 ਫਰਵਰੀ 2021 ਅਨੁਸਾਰ ਜਾਇਦਾਦ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਗਲੀ 20' ਚੌੜੀ, ਪੱਛਮ : ਹੋਰ ਮਾਲਕ, ਉੱਤਰ : ਗਲੀ 20' ਚੌੜੀ, ਦੱਖਣ : ਪਲਾਟ ਨੰ: 162 | | | | |
| 2. | 1. ਸ੍ਰੀ ਰਾਜੇਸ਼ ਕੁਮਾਰ ਪੁੱਤਰ ਸ਼ੰਕਰ ਪਾਲ (ਕਰਜ਼ਦਾਰ) ਅਤੇ 2. ਸ੍ਰੀਮਤੀ ਅਨੁਸ਼ਕਾ ਪਤਨੀ ਰਾਜੇਸ਼ ਕੁਮਾਰ (ਸਹਿ-ਕਰਜ਼ਦਾਰ/ਰਹਿਣਕਾਰ) | 28th-NOV-2025 | 09th-DEC-2025 | ਰੁਪਏ 22,44,401/- (ਬਾਈ ਲੱਖ ਚੁਤਾਲੀ ਹਜ਼ਾਰ ਚਾਰ ਸੌ ਇੱਕ ਰੁਪਏ ਕੇਵਲ) | ਰੁਪਏ 22,84,200/- (ਬਾਈ ਲੱਖ ਚੁਰਾਸੀ ਹਜ਼ਾਰ ਦੋ ਸੌ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ: 2021-22/89/1/1884 ਮਿਤੀ 11 ਜੂਨ 2021 ਅਨੁਸਾਰ ਸ੍ਰੀਮਤੀ ਅਨੁਸ਼ਕਾ ਪਤਨੀ ਰਾਜੇਸ਼ ਕੁਮਾਰ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ ਪਲਾਟ ਪ੍ਰਾਈਵੇਟ ਨੰ: 164 (ਸੀ-252) 'ਤੇ ਨਿਰਮਿਤ ਮਕਾਨ, ਰਕਬਾ 91 ਵਰਗ ਗਜ਼, ਖਸਰਾ ਨੰ: 2292 ਮਿੰਨ, ਖੱਤਾ ਖਤੌਨੀ ਨੰ: 1646/2581, ਜਮ੍ਹਾਂਬੰਦੀ ਸਾਲ 2015-2016, ਰਕਬਾ, ਸੁਲਤਾਨਵਿੰਡ ਵਿਖੇ ਸਥਿਤ, ਸਬ-ਅਰਬਨ ਤਰਫ ਬੈਹਿਣੀਵਾਲ, ਆਬਾਦੀ ਨਿਊ ਪ੍ਰਤਾਪ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। | | | | |
| 3. | 1. ਸ੍ਰੀ ਸੋਨੂੰ ਪੁੱਤਰ ਸ੍ਰੀ ਵਾਸਦੇਵ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਮਾਧੁਰੀ ਪਤਨੀ ਸੋਨੂੰ (ਸਹਿ-ਕਰਜ਼ਦਾਰ) | 09th-DEC-2025 | 12th-DEC-2025 | ਰੁਪਏ 13,52,505/- (ਤੇਰਾਂ ਲੱਖ ਬਵੰਜਾ ਹਜ਼ਾਰ ਪੰਜ ਸੌ ਪੰਜ ਰੁਪਏ ਕੇਵਲ) | 1. ਪਾਵਰ ਹੋਮ ਕਰਜ਼ਾ ਸਹੂਲਤ ਰੁਪਏ 7,81,142/- (ਸੱਤ ਲੱਖ ਇਕਾਸੀ ਹਜ਼ਾਰ ਇੱਕ ਸੌ ਬਤਾਲੀ ਰੁਪਏ ਕੇਵਲ) 2. ਐੱਸਟ ਪਾਵਰ ਕਰਜ਼ਾ ਸਹੂਲਤ (ਐੱਲ ਏ ਪੀ) ਰੁਪਏ 7,00,000/- (ਸੱਤ ਲੱਖ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ: 9703 ਮਿਤੀ 02.11.2017 ਅਨੁਸਾਰ ਸ੍ਰੀ ਸੋਨੂ ਪੁੱਤਰ ਸ੍ਰੀ ਵਾਸਦੇਵ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ ਪਲਾਟ ਪ੍ਰਾਈਵੇਟ ਨੰ: 109-110 ਮਿੰਨ 'ਤੇ ਨਿਰਮਿਤ ਮਕਾਨ, ਰਕਬਾ 65 ਵਰਗ ਗਜ਼, (ਲੰਬਾਈ 39'×ਚੌੜਾਈ 15'), ਖਸਰਾ ਨੰ: 1762 ਮਿੰਨ, ਖੱਤਾ ਖਤੌਨੀ ਨੰ: 700/1218, ਜਮ੍ਹਾਂਬੰਦੀ ਸਾਲ 2012-2013, ਤੁੰਗਪਾਈ ਵਿਖੇ ਸਥਿਤ, ਸਬ-ਅਰਬਨ, ਆਬਾਦੀ ਮਹਿੰਦਰਾ ਕਾਲੋਨੀ, ਗਲੀ ਨੰ: 1, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਦਸਤਾਵੇਜ਼ ਅਨੁਸਾਰ) ਪੂਰਬ : ਪਲਾਟ ਨੰ: 118-1119, ਪੱਛਮ : ਲਾਂਘਾ 23' ਚੌੜਾ, ਉੱਤਰ : ਮਕਾਨ ਦਾ ਬਾਕੀ ਹਿੱਸਾ, ਦੱਖਣ : ਮਕਾਨ ਦਾ ਬਾਕੀ ਹਿੱਸਾ। | | | | |
| 4. | 1. ਸ੍ਰੀ ਬਿਪਨਜੀਤ ਸਿੰਘ ਪੁੱਤਰ ਸੁਲੱਖਣ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਤੇਜਿੰਦਰ ਕੌਰ ਢਿੱਲੋਂ ਪਤਨੀ ਬਿਪਨਜੀਤ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 28th-NOV-2025 | 15th-DEC-2025 | ਰੁਪਏ 25,49,324/- (ਪੱਚੀ ਲੱਖ ਉਣੰਜਾ ਹਜ਼ਾਰ ਤਿੰਨ ਸੌ ਚੌਵੀ ਰੁਪਏ ਕੇਵਲ) | ਰੁਪਏ 30,00,000/- (ਤੀਹ ਲੱਖ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ: 61 ਮਿਤੀ 05.04.2018 ਅਨੁਸਾਰ ਸ੍ਰੀਮਤੀ ਤਜਿੰਦਰ ਕੌਰ ਢਿੱਲੋਂ ਪਤਨੀ ਬਿਪਨਜੀਤ ਸਿੰਘ ਦੇ ਨਾਂਅ ਰਜਿਸਟਡ ਰਿਹਾਇਸ਼ੀ ਜਾਇਦਾਦ/ਪਲਾਟ ਨੰ: 3 'ਤੇ ਨਿਰਮਤ ਮਕਾਨ, ਰਕਬਾ 0 ਕਨਾਲ 06 ਮਰਲੇ 06 ਸਰਸਾਈ, ਜੋ ਕਿ 200 ਵਰਗ ਗਜ਼, ਕੁੱਲ ਜ਼ਮੀਨੀ ਖੇਤਰ ਦਾ 20/840 ਹਿੱਸਾ, ਰਕਬਾ 14 ਕਨਾਲ 00 ਮਰਲੇ, ਖੱਤਾ ਨੰ: 1674/1774, ਖਸਰਾ ਨੰ: 325 (14-0), ਜਮ੍ਹਾਂਬੰਦੀ ਸਾਲ 2014-2015, ਗਰੀਨ ਸਿਟੀ ਵਿਖੇ ਸਥਿਤ, ਬਲਾਕ ਐੱਫ-4, ਅਗਵਾੜ ਗੁੱਜਰਾਂ-1, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਵੇਚਣ ਵਾਲਾ, ਪੱਛਮ : ਲਾਂਘਾ, ਉੱਤਰ : ਵੇਚਣ ਵਾਲਾ, ਦੱਖਣ : ਵੇਚਣ ਵਾਲਾ। | | | | |
| 5. | 1. ਸ੍ਰੀ ਸੂਰਜ ਚਾਵਲਾ ਪੁੱਤਰ ਕੀਮਤੀ ਲਾਲ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਰਣਜੀਤ ਕੌਰ ਪਤਨੀ ਸੂਰਜ ਚਾਵਲਾ (ਸਹਿ-ਕਰਜ਼ਦਾਰ/ਰਹਿਣਕਾਰ) | 09th-DEC-2025 | 16th-DEC-2025 | ਰੁਪਏ 13,98,260/- (ਤੇਰਾਂ ਲੱਖ ਅਠਾਨਵੇਂ ਹਜ਼ਾਰ ਦੋ ਸੌ ਸੱਠ ਰੁਪਏ ਕੇਵਲ) | ਰੁਪਏ 15,30,200/- (ਪੰਦਰਾਂ ਲੱਖ ਤੀਹ ਹਜ਼ਾਰ ਦੋ ਸੌ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ: 2019-20/93/1/11252 ਮਿਤੀ 18.11.2019 ਅਨੁਸਾਰ ਸ੍ਰੀ ਸੂਰਜ ਚਾਵਲਾ ਪੁੱਤਰ ਕੀਮਤੀ ਲਾਲ ਅਤੇ ਸ੍ਰੀਮਤੀ ਰਣਜੀਤ ਕੌਰ ਪਤਨੀ ਸੂਰਜ ਚਾਵਲਾ ਦੇ ਨਾਂਅ ਰਜਿਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪ੍ਰਾਈਵੇਟ ਨੰ: 927 ਮਿੰਨ ਰਕਬਾ ਲੰਬਾਈ 30 ਫੁੱਟ ਚੌੜਾਈ 30 ਫੁੱਟ ਕੁੱਲ ਖੇਤਰ 100 ਵਰਗ ਗਜ਼, ਖਸਰਾ ਨੰ: 18//12, 18//13 ਮਿੰਨ, ਖੱਤਾ ਖਤੌਨੀ ਨੰ: 173/273, 174/274, ਜਮ੍ਹਾਂਬੰਦੀ ਸਾਲ 2012-13, ਹੱਦਬਸਤ ਨੰ: 282, ਵਾਕਿਆ ਰਕਬਾ ਰੱਖ ਸ਼ਿਕਾਰਗਾਹ, ਆਬਾਦੀ ਮੂਨ ਐਵੇਨਿਊ, ਤਹਿਸੀਲ ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾ : (ਬੈਨਾਮੇ ਅਨੁਸਾਰ) ਪੂਰਬ : ਗਲੀ 20 ਫੁਟ ਚੌੜੀ, ਪੱਛਮ : ਮਕਾਨ ਨੰ: 296 ਮਿੰਨ, ਉੱਤਰ : ਪਲਾਟ ਨੰ: 297 ਮਿੰਨ ਦਾ ਬਾਕੀ ਹਿੱਸਾ, ਦੱਖਣ : ਪਲਾਟ ਨੰ: 298 | | | | |
| 6. | 1. ਸ੍ਰੀ ਗੁੱਡੂ ਪੁੱਤਰ ਕਨ੍ਹਈਆ (ਕਰਜ਼ਦਾਰ) ਅਤੇ 2. ਸ੍ਰੀਮਤੀ ਪਾਰਵਤੀ ਪਤਨੀ ਗੁੱਡੂ (ਸਹਿ-ਕਰਜ਼ਦਾਰ/ਰਹਿਣਕਾਰ) | 09th-DEC-2025 | 16th-DEC-2025 | ਰੁਪਏ 7,33,319/- (ਸੱਤ ਲੱਖ ਤੇਤੀ ਹਜ਼ਾਰ ਤਿੰਨ ਸੌ ਉੱਨੀ ਰੁਪਏ ਕੇਵਲ | ਰੁਪਏ 10,09,012/- (ਦਸ ਲੱਖ ਨੌ ਹਜ਼ਾਰ ਬਾਰਾਂ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ ਨੰ. 2020-21/187/1/7408 ਮਿਤੀ 02 ਫਰਵਰੀ 2021 ਅਨੁਸਾਰ ਸ੍ਰੀਮਤੀ ਪਾਰਵਤੀ ਪਤਨੀ ਗੁੱਡੂ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 56-ਈ, ਰਕਬਾ 01 ਮਰਲਾ-160 ਵਰਗ ਫੁੱਟ, ਖਸਰਾ ਨੰ. 28//20/2, 28//20/3,28//21/1. ਹੱਦਬਸਤ ਨੰ. 162, ਵਾਕਿਆ ਅਬਾਦੀ ਪਿੰਡ ਬੁਲੰਦਪੁਰ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ ਸਾਈਟ ਅਨੁਸਾਰ, ਪੂਰਬ : ਪਲਾਟ ਨੰ. 66, ਪੱਛਮ : ਸੜਕ, ਉੱਤਰ : ਮੁੰਨੀ ਕੁਮਾਰ, ਦੱਖਣ : ਨਿਰਮਲਾ ਦੇਵੀ। | | | | |
| 7. | 1. ਸ੍ਰੀ ਵਿਕਾਸ ਸ਼ਰਮਾ ਪੁੱਤਰ ਕੁਲਦੀਪ ਰਾਜ ਸ਼ਰਮਾ (ਕਰਜ਼ਦਾਰ/ ਰਹਿਣਕਾਰ) ਅਤੇ 2. ਸ੍ਰੀਮਤੀ ਸੀਮਾ ਸਾਗਰ ਪਤਨੀ ਵਿਕਾਸ ਸ਼ਰਮਾ (ਸਹਿ-ਕਰਜ਼ਦਾਰ) | 09th-DEC-2025 | 15th-DEC-2025 | ਰੁਪਏ 40,67,759/- (ਚਾਲੀ ਲੱਖ ਸਤਾਹਠ ਹਜ਼ਾਰ ਸੱਤ ਸੌ ਉਨਾਹਠ ਰੁਪਏ ਕੇਵਲ) | 1. ਪਾਵਰ ਹੋਮ ਕਰਜ਼ਾ ਸਹੂਲਤ ਰੁਪਏ 21,48,294/- (ਇੱਕੀ ਲੱਖ ਅਠਤਾਲੀ ਹਜ਼ਾਰ ਦੋ ਸੌ ਚੁਰਾਨਵੇਂ ਰੁਪਏ ਕੇਵਲ) ਅਤੇ 2. ਰੁਪਏ 19,77,306/- (ਉੱਨੀ ਲੱਖ ਸਤੱਤਰ ਹਜ਼ਾਰ ਤਿੰਨ ਸੌ ਛੇ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ ਨੰ. 441 ਮਿਤੀ 12-04-2016 ਅਨੁਸਾਰ ਸ੍ਰੀ ਵਿਕਾਸ ਸ਼ਰਮਾ ਪੁੱਤਰ ਕੁਲਦੀਪ ਰਾਜ ਸ਼ਰਮਾ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 19 'ਤੇ ਨਿਰਮਤ ਮਕਾਨ, ਰਕਬਾ 120 ਵਰਗ ਗਜ਼, ਖਸਰਾ ਨੰ. 822 ਮਿੰਨ, ਖੱਤਾ ਖਤੌਨੀ ਨੰ. 775/1029, ਜਮ੍ਹਾਂਬੰਦੀ ਸਾਲ 2010-11, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ ਸਰਕਲ 108 ਵਿਖੇ ਸਥਿਤ, ਅਬਾਦੀ ਗੁਰਬਖਸ਼ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 18 ਵਿਜੇ ਕੁਮਾਰ, ਪੱਛਮ : ਪਲਾਟ ਨੰ. 20, ਉੱਤਰ: ਗਲੀ, ਦੱਖਣ : ਕਵਿਤਾ ਦਾ ਖਾਲੀ ਪਲਾਟ | | | | |
| 8. | 1. ਸ੍ਰੀ ਮੁਹੰਮਦ ਸ਼ਾਹਨਵਾਜ਼ ਪੁੱਤਰ ਖਾਲਿਦ ਹੁਸਾ (ਕਰਜ਼ਦਾਰ) ਅਤੇ 2. ਸ੍ਰੀਮਤੀ ਸ਼ਾਮਾ ਪਤਨੀ ਮੁਹੰਮਦ ਸ਼ਾਹਨਵਾਜ਼ (ਸਹਿ-ਕਰਜ਼ਦਾਰ/ਰਹਿਣਕਾਰ) | 09th-DEC-2025 | 18th-DEC-2025 | ਰੁਪਏ 16,97,414.62/- (ਸੋਲਾਂ ਲੱਖ ਸਤਾਨਵੇਂ ਹਜ਼ਾਰ ਚਾਰ ਸੌ ਚੌਦਾਂ ਰੁਪਏ ਅਤੇ ਬਾਹਠ ਪੈਸੇ ਕੇਵਲ) | ਰੁਪਏ 17,34,586/- (ਸਤਾਰਾਂ ਲੱਖ ਚੌਂਤੀ ਹਜ਼ਾਰ ਪੰਜ ਸੌ ਛਿਆਸੀ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ. 2022-23/106/1/6808 ਮਿਤੀ 01 ਸਤੰਬਰ 2022 ਅਨੁਸਾਰ ਸ੍ਰੀਮਤੀ ਸ਼ਮ੍ਹਾਂ ਪਤਨੀ ਮੁਹੰਮਦ ਸ਼ਾਹਨਵਾਜ਼ ਖਾਨ ਦੇ ਨਾਂਅ ਰਜਿਸਟਰਡ ਜਾਇਦਾਦ ਮਿਉਂਸਪਲ ਕਾਰਪੋਰੇਸ਼ਨ ਨੰ. ਬੀ-14-1396/1, ਰਕਬਾ 30 ਵਰਗ ਗਜ਼, ਵਾਕਿਆ ਤਰਫ ਸੈਦਾਂ ਵਿਖੇ ਸਥਿਤ, ਅਬਾਦੀ ਮੁਹੱਲਾ ਇਸਲਾਮ ਗੰਜ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਮੋਹਨ ਸਿੰਘ, ਪੱਛਣ : ਗਲੀ, ਉੱਤਰ : ਨੱਥਾ ਸਿੰਘ, ਦੱਖਣ : ਸੇਵਾ ਸਿੰਘ। | | | | |
| 9. | 1. ਸ੍ਰੀ ਪਰਮਜੀਤ ਸਿੰਘ ਪੁੱਤਰ ਸਰਦਾਰਾ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ ਸ੍ਰੀਮਤੀ ਤੇਜਿੰਦਰ ਕੌਰ ਪਤਨੀ ਪਰਮਜੀਤ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08th-NOV-2025 | 19th-DEC-2025 | ਰੁਪਏ 17,47,761/- (ਸਤਾਰਾਂ ਲੱਖ ਸੰਤਾਲੀ ਹਜ਼ਾਰ ਸੱਤ ਸੌ ਇਕਾਹਠ ਰੁਪਏ ਕੇਵਲ) | ਰੁਪਏ 63,61,486/- (ਤਰੇਹਠ ਲੱਖ ਇਕਾਹਠ ਹਜ਼ਾਰ ਚਾਰ ਸੌ ਛਿਆਸੀ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਪਰਮਜੀਤ ਸਿੰਘ ਪੁੱਤਰ ਸਰਦਾਰਾ ਸਿੰਘ ਅਤੇ ਤੇਜਿੰਦਰ ਕੌਰ ਪਤਨੀ ਪਰਮਜੀਤ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਅਪਾਰਟਮੈਂਟ/ਫਲੈਟ ਨੰ. ਟੀ 04-17/01, ਟਾਵਰ ਨੰ. ਟੀ 04, ਰਕਬਾ 1940 ਵਰਗ ਫੁੱਟ (ਨਿਰਮਿਤ ਖੇਤਰ 1591.60 ਵਰਗ ਫੁੱਟ) 106 ਗੋਲਫ ਐਵੇਨਿਊ ਵਿਖੇ ਸਥਿਤ, ਸੈਕਟਰ-106, ਗੁੜਗਾਉਂ, ਹਰਿਆਣਾ ਨਾਲ ਸੰਬੰਧਤ ਸਭ ਕੁਝ। | | | | |
| 10. | 1. ਸ੍ਰੀਮਤੀ ਪ੍ਰਿਯਾ ਰਾਣੀ ਪੁੱਤਰੀ ਭੂਸ਼ਨ (ਕਰਜ਼ਦਾਰ) ਅਤੇ ਸ੍ਰੀਮਤੀ ਪ੍ਰਿਯਾ ਰਾਣੀ ਪੁੱਤਰੀ ਭੂਸ਼ਨ (ਸਹਿ-ਕਰਜ਼ਦਾਰ/ ਰਹਿਣਕਾਰ) | 03rd-DEC-2025 | 31st-DEC-2025 | ਰੁਪਏ 2,64,299/- (ਦੋ ਲੱਖ ਚੌਂਹਠ ਹਜ਼ਾਰ ਦੋ ਸੌ ਨਿੜ੍ਹਿੰਨਵੇਂ ਰੁਪਏ ਕੇਵਲ) | ਰੁਪਏ 5,28,000/- (ਪੰਜ ਲੱਖ ਅਠਾਈ ਹਜ਼ਾਰ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ. 2020-21, 106/1/2194 ਮਿਤੀ 13 ਜੁਲਾਈ 2020 ਅਨੁਸਾਰ ਸ੍ਰੀਮਤੀ ਸੋਨੀਆ ਪਤਨੀ ਬਿਸ਼ਨ ਲਾਲ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰ. 499-ਏ, ਕਾਰਪੋਰੇਸ਼ਨ ਨੰ. ਬੀ-31-2222/ਏ/ਪੀ-503 ਏ, ਰਕਬਾ 30 ਵਰਗ ਗਜ਼ ਖਸਰਾ ਨੰ. 15//21/2, 20//1/1, 1/2, 2, 8/2, 9,10,11,12/1, 12/2, 12/3, 13, 18,19,20,21,22/1, 22/2, 23/1, 23/2, 21//15, 16, 25, 27//5/1, 5/2, 16/1, 25/2, 28//1/1/1, 1/1/2, 2/2, 28//3/1, 3/2, 8/1, 8/2/1, 8/2/2, 9/1/1, 9/1/2, 10/2, 12/1/2, 13/2/2 ਖੱਤਾ ਨੰ. 320/321, ਜਮ੍ਹਾਂਬੰਦੀ ਸਾਲ 2006-2007, ਪਿੰਡ ਕੁਲੀਏਵਾਲ ਵਿਖੇ ਸਥਿਤ, ਹੱਦਬਸਤ ਨੰ. 178, ਅਬਾਦੀ, ਗਲੀ ਨੰ. 2, ਸਟਾਰ ਸਿਟੀ, ਟਿੱਬਾ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ :ਗਲੀ, ਪੱਛਮ : ਰਾਮ ਚੰਦਰ, ਉੱਤਰ: ਖੱਬਤ ਸਿੰਘ, ਦੱਖਣ : ਵਿਖਮ | | | | |
| 11. | 1. ਸ੍ਰੀ ਸੰਦੀਪ ਸਿੰਘ ਪੁੱਤਰ ਗੁਰਮੇਜ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਤਾਜਵਿੰਦਰ ਕੌਰ ਪਤਨੀ ਗੁਰਮੇਜ ਸਿੰਘ (ਸਹਿ-ਕਰਜ਼ਦਾਰ) | 06th-DEC-2025 | 01st-JAN-2026 | ਰੁਪਏ 17,59,148/- (ਸਤਾਰਾਂ ਲੱਖ ਉਨਾਹਠ ਹਜ਼ਾਰ ਇੱਕ ਸੌ ਅਠਤਾਲੀ ਰੁਪਏ ਕੇਵਲ) | 1. ਪਾਵਰ ਹੋਮ ਕਰਜ਼ਾ ਸਹੂਲਤ ਰੁਪਏ 15,67,025/- ਅਤੇ 2. ਪਾਵਰ ਹੋਮ ਕਰਜ਼ਾ ਸਹੂਲਤ ਰੁਪਏ 3,00,000/- |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ. 2019-20/89/1/2062 ਮਿਤੀ 03 ਜੂਨ 2019 ਅਨੁਸਾਰ ਸ੍ਰੀਮਤੀ ਤਜਵਿੰਦਰ ਕੌਰ ਪਤਨੀ ਸ੍ਰੀ ਗੁਰਮੇਜ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 9-ਡੀ 'ਤੇ ਨਿਰਮਤ ਮਕਾਨ, ਰਕਬਾ 193.55 ਵਰਗ ਗਜ਼ ਖਸਰਾ ਨੰ. 4350/3 ਮਿੰਨ, ਵਾਕਿਆ ਰਕਬਾ ਸੁਲਤਾਨਵਿੰਡ ਵਿਖੇ ਸਥਿਤ, ਅਰਬਨ ਸਮਾਲ ਟਾਊਨ ਅਬਾਦੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਲਾਂਘਾ 25' ਚੌੜਾ, ਪੱਛਮ : ਪਲਾਟ ਨੰ. 4, ਉੱਤਰ : ਪਲਾਟ ਨੰ. 9-ਸੀ, ਦੱਖਣ : ਪਲਾਟ ਨੰ. 9-ਈ | | | | |

ਇਸ ਲਈ, ਇਹ ਜਨਤਕ ਸੂਚਨਾ ਸਿੱਧੇ ਪੱਤਰ ਵਿਹਾਰ ਦੀ ਜਗ੍ਹਾ ਜਾਰੀ ਕੀਤੀ ਜਾਂਦੀ ਹੈ।
ਕਰਜ਼ਦਾਰ (ਕਰਜ਼ਦਾਰਾਂ) ਅਤੇ/ਜਾਂ ਉਨ੍ਹਾਂ ਦੇ ਗਰੰਟਰ (ਗਰੰਟਰਾਂ) ਜਿੱਥੇ ਲਾਗੂਯੋਗ, ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਰਕਮ ਜਮ੍ਹਾਂ ਕਰਵਾਉਣ ਦਾ ਸੱਦਾ ਦਿੱਤਾ ਜਾਂਦਾ ਹੈ। ਅਜਿਹਾ ਕਰਨ ਵਿੱਚ ਨਾਕਾਮ ਰਹਿਣ ਦੀ ਸੂਰਤ ਵਿੱਚ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਸਕਿਓਰਿਟੀ ਇੰਟਰੈਸਟ ਐਕਟ, 2002 ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਤਹਿਤ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ। ਕਰਜ਼ਦਾਰਾਂ ਨੂੰ ਆਪਣੇ ਸਕਿਓਰਡ ਐਸਟਸ ਦੇ ਪੁਨਰਗ੍ਰਹਿਣ ਲਈ ਆਪਣੇ ਅਧਿਕਾਰਾਂ ਵਾਸਤੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਵਿਸ਼ੇਸ਼ ਹਵਾਲਾ ਦਿੱਤਾ ਜਾਂਦਾ ਹੈ।
ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਉਕਤ ਦੱਸੇ ਐਕਟ ਸੈਕਸ਼ਨ 13(13) ਤਹਿਤ ਸਕਿਉਰਡ ਕ੍ਰੈਡਿਟਰ ਦੇ ਬਿਨਾਂ ਅਗਾਊਂ ਲਿਖਤੀ ਸਹਿਮਤੀ ਦੇ ਕਰਜ਼ਦਾਰ ਨੂੰ ਜਾਇਦਾਦ ਵਿੱਕਰੀ ਰਾਹੀਂ ਤਬਾਦਲਾ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਸਕਿਉਰਡ ਐਸਟਸ ਦੀ ਵਿੱਕਰੀ ਕਰਨ ਦਾ ਅਧਿਕਾਰ ਨਹੀਂ ਹੈ।

ਮਿਤੀ : 16.01.2026 ਸਹੀ/- (ਅਧਿਕਾਰਤ ਅਫ਼ਸਰ)
ਸਥਾਨ : ਪੰਜਾਬ ਐਕਸਿਸ ਬੈਂਕ ਲਿਮਟਿਡ

# ਮਠਿਆਈ ਦੀ ਦੁਕਾਨ 'ਤੇ ਗੋਲੀਆਂ ਚਲਾਉਣ ਵਾਲੇ 4 ਦੋਸ਼ੀ ਗ੍ਰਿਫ਼ਤਾਰ



ਫਗਵਾੜਾ (ਡਾ. ਰਮਨ)-ਗੌਰਵ ਤੂਰਾ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਨੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 12 ਜਨਵਰੀ 2026 ਨੂੰ ਸ਼ਾਮ ਤਕਰੀਬਨ 6.45 ਦੇ ਕਰੀਬ ਤਿੰਨ ਨਕਾਬਪੋਸ਼ ਵਿਅਕਤੀਆਂ ਵੱਲੋਂ ਫਗਵਾੜਾ ਵਿਖੇ ਹੁਸ਼ਿਆਰਪੁਰ ਰੋਡ ਸਥਿਤ ਮਠਿਆਈ ਦੀ ਦੁਕਾਨ ਐਸ ਸੁਧੀਰ ਸਵੀਟਸ ਸ਼ਾਪ ਤੇ 08 ਮਿਤੀ 12.01.2026 ਅਸਲਾ ਐਕਟ ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਦਰਜ ਰਜਿਸਟਰ ਕੀਤਾ ਗਿਆ ਸੀ। ਮੁਕੱਦਮਾ ਦੀ ਤਫਤੀਸ਼ ਦੌਰਾਨ ਪੁਲਸ ਨੂੰ ਵੱਡੀ ਸਫਲਤਾ ਹਾਸਿਲ ਹੋਈ। ਗੌਰਵ ਤੂਰਾ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਵੱਲੋਂ ਗੁਪਤ ਸੂਚਨਾ ਦੇ ਅਧਾਰ ਤੇ ਸੀ ਆਈ ਏ ਕਪੂਰਥਲਾ, ਫਗਵਾੜਾ ਪੁਲਿਸ ਅਤੇ ਕਪੂਰਥਲਾ ਪੁਲਿਸ ਵੱਲੋਂ ਇੱਕ ਸਾਂਝਾ ਅਪਰੇਸ਼ਨ ਚਲਾਇਆ ਗਿਆ ਜਿਸ ਦੇ ਤਹਿਤ ਵੱਖ-ਵੱਖ ਟੀਮਾਂ ਵੱਲੋਂ ਦੋਸ਼ੀਆਨ ਰੁਪਿੰਦਰ ਸਿੰਘ ਉਰਫ ਪਿੰਦਾ ਪੁੱਤਰ ਸੁਖਬੀਰ ਸਿੰਘ ਵਾਸੀ ਪਿੰਡ ਮਹੇੜੂ ਥਾਣਾ ਸਤਨਾਮਪੁਰਾ, ਸੁਖਰਾਜ ਸਿੰਘ ਉਰਫ ਸੁੱਖਾ ਪੁੱਤਰ ਹਰਦੀਪ ਸਿੰਘ ਵਾਸੀ ਪਿੰਡ ਬੀੜ ਪੁਆਦ ਥਾਣਾ ਸਦਰ ਫਗਵਾੜਾ, ਕਮਲਪ੍ਰੀਤ ਸਿੰਘ ਉਰਫ ਪੀਤਾ ਪੁੱਤਰ ਅਵਤਾਰ ਸਿੰਘ ਵਾਸੀ ਸੰਧਵਾਂ ਥਾਣਾ ਬਹਿਰਾਮ ਜਿਲਾ ਸ਼ਹੀਦ ਭਗਤ ਸਿੰਘ ਨਗਰ ਅਤੇ ਹਰਜੀਤ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਖੇੜਾ ਥਾਣਾ ਸਤਨਾਮਪੁਰਾ ਨੂੰ ਗ੍ਰਿਫਤਾਰ ਕੀਤਾ ਗਿਆ। ਜਿਹਨਾਂ ਨੇ ਮਿਤੀ 12 ਜਨਵਰੀ 2026 ਨੂੰ ਸ਼ਾਮ ਦੇ ਵਕਤ ਐਸ ਸੁਧੀਰ ਸਵੀਟਸ ਸ਼ਾਪ ਤੇ ਗੋਲੀਆਂ ਚਲਾਈਆਂ ਗਈਆਂ ਸਨ। ਜਿਹਨਾਂ ਪਾਸੋਂ ਇੱਕ ਹੁੰਡਈ ਵਰਨਾ ਕਾਰ ਅਤੇ ਇੱਕ ਹੁੰਡਈ ਵੈਨਿਊ ਕਾਰ ਬ੍ਰਾਮਦ ਕੀਤੀ ਗਈ ਹੈ। ਪੁੱਛਗਿੱਛ ਦੌਰਾਨ ਇਹਨਾਂ ਦੋਸ਼ੀਆਂ ਵੱਲੋਂ ਖੁਲਾਸੇ ਕੀਤੇ ਗਏ ਹਨ ਕਿ ਉਹਨਾਂ ਵੱਲੋਂ ਕਪੂਰਥਲਾ ਵਿਖੇ 1, ਮੁਕੰਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਖੇ 1, ਬਹਿਰਾਮ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਖੇ 1, ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ। ਜਿਹਨਾਂ ਵੱਲੋਂ ਆਪਣੀ ਪੁੱਛਗਿੱਛ ਦੌਰਾਨ ਆਪਣੇ ਦੋ ਹੋਰ ਸਾਥੀਆਂ ਦਾ ਨਾਂਅ ਲਿਆ ਗਿਆ ਹੈ, ਜਿਹਨਾਂ ਨੂੰ ਮੁਕੱਦਮਾ ਵਿੱਚ ਨਾਮਜਦ ਕਰਕੇ ਜਲਦ ਹੀ ਗ੍ਰਿਫਤਾਰ ਕੀਤਾ ਜਾਵੇਗਾ। ਗ੍ਰਿਫਤਾਰ ਦੋਸ਼ੀਆਂ ਪਾਸੋਂ ਹੋਰ ਵੀ ਸਨਸਨੀਖੇਜ ਖੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਗਿਰੋਹ ਦੇ ਮੁੱਖ ਲੀਡਰ ਬਾਰੇ ਸੂਚਨਾ ਪ੍ਰਾਪਤ ਹੋ ਚੁੱਕੀ ਹੈ, ਜਿਸ ਬਾਰੇ ਜਲਦ ਹੀ ਖੁਲਾਸੇ ਕੀਤੇ ਜਾਣਗੇ।

# ਧੰਨ ਧੰਨ ਬਾਬਾ ਰਣਧੀਰ ਜੀ ਦੀ ਯਾਦ 'ਚ ਜਨਰਲ ਹੈਲਥ ਚੈੱਕਅਪ ਕੈਂਪ



ਕੋਟ ਈਸੇ ਖਾਂ, (ਅਰੋੜਾ)-ਧੰਨ ਧੰਨ ਬਾਬਾ ਰਣਧੀਰ ਜੀ ਦੀ ਪਾਵਨ ਯਾਦ ਨੂੰ ਸਮਰਪਤ ਇੱਕ ਵਿਸ਼ਾਲ ਜਨਰਲ ਸਿਹਤ ਜਾਂਚ ਕੈਂਪ ਦਾ ਮੁਫਤ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਸੰਤ ਬਾਬਾ ਗੁਰਮੀਤ ਸਿੰਘ ਦੇ ਪਿੰਡ ਦੇ ਮੋਹਤਬਰ ਤੇ ਪਤਵੰਤੇ ਸੱਜਣਾਂ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ।ਇਹ ਕੈਂਪ ਗਰਗ ਹਸਪਤਾਲ ਮਲਟੀ ਸਪੈਸ਼ਲਿਟੀ ਸੈਂਟਰ ਮੋਗਾ ਦੇ ਸਹਿਯੋਗ ਨਾਲ ਮਾਹਰ ਡਾਕਟਰਾਂ ਵੱਲੋਂ ਲਗਾਇਆ ਗਿਆ।ਕੈਂਪ ਦੌਰਾਨ ਡਾਕਟਰ ਸਿਮਰਪ੍ਰੀਤ ਸਿੰਘ ਸਪਾਈਨ ਸਪੈਸ਼ਲਿਸਟ, ਡਾਕਟਰ ਜਗਦੇਵ ਸਿੰਘ, ਡਾਕਟਰ ਜਗਜੀਤ ਸਿੰਘ ਜੱਗਾ ਵੱਲੋਂ ਵੱਖ-ਵੱਖ ਕਰੀਬ 60 ਤੋਂ 70 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ, ਜਿਸ ਵਿੱਚ ਬਲੱਡ ਪ੍ਰੈਸ਼ਰ, ਸ਼ੂਗਰ ਚੈੱਕਅਪ ਤੇ ਵੱਖ ਵੱਖ ਸਰੀਰ ਨਾਲ ਸੰਬੰਧਤ ਬਿਮਾਰੀਆਂ ਦਾ ਚੈੱਕਅਪ ਕੀਤਾ ਗਿਆ ਤੇ ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਮੌਕੇ ਸਟਾਫ ਲਵਜੀਤ ਸਿੰਘ ਸੁਮੀਤ, ਡਾਕਟਰ ਕੁਲਵੰਤ ਸਿੰਘ ਮੁਦਕੀ ਵਾਲੇ, ਮਨਦੀਪ ਸਿੰਘ ਦਾਤੇਵਾਲ, ਨਿਰਮਲ ਸਿੰਘ ਪ੍ਰਧਾਨ, ਤਰਸੇਮ ਸਿੰਘ, ਇੰਦਰਜੀਤ ਸਿੰਘ ਖੋਸਾ, ਗਿਆਨੀ ਅਜੀਤ ਸਿੰਘ, ਬਾਬਾ ਹਰਚੰਦ ਸਿੰਘ, ਸੁਖਮੰਦਰ ਸਿੰਘ ਆਦਿ ਹਾਜ਼ਰ ਸਨ।

## LOST AND FOUND

I, Sarina Kehar W/o Vikas Kehar R/o Aman Nagar Jalandhar City declared that my Property Original chain documents sale deed 979 Dated 09-5-1973 And Original chain documents sale deed 7434 Dated 13-10-1999, Got Lost and Not Traceable after that I tried hard to find but it has not been found. If anyone finds the document or has any information, kindly contact me or the nearest police station.
Contact +91 97814 20978

## COURT NOTICE

(U/o 5 Rule 20 CPC)
In The Court of Ms. Geeta Rani Additional Civil Judge (Senior Division), Phul
CNR No. PBBTB0-000247-2025
Next Date:-27-01-2026
State Bank Of India
Vs.
Jasveer Kaur
Publication Issued To :-
Jasveer Kaur W/O Gursewak Singh R/o Kothe Guru Ka Road (Aare Wali Street) Village Gumti Kalan, Tehsil Phul, Distt. Bathinda

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 27-01-2026 at 10:00 a.m.

For details logon to https://highcourtchd.gov.in/?mod=district_notice&district=Bathinda

Additional Civil Judge (Senior Division) Phul (D)
Dated, this day of 15-01-2026

## COURT NOTICE

(U/o 5 Rule 20 CPC)
In The Court of Garima Gupta Civil Judge (Junior Division), Amritsar
CS/4989/2024 P INJ
CNR No. PBAS02-004626-2024
Next Date:-20-03-2026
Gurjinder Singh & Another
Vs.
Manpreet Kaur And Others
Publication Issued To:
9. Mohinder Kaur W/O Pritam Singh, 10. Sethi S/o Pritam Singh Both Residents of Mat Di Chaki, Shimlapuri, School Wali Gali, Ludhiana

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 20-03-2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 13-01-2026

## ਦੀ ਮੀਰਥਲ ਜਦੀਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮਟਿਡ, ਮੀਰਥਲ (ਪਠਾਨਕੋਟ)

### PUBLIC NOTICE

ਦੀ ਮੀਰਥਲ ਜਦੀਦ ਬਹੁਮੰਤਵੀ ਸਹਿਕਾਰੀ ਸਭਾ ਲਿਮਟਿਡ ਮੀਰਥਲ ਵਿਖੇ SALESMAN ਦੀ ਭਰਤੀ ਕੀਤੀ ਜਾਣੀ ਹੈ। ਭਰਤੀ ਸਬੰਧੀ ਇੰਟਰਵਿਊ ਦੀ ਪ੍ਰਕਿਰਿਆ ਮਿਤੀ 13.02.2026 ਨੂੰ ਸਵੇਰੇ 10:00 ਵਜੇ ਸਭਾ ਦੇ ਦਫਤਰ ਪਿੰਡ ਮੀਰਥਲ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ ਵਿਖੇ ਕੀਤੀ ਜਾਵੇਗੀ।

ਭਰਤੀ ਸੰਬੰਧੀ ਯੋਗਤਾ

1. ਉਮੀਦਵਾਰ ਦੀ ਉਮਰ 18 ਤੋਂ 37 ਸਾਲ।
2. ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਅਤੇ ਦਸਵੀਂ ਪੱਧਰ ਦੀ ਪੰਜਾਬੀ।
3. ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ O LEVEL ਦੇ ਸਰਟੀਫਿਕੇਟ ਦਾ ਕੋਰਸ ਜਾਂ ਪ੍ਰਵਾਨਿਤ ਕਿਸੇ ISO 9001 ਅਨੁਸਾਰ ਘੱਟੋ-ਘੱਟ 120 ਘੰਟੇ ਦਾ ਪਰਸਨਲ ਕੰਪਿਊਟਰ ਦਾ ਕੋਰਸ।
4. ਪੇਂਡੂ ਪਿਛੋਕੜ ਅਤੇ ਸਭਾ ਦੇ ਦਾਇਰੇ ਕਾਰੋਬਾਰ ਦਾ ਨਿਵਾਸੀ ਹੋਵੇ।
5. ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਨੂੰ ਆਪਣੀ ਨਿਯੁਕਤੀ ਤੋਂ ਲੈ ਕੇ ਪ੍ਰਬੰਧਕ ਕਮੇਟੀ ਵੱਲੋਂ ਦਰਸਾਈ ਗਈ ਜ਼ਮਾਨਤ ਉਮੀਦਵਾਰ ਵੱਲੋਂ ਭਰਨੀ ਹੋਵੇਗੀ ਜੋ ਤੱਕ ਤੇ ਦੇਣੀ ਪਵੇਗੀ।

ਉਮੀਦਵਾਰ ਆਪਣੀ ਅਰਜ਼ੀ ਨਾਲ ਆਪਣੀ ਯੋਗਤਾ ਸੰਬੰਧੀ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਕਾਪੀਆਂ, ਪਾਸਪੋਰਟ ਸਾਈਜ਼ ਫੋਟੋ ਅਤੇ ਰਿਹਾਇਸ਼ ਬਾਰੇ ਸਬੂਤ ਸਭਾ ਦੇ ਦਫਤਰ ਵਿਖੇ ਮਿਤੀ 09.02.2026 ਸ਼ਾਮ 05:00 ਵਜੇ ਤੱਕ ਦਸਤੀ ਜਾਂ ਡਾਕ ਰਾਹੀਂ ਭੇਜ ਸਕਦੇ ਹਨ। [illegible] ਉਮੀਦਵਾਰਾਂ ਨੂੰ ਇੰਟਰਵਿਊ ਵਾਸਤੇ ਵੱਖਰਾ ਪੱਤਰ ਨਹੀਂ ਭੇਜਿਆ ਜਾਵੇਗਾ। ਵਧੇਰੇ ਜਾਣਕਾਰੀ ਲਈ 84374-55904 / 94175-90932 'ਤੇ ਸੰਪਰਕ ਕੀਤਾ ਜਾ ਸਕਦਾ ਹੈ। [illegible]

ਗੁਰਦੇਵ ਸਿੰਘ ਪ੍ਰਧਾਨ 84374-55904 ਜਾਗੀਰ ਸਿੰਘ ਮੀਤ ਪ੍ਰਧਾਨ 94175-90932

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਮੰਡਲ ਇੰਜੀਨੀਅਰ-ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 12.02.2026 ਸਮਾਂ 15.00 ਵਜੇ ਤਕ, www.ireps.gov.in ਪੋਰਟਲ ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈੱਟ ਬੈਂਕਿੰਗ, ਡੈਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 14.01.2026 | 29.01.2026 | 12.02.2026 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ, ਮਿਤੀ | ਨਿਵਿਦਾ ਦਾ ਵੇਰਵਾ |
|---|---|---|
| 1 | 220-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਤਹਿਤ ਸੀਨੀਅਰ ਅਨੁਭਾਗ ਇੰਜੀਨੀਅਰ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ [illegible] ਦੇ ਕਿਨਾਰਿਆਂ ਤੇ ਦਰਵਾਜ਼ਿਆਂ ਅਤੇ ਖਿੜਕੀਆਂ ਦੀ ਸ਼ਾਖੀ ਮੁਰੰਮਤ ਅਤੇ ਪ੍ਰਤਿਸਥਾਪਨ, ਜੰਗਲ ਕਲੀ ਪਾਣੀ ਸਪਲਾਈ ਪਾਈਪਲਾਈਨ ਦੀ ਮੁਰੰਮਤ, ਜੰਗਲਾ/ਘਾਹ/ਝਾੜੀਆਂ/ਪੌਦਿਆਂ ਆਦਿ ਦੀ ਸਫਾਈ, ਅਤੇ ਫਿਰੋਜ਼ਪੁਰ ਦੇ ਸਮੁਦਾਇਕ ਹਾਲ ਦੀ ਮੁਰੰਮਤ ਅਤੇ ਰਖਰਖਾਅ। |

| ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ (ਰੁ) | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 1,79,75,338.95 | 2,39,900.00 | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਨੰ.: 220-2025-26-ADEN-1-FZR ਤਾਰੀਕ : 14.01.2026 145/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਹੈਰੋਇਨ ਸਮੇਤ ਦੋ ਗ੍ਰਿਫ਼ਤਾਰ

ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ) : ਡੀਜੀਪੀ ਪੰਜਾਬ ਤੇ ਸਪੈਸ਼ਲ ਡੀਜੀਪੀ ਏਐੱਨਟੀਐੱਫ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫਿਰੋਜ਼ਪੁਰ ਰੇਂਜ ਏਐੱਨਟੀਐੱਫ ਨੇ ਨਸ਼ਾ ਵੇਚਣ ਵਾਲਿਆਂ 'ਤੇ ਸ਼ਿਕੰਜਾ ਕੱਸਦਿਆਂ ਦੋ ਨਸ਼ਾ ਤਸਕਰਾਂ ਲਖਵੀਰ ਸਿੰਘ ਉਰਫ਼ ਲੱਖੀ, ਵਾਸੀ ਪਿੰਡ ਚੱਕ ਅਰੀਆਂਵਾਲਾ ਉਰਫ਼ ਫਲੀਆਂਵਾਲਾ ਕੋਲੋਂ 400 ਗ੍ਰਾਮ ਹੈਰੋਇਨ ਅਤੇ ਦੂਜੇ ਮਾਮਲੇ 'ਚ ਸੰਦੀਪ ਸਿੰਘ ਉਰਫ਼ ਬੱਬੂ ਵਾਸੀ ਪਿੰਡ ਜਲਾਲ ਵਾਲਾ ਦੇ ਕਬਜ਼ੇ ਵਿੱਚੋਂ 521 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਏਐੱਨਟੀਐੱਫ ਦੀਆਂ ਟੀਮਾਂ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਗੁਰਿੰਦਰਬੀਰ ਸਿੰਘ ਏਆਈਜੀ ਏਐੱਨਟੀਐੱਫ ਫਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਤੇ ਡੀਐੱਸਪੀ ਪ੍ਰਿਥੀਪਾਲ ਦੀ ਅਗਵਾਈ ਵਿੱਚ ਕਾਰਵਾਈ ਕਰਦਿਆਂ ਦੋ ਸਮੱਗਲਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਉਕਤ ਹੈਰੋਇਨ ਬਰਾਮਦ ਕੀਤੀ ਹੈ।

## ਉੱਤਰ ਰੇਲਵੇ

### ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ ਇਲੈਕਟ੍ਰਿਕ ਲੋਕੋ ਸ਼ੈਡ, ਉਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2025-26-14 ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 09.02.2026 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।

ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਟੈਂਡਰ ਸੰਖਿਆ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (ਰੁ.) | ਕੰਮ ਦੀ ਅਵਧੀ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2025-26-14 | ਇਲੈਕਟ੍ਰਿਕ ਲੋਕੋਮੋਟਿਵ ਦੇ ਟ੍ਰਾਈਡੇਂਟ ਮੇਕ ਦੇ ਏਅਰ ਡ੍ਰਾਯਰ ਦੀ ਓਵਰਹਾਲਿੰਗ। | 3843488.11/- | 0 | 09.02.2026 15:00 ਵਜੇ ਤਕ | 76900/- | 24 ਮਹੀਨੇ | 09.02.2026 15:00 ਵਜੇ ਦੇ ਬਾਅਦ | www.ireps.gov.in |

ਨੰ.: Tender Notice No. 230-Elect/TRS/LDH/WC/Air Dryer/2025-26/14 ਤਾਰੀਕ:– 15.01.2026 163/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਪਬਲਿਕ ਨੋਟਿਸ

ਦੀ ਕੰਧਾਲਾ ਗੁਰੂ ਸਹਿਕਾਰੀ ਖੇਤੀਬਾੜੀ ਬਹੁ ਮੰਤਵੀ ਸੇਵਾ ਸਭਾ ਲਿਮ: ਕੰਧਾਲਾ ਗੁਰੂ (ਜਲੰਧਰ) ਵਿਖੇ ਸੇਵਾਦਾਰ-ਕਮ-ਚੌਕੀਦਾਰ ਦੀ ਭਰਤੀ 17.02.2026 ਨੂੰ ਸਵੇਰੇ 11 ਵਜੇ ਸਭਾ ਦੇ ਦਫ਼ਤਰ ਕੰਧਾਲਾ ਗੁਰੂ ਵਿਖੇ ਕੀਤੀ ਜਾਵੇਗੀ। ਭਰਤੀ ਸੰਬੰਧੀ ਦਸਤਾਵੇਜ਼ ਪ੍ਰਾਪਤ ਕਰਨ ਦੀ ਆਖਰੀ ਮਿਤੀ 16.02.2026 ਸ਼ਾਮ 5 ਵਜੇ ਤੱਕ ਹੋਵੇਗੀ।

1. ਉਮੀਦਵਾਰ ਦੀ ਉਮਰ 16.2.2026 ਤੱਕ 37 ਸਾਲ ਤੋਂ ਵੱਧ ਨਾ ਹੋਵੇ।
2. ਵਿਦਿਅਕ ਯੋਗਤਾ 10+2 ਹੋਵੇ ਤੇ ਕਿਸੇ ਸੰਸਥਾ ਤੋਂ ਆਯੋਗ ਕਰਾਰ ਨਾ ਕੀਤਾ ਹੋਵੇ।
3. ਪੇਂਡੂ ਪਿਛੋਕੜ ਤੇ ਦਾਇਰਾ ਕਾਰੋਬਾਰ ਦਾ ਨਿਵਾਸੀ ਹੋਵੇ।
4. ਦਸਵੀਂ ਪੱਧਰ 'ਤੇ ਪੰਜਾਬੀ ਦੀ ਵਿਦਿਅਕ ਯੋਗਤਾ ਹੋਵੇ।

ਸਕੱਤਰ,
ਕੰਧਾਲਾ ਗੁਰੂ ਸਹਿਕਾਰੀ ਖੇਤੀਬਾੜੀ ਬਹੁ-ਮੰਤਵੀ ਸੇਵਾ ਸਭਾ ਲਿਮ: ਕੰਧਾਲਾ ਗੁਰੂ।
99154-43488




## Change of Name

I, Neeru W/o Sandeep Kumar S/o Gian Chand R/o Vill. Chak Mallan PO Kalewal Bhagtan Tehsil Garhshankar Distt. Hoshiarpur Punjab have changed my name from Neeru to Neeru Sandhu. After my marriage. Concerned note.

I, Rajesh S/o Gaya Parshad Resident at VPO Fatehgarh Niara, Distt Hoshiarpur 146022 (Punjab) have changed my name from Rajesh to Rajesh Oberoi. My surname is Oberoi and given name is Rajesh. Concerned note.

I, Harmanpreet Singh S/o Gurwant Singh R/o Shahzada, PO Chawinda Devi, Distt. Amritsar, Punjab-143504 have changed my name from Harmanpreet Singh to Singh is my surname and Harmanpreet is my given name.

I, Lovepreet Singh S/o Harjinder Singh R/o VPO Kot Khehra, Tehsil Baba Bakala, Distt. Amritsar, Punjab have changed my name from Lovepreet Singh to Singh is my surname and Lovepreet is my given name.

I, Barinder Singh S/o Kuldeep Singh R/o Vill Chack Mehma, PO. Kala Afgana, Teh. Dera Baba Nanak, Distt. Gurdaspur. I have changed my name from Barinder Singh to Singh is my Surname and Barinder is my given name . Please concerned note.

I, Charanjeet Kaur W/O Nishan Singh R/O Chhina Bidhi Chand,Tarn Taran,Punjab have changed my name from Charanjeet Kaur to Charanjit Kaur. Concerned note.

I, Lovedeep Kaur W/o Gurpinder Singh R/o Village and PO Attowal Distt. Hoshiarpur Punjab declare that my name is Lovedeep Kaur. My surname is Kaur and given name is Lovedeep. Concerned note.

I, Gurpreet Singh S/O Gurdeep Singh R/O VPO Chakoki, Distt. Kapurthala - 144624, Punjab have changed my name from Gurpreet Singh to Gurpreet as given name and Singh as Surname. All concerned please note.

I Harkanwaljit Kaur W/O Jarnail Singh R/O vill. & p.o Dolike Sunderpur Distt. Jalandhar ,Punjab 144302 .Have changed my name from harkanwaljit Kaur to Harkamaljit Kaur.

I, Balveer Singh S/o Rashpal Singh, R/o H.No. C- 43, Village Kalyanpur, Jalandhar, Punjab have changed my name from Pardeep Singh To Balveer Singh for all purposes in future. All concerned may note.

I, Shiv Ranjni W/o Munish Verma, R/o H.No. 126, New Rasila Nagar Phase-2, Basti Danishmanda, PO Basti Guzan, Jalandhar have changed my name from Shiv Ranjni Sharma to Shiv Ranjni.

I, Jaspreet Singh S/o Amrik Singh R/o-V.P.O. Hazara, Jalandhar, Punjab-144025 changed my name Jaspreet as Given Name and Singh as Surname.

I Manpreet Kaur W/o Sukhvir Singh D/o Tarlok Singh, R/o VPO Sarai Khas, Patti Burra , Jalandhar have changed my name from Manpreet Kaur to Manpreet as given name and Kaur as surname.

I, Bhupinder Singh S/o Ajit Singh R/o H.No. 4/A, Link Colony, Nakodar Road, Jalandhar-144003, Punjab, India have changed my name to Given Name as Bhupinder & Surname as Singh. All concerned please note.

I, Joginder Kaur W/o Bhupinder Singh R/o H.No. 4/A, Link Colony, Nakodar Road, Jalandhar-144003, Punjab, India have changed my name to Given Name as Joginder & Surname as Kaur. All concerned please note.

I, Sandeep Mandel S/O Bidhi Chand, R/o Vill-Senso Neknama, Hardo Neknama, Dasuya, Hoshiarpur, Punjab-144205, have changed my name and shall hereafter be Known as Pardip Kumar.

I, Jaspreet Kaur Sekhon W/O Manpreet Singh Brar, R/o Near Water Works, Dod, Faridkot, Punjab-151205. have changed my name and shall hereafter be Known as Jaspreet Kaur.

## Change of Name

I, Santosh Kapoor alias Meena Ohri W/O Mohinder Pal Ohri, D/O Sita Ram Kapoor R/o House No-506 Block-4, Nal Abadi, Hoshiarpur, Punjab-146001. have changed my name and shall hereafter be Known as Meena Ohri.

I, Sakshi W/O Pawan Behal, R/o 7, Behalla Mohalla, Urmar, Hoshiarpur, Punjab-144204. have changed my name and shall hereafter be Known as Sakshi Behal.

I, Manav S/o Sh. Rakesh Kumar R/o H.No. 220, New Suncity Phase-1, Basti Danishmanda, Jalandhar-1, PO. Basti Guzan, Distt. Jalandhar, Punjab-144002 have changed my name from Manav to Manav Arora. All concerned please note.

I, Pakhi Gupta W/o Naveen Kumar R/o 282-L, Model Town, Jalandhar, Punjab have changed my name from Pakhi Gupta to Nancy.

I, Sahil s/o Raj Kumar r/o Village Littan, Po. Ramgarh, Distt. Kapurthala have added my surname as Sahil Kumar (Kumar as Surname) All Please Note.

I, Rinku s/o Dilawar Singh R/o H.No.1561/5, New Surajganj, Jalandhar declare that Rinku & Surinder Kumar are one and the same person. All Please Note.

I, Kashmir Kaur w/o Joginder Mahi R/o H.No.B IX 504, New Santokh Pura, Jalandhar declare that Kashmir Kaur & Anita Rani are one and the same person. All Please Note.

I, Rajni Kanda D/o Ashok Kanda now W/o Robin R/o H.No. 457, Garha Baba Jiwan Singh Chowk, Po.Garha, Jalandhar-144022, Punjab have changed my name from Rajni Kanda to Rajni, After Marriage. All Please Note.

I, Raju S/o Mohammad Harun R/o H.No. 483, Gali No.2, Joginder Nagar, Rama Mandi, Jalandhar-II, Po. Ladhewali, Distt.Jalandhar-144007 have changed my name from Raju to Raju Khan. All Please Note.

I, Sonu S/o Mohamad Harun R/o H.No. 483, Gali No. 2, Joginder Nagar, Rama Mandi, Jalandhar-II, Po. Larhewali, Distt.Jalandhar-144007 have changed my name from Sonu to Sonu Khan. All Please Note.

I, Gurmeet Kaur W/o Satinder Pal Aulja R/o Vill. Jatike, Po. Sangojla, Distt. Kapurthala, Punjab have changed my name from Gurmeet Kaur to Kaur Gurmeet (Surname as Kaur) All Please Note.

I, Gurmeet Kaur W/o Satinder Pal Aulja R/o Vill. Jatike, Po. Sangojla, Distt. Kapurthala, Punjab have changed my minor daughter name from Jasjit Kaur to Kaur Jasjit (Surname as Kaur) All Please Note.

I, Gurmeet Kaur W/o Satinder Pal Aulja R/o Vill. Jatike, Po. Sangojla, Distt. Kapurthala, Punjab have changed my minor son name from Balraj Singh to Singh Balraj (Surname as Singh) All Please Note.

I, Parveen W/o Dhiraj Kumar R/o H.No. 1239, Subhana Road, PO. Garha, Distt. Jalandhar have changed my name from Parveen to Parveen Sanghra. All Please Note.

I, Dhiraj Kumar S/o Darshan Lal R/o H.No. 1239, Subhana Road, PO. Garha, Distt. Jalandhar I declare that Dhiraj is my given name and Kumar is my Surname. All Please Note.

I, Mangat Ram S/o Sohan Lal R/o VPO. Ranipur Kamboan, Phagwara, Distt. Kapurthala, Punjab Father of Sukhraj Singh have change of name from Sukhraj to Sukhraj Singh (Surname as Singh). All Please Note.

I, Vijay Singh S/o Balvir Singh R/o VPO. Manak Rai, Distt. Jalandhar, Punjab have changed my name from Vijay Singh to Singh Vijay. (Surname as Singh). All Please Note.

I, Agyapal Singh S/o Gurdeep Singh R/o Village Dudhala, PO Kathunangal, Tehsil & Distt. Amritsar, Punjab-143502 have changed my name from Agyapal Singh to Singh is my surname and Agyapal is my given name.

## ਬੇਦਖਲੀ ਨੋਟਿਸ

ਮੈ ਅਵਤਾਰ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਬੈਰੋ ਕਾਂਗੜੀ ਡਾਕ: ਲਾਂਬੜਾ ਤਹਿਸੀਲ ਅਤੇ ਜ਼ਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਇਹ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਹਰਦੀਪ ਕੌਰ ਹੈ, ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ, ਜੇਕਰ ਉਨ੍ਹਾਂ ਨਾਲ ਕੋਈ ਵੀ ਲੈਣ ਦੇਣ ਕਰੇਗਾ ਤਾਂ ਮੈ ਜਾਂ ਮੇਰਾ ਪਰੀਵਾਰ ਓਨਾਂ ਦੇ ਲੈਣ ਦੇਣ ਦੇ ਜ਼ਿਮੇਵਾਰ ਨਹੀ ਹੋਵਾਂਗੇ। ਉਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋ ਬੇਦਖਲ ਕਰਦਾ ਹਾਂ।

ਮੈਂ ਸੁਖਵਿੰਦਰ ਸਿੰਘ ਪੁੱਤਰ ਦਾਰਾ ਸਿੰਘ, ਪਿੰਡ ਲੋਹਗੜ੍ਹ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ), ਆਪਣੇ ਲੜਕੇ ਸੁਖਜਿੰਦਰ ਸਿੰਘ, ਨੂੰਹ ਹਰਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਮਨਜੀਤ ਕੌਰ ਪਤਨੀ ਸਵਰਨ ਸਿੰਘ, ਵਾਸੀ ਰੰਧਾਵਾ ਪੱਤੀ, ਗੁਰੂ ਕੀ ਵਡਾਲੀ ਅੰਮ੍ਰਿਤਸਰ, ਪੰਜਾਬ 143001 ਬਿਆਨ ਕਰਦੀ ਹਾਂ ਕਿ ਮੇਰੇ ਲੜਕੇ ਤਰਸੇਮ ਸਿੰਘ ਅਤੇ ਬਲਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੀ ਕੋਈ ਦੇਖ-ਭਾਲ ਨਹੀਂ ਕਰਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਸੁਖਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਅਤੇ ਪਰਮਜੀਤ ਕੌਰ ਪਤਨੀ ਸੁਖਵਿੰਦਰ ਸਿੰਘ ਦੋਵੇਂ ਵਾਸੀ ਪਿੰਡ ਪੰਡੋਰੀ ਨਿੱਝਰਾਂ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਮਨਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ ਹੈ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਅਤੇ ਇਸ ਦੇ ਪਤੀ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜੋਗਿੰਦਰ ਪਾਲ ਪੁੱਤਰ ਬਲਵੀਰ ਚੰਦ ਵਾਸੀ ਰੁੜਕੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਖੁਸ਼ਦੀਪ ਅਤੇ ਮੇਰੀ ਨੂੰਹ ਸਰਿਤਾ ਪਵਾਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਨਾਜਰ ਪੁੱਤਰ ਵੀਰੋ ਵਾਸੀ ਪਿੰਡ ਦੁਰਗਾਪੁਰ, ਡਾਕ: ਮੈਰੀਪੁਰ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਦਾਰ ਪੋਲਾ, ਲੜਕੀ ਕਿਰਨਾ ਉਰਫ ਸੋਬੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸ਼ਸ਼ੀ ਸ਼ਰਮਾ ਪਤਨੀ ਕੇਵਲ ਕਿਸ਼ਨ ਵਾਸੀ ਮਕਾਨ ਨੰ. 266, ਨੇੜੇ ਮਸੀਤ ਤਲ੍ਹਣ ਰੋਡ, ਨੰਗਲ ਸ਼ਾਮਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਈਸ਼ਾ ਸ਼ਰਮਾ ਉਮਰ ਕਰੀਬਨ 33 ਸਾਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜਸਪਾਲ ਕੌਰ ਪਤਨੀ ਸੁਖਚਰਨ ਸਿੰਘ ਵਾਸੀ ਠੱਠਾ ਕਿਸ਼ਨ ਸਿੰਘ, ਤਹਿ. ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦੀ ਹਾਂ। ਮੇਰੀਆਂ ਲੜਕੀਆਂ ਗੁਰਮੀਤ ਕੌਰ, ਕਮਲਜੀਤ ਕੌਰ ਪੁੱਤਰੀਆਨ ਸੁਖਚਰਨ ਸਿੰਘ ਬੁਰੀ ਸੰਗਤ ਦੀਆਂ ਸ਼ਿਕਾਰ ਹਨ ਅਤੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਮੇਰਾ ਜਾਂ ਮੇਰੇ ਕਿਸੇ ਵੀ ਪਰਵਾਰਕ ਮੈਂਬਰ ਦਾ ਕੋਈ ਸੰਬੰਧ ਨਹੀਂ ਰਿਹਾ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਮੇਲ ਸਿੰਘ ਪੁੱਤਰ ਮੁਕੰਦ ਸਿੰਘ, ਵਾਸੀ ਪਿੰਡ ਖੋਸਾ ਕੋਟਲਾ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਲਾਭ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## PUBLIC NOTICE

We are Lakhwinder Singh son of S. Swarn Singh son of S. Lal Singh and Inderpreet Kaur wife of S. Lakhwinder Singh son of S. Swarn Singh Resident of Basti Sheikh Jalandhar currently resident both of - 147 Mohalla Atisbaja Gaushala Road Phagwara Tehsil Phagwara.- Do hereby revoke the Power given by we to Ramesh Kumar Lama son of late Shri Makhan Lal Lama son of Pandit Arjan Das Lama resident of G. H. 8/64 Paschim Vihar New Delhi-110087 in the general power of attorney on dated 27/10/2025.

## ਨਾਂਅ ਦੀ ਬਦਲੀ

ਮੈਂ, ਰੀਨਾ ਪਤਨੀ ਸ਼ਿਵਕਾਂਤ, ਨਿਵਾਸੀ ਪਿੰਡ ਅਤੇ ਡਾਕਖਾਨਾ ਰਾਮ ਨੰਗਲ ਤਲਵਾੜਾ ਤਹਿਸੀਲ ਮੁਕੇਰੀਆਂ, ਜ਼ਿਲਾ, ਹੁਸ਼ਿਆਰਪੁਰ ਪੰਜਾਬ, ਇਹ ਘੋਸ਼ਣਾ ਕਰਦੀ ਹਾਂ ਕਿ ਮੈਂ ਆਪਣਾ ਨਾਮ ਰੀਨਾ ਤੋਂ ਬਦਲ ਕੇ ਰੂਬੀ ਰੱਖ ਲਿਆ ਹੈ। ਸਾਰੇ ਸੰਬੰਧਿਤ ਨੋਟਸ ਬਣਾਉਣ ਲਈ।

ਮੈਂ, ਨੀਲਮ ਬਰਨਵਾਲ ਪੁੱਤਰੀ ਸੁਨੀਲ ਵਰਮਾ, ਵਾਸੀ ਮੁਹੱਲਾ ਮੱਟੂਆਂ, ਮਹਿਤਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਦੀ ਰਹਿਣ ਵਾਲੀ ਹਾਂ ਤੇ ਸਵੈ ਘੋਸ਼ਣਾ ਕਰਦੀ ਹਾਂ ਕਿ ਮੈਂ ਆਪਣਾ ਨਾਂਅ ਨੀਲਮ ਬਰਨਵਾਲ ਤੋਂ ਬਦਲ ਕੇ ਨੀਲਮ ਵਰਮਾ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ ਜਗਰੂਪ ਸਿੰਘ ਪੁੱਤਰ ਗੁਰਪਾਲ ਸਿੰਘ ਵਾਸੀ ਹਾਊਸ ਨੰ: 40 ਐਮ ਆਈ ਜੀ ਫਲੈਟ ਹਾਊਸਿੰਗ ਬੋਰਡ ਕਲੋਨੀ ਅਰਬਨ ਅਸਟੇਟ ਫੇਸ 1 ਜਲੰਧਰ, ਬਿਆਨ ਕਰਦਾ ਹਾਂ ਕਿ ਮੈਂ ਆਪਣੀ ਬੇਟੀ ਮਨਰੂਪ ਕੌਰ ਦਾ ਨਾਮ ਬਦਲ ਕੇ ਮਨਰੂਪ ਕੌਰ ਸੰਧੂ ਰੱਖ ਲਿਆ ਹੈ।ਸਬੰਧਤ ਨੋਟ ਕਰਨ।

ਮੈਂ, ਰਜਿੰਦਰ ਕੌਰ ਪਤਨੀ ਮਨਜੀਤ ਸਿੰਘ ਵਾਸੀ ਆਬਾਦੀ ਦਬੁਰਜੀ, ਸੋਹੀਆਂ ਕਲਾ, ਡਾਕਖਾਨਾ ਮਜੀਠਾ, ਜਿਲਾ ਅੰਮ੍ਰਿਤਸਰ, ਪੰਜਾਬ-143601 ਨੇ ਆਪਣਾ ਨਾਮ ਰਜਿੰਦਰ ਕੌਰ ਤੋਂ ਬਦਲ ਕੇ ਰਾਜ ਕੌਰ ਕਰ ਲਿਆ ਹੈ। ਰਜਿੰਦਰ ਕੌਰ ਅਤੇ ਰਾਜ ਕੋਰ ਦੋਵੇਂ ਨਾਮ ਮੇਰੇ ਹਨ ਅਤੇ ਮੈਨੂੰ ਮੇਰੇ ਦੋਵੇਂ ਨਾਮਾਂ ਤੋਂ ਜਾਣਿਆ ਜਾਵੇ।

## ਆਮ ਸੂਚਨਾ

ਮੈਂ, ਮੱਸਾ ਸਿੰਘ ਪੁੱਤਰ ਹਰੀ ਸਿੰਘ, ਵਾਸੀ ਪੱਤੀ ਭੁੱਲਰ, ਬੁੱਟਰ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਪੋਤੀ ਸੁਖਪਾਲ ਕੌਰ ਪੁੱਤਰੀ ਸਵ: ਓਮ ਪ੍ਰਕਾਸ਼ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਉਸ ਨੂੰ ਬੇਦਖਲ ਕਰ ਦਿੱਤਾ ਸੀ। ਹੁਣ ਇਹ ਮੇਰੇ ਕਹਿਣੇ ਵਿਚ ਅਤੇ ਮੇਰੀ ਹਰ ਗੱਲ ਨਾਲ ਸਹਿਮਤ ਹੈ। ਇਸ ਲਈ ਮੈਂ ਆਪਣੀ ਪੋਤੀ ਸੁਖਪਾਲ ਕੌਰ ਨੂੰ ਦਿੱਤੀ ਹੋਈ ਬੇਦਖਲੀ ਰੱਦ ਕਰਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦੀ ਹੱਕਦਾਰ ਹੋਵੇਗੀ।

ਮੈਂ, ਸਿਮਰਪ੍ਰੀਤ ਸਿੰਘ ਪੁੱਤਰ ਲੇਟ ਸ਼੍ਰੀ ਅਸ਼ੋਕ ਕੁਮਾਰ ਵਾਸੀ ਡਬਲਯੂ.ਜੀ. 374, ਨੀਵਾਂ ਸੂਰਜ ਗੰਜ, ਜਲੰਧਰ ਜੋ ਰਜਿੰਦਰ ਕੌਰ ਪਤਨੀ ਲੇਟ ਸ਼੍ਰੀ ਅਸ਼ੋਕ ਕੁਮਾਰ ਵਾਸੀ ਡਬਲਯੂ.ਜੀ. 374, ਨੀਵਾਂ ਸੂਰਜ ਗੰਜ, ਜਲੰਧਰ ਦਾ ਅਟਾਰਨੀ ਹੋਲਡਰ ਹਾਂ, ਦੀ ਮਲਕੀਅਤ ਵਾਲੀ ਪਿੰਡ ਕਰਨਾਣਾ, ਤਹਿਸੀਲ /ਜ਼ਿਲ੍ਹਾ ਐਸ.ਬੀ.ਐਸ. ਨਗਰ (ਨਵਾਂਸ਼ਹਿਰ) ਵਿੱਚ ਸਥਿਤ ਖੇਤੀਬਾੜੀ ਜਮੀਨ ਮਾਲ ਮਹਿਕਮੇ ਦੇ ਰਿਕਾਰਡ ਵਿੱਚ ਮੁਸ਼ਤਰਕਾ ਖਾਤੇ ਵਿੱਚ ਦਰਜ ਹੈ ਅਤੇ ਹੁਣ ਤਕ ਇਸ ਦੀ ਕੋਈ ਤਕਸੀਮ ਨਹੀਂ ਹੋਈ। ਉਕਤ ਜਮੀਨ ਦੀ ਤਕਸੀਮ ਸੰਬੰਧੀ ਵਿਵਾਦ ਚੱਲ ਰਿਹਾ ਹੈ। ਕੋਈ ਵੀ ਵਿਅਕਤੀ ਉਕਤ ਜਮੀਨ ਦੇ ਮੌਕੇ ਨੂੰ ਖਰੀਦਣ ਜਾਂ ਵੇਚਣ ਤੋ ਗੁਰੇਜ ਕਰੇ। ਉਕਤ ਜਮੀਨ ਦੇ ਮੌਕੇ ਨੂੰ ਬਿਨਾ ਤਕਸੀਮ ਤੋ ਖਰੀਦਣ ਜਾਂ ਵੇਚਣ ਵਾਲਾ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: XII AP38/0060 H (C.A. No. 300447/869), 10.00 ਬੀ ਐੱਚ ਪੀ, ਜੋ ਕਿ ਚੰਨਣ ਸਿੰਘ ਪੁੱਤਰ ਸ਼੍ਰੀ ਭਾਨ ਸਿੰਘ ਵਾਸੀ ਪਿੰਡ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਪਿੰਡ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਵਿਚ ਮੌਜੂਦ ਹੈ। ਇਹੀ ਕੁਨੈਕਸ਼ਨ ਸ਼੍ਰੀ ਮੇਜਰ ਸਿੰਘ ਪੁੱਤਰ ਸ਼੍ਰੀ ਲਾਲ ਸਿੰਘ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਦਰਖਾਸਤ ਇਸ ਦਫ਼ਤਰ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰਕਰਤਾ ਨੂੰ ਇਸ ਦਫ਼ਤਰ ਵਿਚ ਜਮ੍ਹਾਂ ਕਰਵਾਓ ਜੀ। ਸਹਾਇਕ ਕਾਰਜਕਾਰੀ ਇੰਜੀ. (ਵੰਡ), ਉਪ ਮੰਡਲ ਕਾਲਾ ਸੰਘਿਆਂ।

ਮੈਂ, ਬਲਦੇਵ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਪ੍ਰਤਾਪ ਸਿੰਘ, ਵਾਸੀ ਪਿੰਡ ਗਾਜੀਪੁਰ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਇਹ ਹੈ ਕਿ ਮੋਟਰ ਕੁਨੈਕਸ਼ਨ ਸਾਢੇ 7 ਹਾਰਸਪਾਵਰ ਨੰ. 3004478-316, ਜੋ ਕਿ ਗੁਲਜਾਰ ਸਿੰਘ ਪੁੱਤਰ ਉਜਾਗਰ ਸਿੰਘ ਪਿੰਡ ਫੌਜੀ ਕਾਲੋਨੀ ਮਹੱਬਲੀਪੁਰ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚੱਲਦਾ ਹੈ। ਮੈਂ ਇਹ ਜ਼ਮੀਨ ਮੋਟਰ ਸਮੇਤ ਖਰੀਦ ਲਿਆ ਹੈ। ਜਿਸ ਨੂੰ ਆਪਣੇ ਨਾਂਅ ਕਰਵਾਉਣ ਵਾਸਤੇ ਪਾਵਰਕਮ ਸਬ-ਡਵੀਜ਼ਨ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਪਾਸ ਅਪਲਾਈ ਕੀਤਾ ਹੈ। ਜੇਕਰ ਇਸ ਸੰਬੰਧੀ ਕਿਸੇ ਨੂੰ ਇਤਰਾਜ਼ ਹੈ ਤਾਂ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਬਿਜਲੀ ਦਫਤਰ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿਖੇ ਪੇਸ਼ ਕਰ ਸਕਦਾ ਹੈ।

## PUBLIC NOTICE

I, Gurpreet Singh S/o Jagtar Singh. R/o Village Dadwan. PO. Dhariwal, Tehsil/Distt. Gurdaspur, Pin-143519, Punjab, India. Declare that my given name as Gurpreet and my surname as Singh.

I, Tarsem Singh S/o Foza Singh, R/o Village Nazowali, Distt. Amritsar, Punjab, India. Declare that my given name as Tarsem and my Surname as Singh.

I, Sarbjeet Singh S/o Kunan Singh. R/o Village Najowali, Distt. Amritsar, Punjab, India. Declare that my given name as Sarbjeet and my Surname as Singh.

I, Gurdeep Singh S/o Bachan Singh. R/o VPO. Kalanaur, Tehsil Kalanaur, Distt. Gurdaspur, Punjab, India- 143512. Declare that my son Mangdeep Singh and his wife Amandeep Bhatti are not in my saying and out of control. So i disinherit them from my movable and my immovable property. I shall not be responsible.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਦਫਤਰ ਤਹਿਸੀਲਦਾਰ, ਮੋਗਾ

### ਨੋਟਿਸ ਬਨਾਮ ਆਮ ਪਬਲਿਕ

ਸ੍ਰੀ ਹਾਕਮ ਸਿੰਘ ਪੁੱਤਰ ਹਰੀ ਸਿੰਘ, ਵਾਸੀ ਪਿੰਡ ਰਾਜਿਆਣਾ, ਤਹਿ. ਬਾਘਾਪੁਰਾਣਾ ਜ਼ਿਲ੍ਹਾ ਮੋਗਾ, ਹਾਲ ਅਬਾਦ ਪਿੰਡ ਮਹੇਸ਼ਰੀ, ਤਹਿ. ਵਾ ਜ਼ਿਲ੍ਹਾ ਮੋਗਾ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਕਿ ਮਾਲ ਮਹਿਕਮੇ ਵਿੱਚ ਪ੍ਰਾਰਥੀ ਦਾ ਨਾਂਅ ਗੁਰਤੇਜ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਫੱਗਣ ਸਿੰਘ ਦਰਜ ਹੈ। ਪ੍ਰਾਰਥੀ ਨੂੰ ਹਾਕਮ ਸਿੰਘ ਉਰਫ ਗੁਰਤੇਜ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਫੱਗਣ ਸਿੰਘ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਫੀਲਡ ਅਮਲੇ ਦੀ ਰਿਪੋਰਟ ਮੁਤਾਬਿਕ ਪ੍ਰਾਰਥੀ ਦਾ ਨਾਂਅ ਦਰੁਸਤ ਕਰਨ ਲਈ ਰਿਪੋਰਟ ਕੀਤੀ ਗਈ ਹੈ। ਪ੍ਰਾਰਥੀ ਵੱਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਪੇਸ਼ ਕੀਤਾ ਗਿਆ ਹੈ।

"ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਹਾਕਮ ਸਿੰਘ ਪੁੱਤਰ ਹਰੀ ਸਿੰਘ ਵਾਸੀ ਪਿੰਡ ਰਾਜਿਆਣਾ, ਤਹਿ. ਬਾਘਾਪੁਰਾਣਾ, ਜ਼ਿਲ੍ਹਾ ਮੋਗਾ ਹਾਲ ਅਬਾਦ ਪਿੰਡ ਮਹੇਸ਼ਰੀ ਤਹਿ. ਵਾ ਜ਼ਿਲ੍ਹਾ ਮੋਗਾ ਵੱਲੋਂ ਬੇਨਤੀ ਕੀਤੀ ਹੈ ਕਿ ਪੰਜਾਬ ਲੈਂਡ ਮੈਨੂਅਲ ਦੇ ਪਹਿਰਾ ਨੰਬਰ 7.28 ਅਧੀਨ ਪ੍ਰਾਰਥੀ ਨੇ ਆਪਣਾ ਨਾਂਅ ਤਬਦੀਲੀ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ। ਜਿਸ ਵਿੱਚ ਪ੍ਰਾਰਥੀ ਹਾਕਮ ਸਿੰਘ ਪੁੱਤਰ ਹਰੀ ਸਿੰਘ ਦਾ ਨਾਂਅ ਜੋ ਕਿ ਮਹਿਕਮਾ ਮਾਲ ਵਿੱਚ ਗੁਰਤੇਜ ਸਿੰਘ ਪੁੱਤਰ ਹਰੀ ਸਿੰਘ ਦਰਜ ਹੈ, ਤੋਂ ਬਦਲ ਕੇ ਗੁਰਤੇਜ ਸਿੰਘ ਉਰਫ ਹਾਕਮ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਫੱਗਣ ਸਿੰਘ ਕਰਨ, ਪਰ ਜੇਕਰ ਕਿਸੇ ਵੀ ਵਿਅਕਤੀ/ਧਿਰ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੈ ਤਾਂ ਉਹ ਇਸ਼ਤਿਹਾਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰੇ। ਮਿਆਦ ਖਤਮ ਹੋਣ ਤੋਂ ਬਾਅਦ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਨਹੀਂ ਲਿਆ ਜਾਵੇਗਾ ਅਤੇ ਨਾਂਅ ਤਬਦੀਲੀ ਸੰਬੰਧੀ ਹੁਕਮ ਸੁਣਾ ਦਿੱਤੇ ਜਾਣਗੇ।"

ਸਹੀ/-ਤਹਿਸੀਲਦਾਰ, ਮੋਗਾ
ਨੰਬਰ 37/ਰੀਡਰ-1 ਮਿਤੀ 13/01/2026

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਬਲਵਿੰਦਰ ਸਿੰਘ ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਲੋਹੀਆਂ ਜ਼ਿਲ੍ਹਾ ਜਲੰਧਰ
ਮਿਸਲ ਨੰ 19.ਐੱਨ.ਟੀ. /2025
ਕੇਸ ਦੀ ਕਿਸਮ (ਤਕਸੀਮ)
ਕੇਸ ਅਨੁਮਾਨ : ਨਰਿੰਦਰ ਮੋਹਨ ਪੁੱਤਰ ਮੰਗਤ ਰਾਏ ਪੁੱਤਰ ਨਾਥੀ ਰਾਮ, ਵਾਸੀ ਪਿੰਡ ਮੱਖੂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ

ਬਨਾਮ

1 ਜੀਤ ਸਿੰਘ ਪੁੱਤਰ ਸਿੰਗਾਰਾ ਸਿੰਘ 2 ਮਨਿੰਦਰਪਾਲ ਕੌਰ ਪਤਨੀ ਸਾਹਿਬ ਸਿੰਘ ਪੁੱਤਰ ਗੁਰਨਾਮ ਸਿੰਘ 3 ਸਰਬਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਜਗਤ ਸਿੰਘ ਵਾਸੀ ਯੂਸਫਪੁਰ ਦਾਰੇਵਾਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ।

ਉਪਰੋਕਤ ਵਿਸ਼ੇ ਸੰਬੰਧੀ ਪਹਿਲੀ ਧਿਰ ਵੱਲੋਂ ਇਸ ਦਫਤਰ ਵਿੱਚ ਤਕਸੀਮ ਦਾ ਕੇਸ ਪਾਇਆ ਗਿਆ ਹੈ। ਇਹ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਚੱਲ ਰਿਹਾ ਹੈ।ਦੂਜੀ ਧਿਰ ਦੇ ਵਿਅਕਤੀ ਸੰਬੰਧਤ ਪਿੰਡ ਵਿੱਚ ਨਹੀ ਰਹਿੰਦੇ, ਵਿਦੇਸ਼ ਜਾਂ ਪਿੰਡ ਤੋਂ ਬਾਹਰ ਰਹਿੰਦੇ ਹਨ।ਇਸ ਕੇਸ ਦੀ ਤਾਰੀਕ ਪੇਸ਼ੀ ਮਿਤੀ 05/02/26 ਪਾਈ ਗਈ ਹੈ।ਇਸ ਸੰਬੰਧੀ ਕਿਸੇ ਵਿਆਕਤੀ ਨੂੰ ਕੋਈ ਉਜ਼ਰ/ਇਤਰਾਜ਼ ਹੋਵੇ ਤਾਂ ਉਹ ਉਕਤ ਅਦਾਲਤ ਵਿੱਚ 10 ਦਿਨ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।ਅਖਬਾਰ (ਨਵਾਂ ਜ਼ਮਾਨਾ) ਰਾਹੀਂ ਪਬਲਿਕ ਨੋਟਿਸ ਕਢਵਾਇਆ ਜਾ ਰਿਹਾ ਹੈ। ਇਸ ਕੇਸ ਵਿੱਚ ਇਤਰਾਜ਼ ਨਾ ਆਉਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਰਿਕਾਰਡ ਮਾਲ ਵਿੱਚ ਸਾਂਝਾ ਖਾਤਾ ਹੋਣ ਕਰਕੇ ਪਹਿਲੀ ਧਿਰ ਦੀ ਤਕਸੀਮ ਕੀਤੀ ਜਾਵੇਗੀ ਅਤੇ ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਸੁਣਵਾਈਯੋਗ ਨਹੀਂ ਹੋਵੇਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ, ਲੋਹੀਆਂ

## COURT NOTICE

In The Court of
Ms. Parminder Pindu
Judicial Magistrate - Ist Class - 12 Patiala
CNR No.:- PBPT03-001485-2024
Next Date:-25-02-2026
Ashok Kumar
Vs.
Ashok Kumar
Detail of Offence:-
Notice To:
Ashok Kumar
Son Rattan Sweets And Caterer, No. 900, Side Manimajra, Chandigarh.

In above titled case, the accused could not be served. It is ordered that accused should appear in person or through counsel on 25-02-2026 at 10.00 a.m.

For details logon to https://highcourtchd.gov.in/?mod=district notice & district=patiala

Judicial Magistrate - 1st Class - 12 Patiala
Dated, this day of 14-01-2026

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ-ਨਾਇਬ ਤਹਿਸੀਲਦਾਰ ਭਵਾਨੀਗੜ੍ਹ
ਨੰਬਰ : 2422/ਰੀਡਰ-2 ਮਿਤੀ :11.12.2025
ਕਿਸਮ ਕੇਸ - ਤਕਸੀਮ ਕੇਸ ਮਿਸਲ ਨੰ. 888-889
ਪਿੰਡ - ਭੱਟੀਵਾਲ ਖੁਰਦ ਪੇਸ਼ੀ 29.01.2026

ਤਕਸੀਮ ਕੇਸ ਅਨੁਵਾਨ 1. ਸਰਬਨ ਸਿੰਘ ਪੁੱਤਰ ਬਚਨ ਸਿੰਘ, ਵਾਸੀ ਝਨੇੜੀ ਖੇਵਟਦਾਰ ਭੱਟੀਵਾਲ ਖੁਰਦ ਬਨਾਮ ਪਰਮ ਸਿੰਘ ਪੁੱਤਰ ਹਜ਼ੂਰਾ ਸਿੰਘ ਵਾਸੀ ਭੱਟੀਵਾਲ ਖੁਰਦ ਤਹਿ. ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ

ਉਕਤ ਅਨੁਵਾਨ ਦਰਜ ਤਕਸੀਮ ਦਾ ਖੇਵਟ ਨੰਬਰ 141,398 ਰਕਬਾ ਪਿੰਡ ਭੱਟੀਵਾਲ ਖੁਰਦ, ਤਹਿ. ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਦਾ ਕੇਸ ਇਸ ਅਦਾਲਤ ਵਿੱਚ ਲੰਬਿਤ ਹੈ। ਜਿਸ ਵਿੱਚ ਉਪਰੋਕਤ ਤਾਰੀਖ ਪੇਸ਼ੀ 29.01.2026 ਨਿਸ਼ਚਿਤ ਹੈ। ਹੇਠ ਦਰਜ ਧਿਰਾਂ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਜੇਕਰ ਉਪਰੋਕਤ ਖੇਵਟਾਂ ਦੀ ਤਕਸੀਮ ਹੋਣ ਸੰਬੰਧੀ ਕਿਸੇ ਧਿਰ ਨੂੰ ਕੋਈ ਇਤਰਾਜ਼ ਹੈ ਤਾਂ ਇਸ਼ਤਿਹਾਰ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿੱਚ ਆਪਣਾ ਇਤਰਾਜ਼/ਜਵਾਬ ਪੱਖ ਪੇਸ਼ ਕਰ ਸਕਦੇ ਹੋ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਆਪ ਦੇ ਵਿਰੁੱਧ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ । ਤਕਸੀਮ ਕੇਸ ਦੀ ਕਾਰਵਾਈ ਅੱਗੇ ਚਲਾਈ ਜਾਵੇਗੀ।

(ਮਿਸਲ ਨੰਬਰ 888) 1. ਪਰਮ ਸਿੰਘ ਪੁੱਤਰ ਹਜ਼ੂਰਾ ਸਿੰਘ 2. ਇਸਰ ਸਿੰਘ ਪੁੱਤਰ ਬਲਵੀਰ ਸਿੰਘ 3. ਦਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ 4. ਜੋਰਾ ਸਿੰਘ ਪੁੱਤਰ ਪ੍ਰੀਤਮ ਸਿੰਘ 5. ਜਸਪਾਲ ਸਿੰਘ ਪੁੱਤਰ ਲਾਲ ਸਿੰਘ 6. ਤਰਸੇਮ ਸਿੰਘ ਪੁੱਤਰ ਗੁਰਦੇਵ ਸਿੰਘ 8. ਤੇਜ ਕੌਰ ਮਾਤਾ ਹਰਪਾਲ ਸਿੰਘ ਪੁੱਤਰ ਬਲਦੇਵ ਸਿੰਘ 9. ਸਿੰਦਰ ਕੌਰ ਵਿਧਵਾ ਹਰਪਾਲ ਸਿੰਘ 10 ਗੁਰਵਿੰਦਰ ਸਿੰਘ ਪੁੱਤਰ ਹਰਪਾਲ ਸਿੰਘ 11. ਰੁਪਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ 12. ਕਿਰਨਦੀਪ ਕੌਰ ਪਤਨੀ ਸਤਨਾਮ ਸਿੰਘ 13. ਭੁਪਿੰਦਰ ਸਿੰਘ ਪੁੱਤਰ ਉਜਾਗਰ ਸਿੰਘ 14. ਜੈ ਸਿੰਘ ਪੁੱਤਰ ਜੋਰਾ ਸਿੰਘ 15. ਜਸਵੀਰ ਕੌਰ ਵਿਧਵਾ ਜੋਰਾ ਸਿੰਘ 16. ਸੰਦੀਪ ਸਿੰਘ ਮੰਡੇਰ ਪੁੱਤਰ ਜੋਰਾ ਸਿੰਘ 17. ਸਵਰਨਜੀਤ ਕੌਰ ਪੁੱਤਰੀ ਜੋਰਾ ਸਿੰਘ 18. ਬਲਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ 18-ਏ ਜਸਵੀਰ ਸਿੰਘ ਪੁੱਤਰ ਪ੍ਰੀਤਮ ਸਿੰਘ 19. ਪਰਮ ਸਿੰਘ ਪੁੱਤਰ ਹਜ਼ੂਰਾ ਸਿੰਘ 20. ਗੁਰਪ੍ਰੀਤ ਸਿੰਘ ਪੁੱਤਰ ਨਾਹਰ ਸਿੰਘ 21. ਗੁਰਮੀਤ ਕੌਰ ਪਤਨੀ ਪਰਮਜੀਤ ਸਿੰਘ 22 ਜਰਨੈਲ ਸਿੰਘ ਪੁੱਤਰ ਕੇਸਰ ਸਿੰਘ [illegible]

(ਮਿਸਲ ਨੰਬਰ 889) [illegible] ਸਿੰਘ 3. [illegible] ਪੁੱਤਰ ਪ੍ਰੀਤਮ ਸਿੰਘ [illegible] ਭਵਾਨੀਗੜ੍ਹ

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ-ਨਾਇਬ ਤਹਿਸੀਲਦਾਰ ਭਵਾਨੀਗੜ੍ਹ

## AXIS BANK LTD.

ਰਿਟੇਲ ਐਸਟਸ ਸੈਂਟਰ : ਐਕਸਿਸ ਬੈਂਕ ਲਿਮਟਿਡ, "ਦੂਜੀ ਅਤੇ ਤੀਸਰੀ ਮੰਜ਼ਿਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਰਿਟੇਲ ਐਸਟਸ ਸੈਂਟਰ : ਐਕਸਿਸ ਬੈਂਕ ਲਿਮ., ਤੀਜੀ ਮੰਜ਼ਿਲ, ਐੱਸ ਸੀ ਓ 367-368, ਅਕਾਸ਼ ਇੰਸਟੀਚਿਊਟ ਦੇ ਉਪਰ, ਸੈਕਟਰ-34 ਏ, ਚੰਡੀਗੜ੍ਹ - 160022, ਕਾਰਪੋਰੇਟ ਦਫਤਰ : ਤੀਸਰੀ ਮੰਜ਼ਲ, ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ ਪਾਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫ਼ਤਰ : 'ਤ੍ਰਿਸ਼ੂਲ', ਤੀਜੀ ਮੰਜ਼ਿਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਇਲਿਸਬਰਿਜ਼, ਅਹਿਮਦਾਬਾਦ-380006

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਦਾ ਨਾਂਅ/ਪਤਾ ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ ਕਾਨੂੰਨੀ ਵਾਰਸਾਂ ਦਾ ਪਤਾ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ |
|---|---|---|---|
| | | ਬਕਾਇਆ ਰਕਮ | |
| | | ਕਰਜ਼ਾ ਰਕਮ | |
| 1 | ਮੈਸਰਜ਼ ਬੀ ਬੀ ਓਵਰਸੀਜ਼ ਰਾਹੀਂ ਇਸ ਦੇ ਭਾਈਵਾਲ ਸ੍ਰੀ ਵਿਨੀਤ ਜੈਨ ਅਤੇ ਭਾਵਨਾ ਜੈਨ, ਭਗਵਾਨਪੁਰਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (2) ਅਰੁਨ ਕੁਮਾਰ ਜੈਨ ਪੁੱਤਰ ਸ੍ਰੀ ਬਾਬੂ ਰਾਮ ਜੈਨ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (3) ਕੁਸ਼ਮ ਲਤਾ ਪਤਨੀ ਸ੍ਰੀ ਪ੍ਰਵੀਨ ਕੁਮਾਰ ਜੈਨ, ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (4) ਸੁਨੀਲ ਕੁਮਾਰ ਜੈਨ ਪੁੱਤਰ ਸ੍ਰੀ ਬਾਬੂ ਰਾਮ ਜੈਨ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (5) ਬਿਮਲਾ ਰਾਣੀ ਪਤਨੀ ਸ੍ਰੀ ਬਾਬੂ ਰਾਮ ਜੈਨ ਦੇ ਸਾਰੇ ਕਾਨੂੰਨੀ ਵਾਰਸ, ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (6) ਪੁਸ਼ਪਾ ਰਾਣੀ ਪਤਨੀ ਸ੍ਰੀ ਅਸ਼ੋਕ ਕੁਮਾਰ ਦੇ ਸਾਰੇ ਕਾਨੂੰਨੀ ਵਾਰਸ, ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (7) ਸੋਹਨ ਲਾਲ ਜੈਨ ਪੁੱਤਰ ਸ੍ਰੀ ਬਾਬੂ ਰਾਮ ਜੈਨ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (8) ਅਭਿਨੰਦਨ ਜੈਨ ਪੁੱਤਰ ਸ੍ਰੀ ਅਰੁਨ ਕੁਮਾਰ ਜੈਨ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (9) ਹਿਤੇਸ਼ ਜੈਨ ਪੁੱਤਰ ਸ੍ਰੀ ਪ੍ਰਵੀਨ ਜੈਨ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (10) ਪਰਵੀਨ ਜੈਨ ਪੁੱਤਰ ਸ੍ਰੀ ਬਾਬੂ ਰਾਮ ਜੈਨ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (11) ਪ੍ਰਤਿਭਾ ਜੈਨ ਪਤਨੀ ਸ੍ਰੀ ਸੁਨੀਲ ਕੁਮਾਰ ਜੈਨ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001(12) ਪੁਨੀਤ ਜੈਨ ਪੁੱਤਰ ਸ੍ਰੀ ਅਸ਼ੋਕ ਕੁਮਾਰ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (13) ਵੀਨਾ ਜੈਨ ਪਤਨੀ ਸ੍ਰੀ ਸੁਨੀਲ ਕੁਮਾਰ ਜੈਨ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (14) ਵਿਨੀਤ ਜੈਨ ਪੁੱਤਰ ਸ੍ਰੀ ਸੋਹਨ ਲਾਲ ਜੈਨ ਗਊਸ਼ਾਲਾ ਰੋਡ, ਸੁਨਾਮ, ਜ਼ਿਲ੍ਹਾ ਸੰਗਰੂਰ, ਪੰਜਾਬ-148001 (15) ਅਸ਼ੋਕ ਕੁਮਾਰ ਜੈਨ ਪੁੱਤਰ ਸ੍ਰੀ ਬਾਬੂ ਰਾਮ ਜੈਨ ਦੇ ਸਾਰੇ ਕਾਨੂੰਨੀ ਵਾਰਸ ਵਾਸੀ ਮੁਹੱਲਾ ਰਾਜਪੁਰੀਆ, ਸੁਨਾਮ, ਸੰਗਰੂਰ, ਪੰਜਾਬ-148001 (16) ਪਰਵੀਨ ਕੁਮਾਰ ਜੈਨ ਐੱਚ ਯੂ ਐੱਫ ਰਾਹੀਂ ਇਸ ਦੇ ਕਰਤਾ, ਮੁਹੱਲਾ ਰਾਜਪੁਰਾ, ਸਨਾਮ, ਸੰਗਰੂਰ, ਪੰਜਾਬ-148001 (17) ਸੋਹਨ ਲਾਲ ਜੈਨ ਐੱਚ ਯੂ ਐੱਫ ਰਾਹੀਂ ਕਰਤਾ, ਮੁਹੱਲਾ ਰਾਜਪੁਰਾ, ਸੁਨਾਮ, ਸੰਗਰੂਰ, ਪੰਜਾਬ-148001 (18) ਪਰਮੋਦ ਜੈਨ ਪੁੱਤਰ ਸ੍ਰੀ ਬਾਬੂ ਰਾਮ ਜੈਨ ਵਾਸੀ ਮੁਹੱਲਾ ਰਾਜਪੁਰੀਆ, ਸੁਨਾਮ, ਸੰਗਰੂਰ, ਪੰਜਾਬ-148001 (19) ਸ਼ਸ਼ੀ ਜੈਨ ਪੁੱਤਰ ਪਰਮੋਦ ਜੈਨ ਵਾਸੀ ਮੁਹੱਲਾ ਰਾਜਪੁਰੀਆ, ਸੁਨਾਮ, ਸੰਗਰੂਰ, ਪੰਜਾਬ-148001 (20) ਭਾਵਨਾ ਜੈਨ ਪਤਨੀ ਵਿਨੀਤ ਜੈਨ ਵਾਸੀ ਮੁਹੱਲਾ ਰਾਜਪੁਰੀਆ, ਸੁਨਾਮ, ਸੰਗਰੂਰ ਪੰਜਾਬ-148001 | 28-07-2019; ਰੁਪਏ 6,89,00,000/- (ਰੁਪਏ ਛੇ ਕਰੋੜ ਉਨਾਨਵੇਂ ਲੱਖ ਕੇਵਲ); ਰੁਪਏ 4,00,00,000/- (ਰੁਪਏ ਚਾਰ ਕਰੋੜ ਕੇਵਲ) | 8 ਨਵੰਬਰ 2025 |

ਅਚੱਲ ਜਾਇਦਾਦ ਦਾ ਵੇਰਵਾ : ਜਾਇਦਾਦ ਨੰ. 1 : ਜ਼ਮੀਨ ਰਕਬਾ 8 ਕਨਾਲ 8 ਮਰਲੇ, ਖੇਵਟ ਨੰ. 896, ਖਤੌਨੀ ਨੰ. 1146/1, ਖਸਰਾ ਨੰ. 213//17/1 (4-8), 24/1 (4-0) ਪਤਾ : ਸੁਨਾਮ ਸੀ, ਜ਼ਿਲ੍ਹਾ ਸੰਗਰੂਰ, ਪੰਜਾਬ, ਜਮ੍ਹਾਂਬੰਦੀ ਸਾਲ 2004-05 ਅਨੁਸਾਰ। ਹੱਦਬੰਦੀ ਹੇਠਾਂ ਅਨੁਸਾਰ : ਪੂਰਬ : ਐੱਨ/ਏ, ਪੱਛਮ : ਐੱਨ/ਏ, ਉੱਤਰ ਐੱਨ/ਏ, ਦੱਖਣ : ਐੱਨ/ਏ
ਜਾਇਦਾਦ ਨੰ. 2 ਜ਼ਮੀਨ ਰਕਬਾ 1 ਕਨਾਲ 17 ਮਰਲੇ ਖੇਵਟ ਨੰ. 896, ਖਤੌਨੀ ਨੰ. 1146/1, ਖਸਰਾ ਨੰ. 227//1/1 (1-17) ਪਤਾ ਸੁਨਾਮ ਸੀ, ਜ਼ਿਲ੍ਹਾ ਸੰਗਰੂਰ, ਪੰਜਾਬ, ਜਮ੍ਹਾਂਬੰਦੀ ਸਾਲ 2004-05 ਅਨੁਸਾਰ, ਹੱਦਬੰਦੀ ਹੇਠਾਂ ਅਨੁਸਾਰ : ਪੂਰਬ : ਐੱਨ/ਏ, ਪੱਛਮ : ਐੱਨ/ਏ, ਉੱਤਰ ਐੱਨ/ਏ, ਦੱਖਣ : ਐੱਨ/ਏ
ਜਾਇਦਾਦ ਨੰ. 3 : ਜ਼ਮੀਨ ਰਕਬਾ 1 ਕਨਾਲ 0 ਮਰਲਾ (605 ਵਰਗ ਗਜ਼), ਖੇਵਟ ਨੰ. 896, ਖਤੌਨੀ ਨੰ. 1146/1 ਕਿੱਲਾ ਨੰਬਰ 226//5/1 (1-0) = 1 ਕਨਾਲ 0 ਮਰਲਾ ਜਮ੍ਹਾਂਬੰਦੀ ਸਾਲ 2004-2005 ਅਨੁਸਾਰ ਪੂਰਬ : 148'6", ਪੱਛਮ : 164'10", ਉੱਤਰ :Xxx ਦੱਖਣ : 71'6"

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਦੇ ਸਕਿਉਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ।

ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 15.01-2026, ਸਥਾਨ : ਪੰਜਾਬ ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਸੀਨੀ.ਮੰਡਲ ਵਿਦੁਤ ਇੰਜੀਨੀਅਰ/ਸਮਾਨਯ, ਉੱਤਰ ਰੇਲਵੇ ਫ਼ਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ www.ireps.gov.in ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈੱਬਸਾਈਟ |
|---|---|---|---|---|---|---|
| 251-ਵਿਦੁਤ-T-22-2025-26 | ਫ਼ਿਰੋਜ਼ਪੁਰ ਡਵੀਜ਼ਨ ਵਿਚ ਮੌਜੂਦਾ ਸਬਸਟੇਸ਼ਨ ਵਿਚ ਟ੍ਰਾਂਸਫਾਰਮਰ, ਐਚਟੀ, ਐਲਟੀ ਅਤੇ ਏਪੀਐਫਸੀ ਪੈਨਲਾਂ ਦੇ ਸਬਸਟੇਸ਼ਨ/ਉਨਯਨ ਤੋਂ ਸਬੰਧਿਤ ਵਿਦੁਤ ਕੰਮ ਅਤੇ ਹੋਰ ਸਬੰਧਿਤ ਕੰਮ | 1,36,26,912.02/- | 2,18,100.00.00/- | 06 ਮਹੀਨੇ | 04.02.2026 15:00 ਵਜੇ ਦੇ ਬਾਦ | www.ireps.gov.in |

ਨੰਬਰ 251-ਵਿਦੁਤ-ਟੈਂਡਰ ਨੋਟਿਸ ਨੰ: 24-ਵਿਦੁਤ/2025-26 ਮਿਤੀ : 14.01.2026 143/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

81/2026

ਨਿਵਿਦਾ ਸੂਚਨਾ ਸੰਖਿਆ:- 770-W/01/WA/JAT/80-2025-26-DRM-JAT, 81-2025-26-DRM-JAT, (to be opened on 03.02.2026) ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਹਨਾਂ ਦੇ ਵੱਲੋਂ ਕੰਮ ਕਰਦੇ ਹੋਏ ਹੇਠਾਂ ਦਿਤੇ ਗਏ ਟਾਈਟਲ ਵਾਲੀਆਂ ਨਿਵਿਦਾਵਾਂ ਦੇ ਵਿਰੁਧ ਖੁਲ੍ਹੀਆਂ ਨਿਵਿਦਾਵਾਂ (ਈ-ਨਿਵਿਦਾਵਾਂ) ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਜਿਨ੍ਹਾਂ ਦੀ ਅੰਤਮ ਮਿਤੀ 03.02.2026 ਨੂੰ 15:00 ਵਜੇ ਤਕ ਹੈ। ਬੋਲੀਦਾਤਾ ਆਪਣੀ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਜਮ੍ਹਾ ਕਰ ਸਕਦੇ ਹਨ। ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰਾਂ ਨੂੰ ਇਸ ਨਿਵਿਦਾ ਦੇ ਵਿਰੁਧ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਵਿਧੀਆਂ ਜਿਵੇਂ ਨੈੱਟ ਬੈਂਕਿੰਗ, ਡੇਬਿਟ ਕਾਰਡ, ਕ੍ਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ।

| ਲ. ਨੰ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 80-2025-26-DRM-JAT | ਸੀਨੀਅਰ ਮੰਡਲ ਇੰਜੀਨੀਅਰ (ਕੰਮ)/ ਪਾਲਮਪੁਰ ਦੇ ਅਧਿਕਾਰ ਖੇਤਰ ਵਿਚ ਬੈਜਨਾਥ ਪਪ੍ਰੋਲਾ (BJPL) ਸਟੇਸ਼ਨ ਉਤੇ ਰੇਲ ਕਰਮਚਾਰੀਆਂ ਦੀ ਸੁਵਿਧਾ ਲਈ ਨਵਾਂ ਮਾਡਲ ਰਨਿੰਗ ਰੂਮ ਅਤੇ ਕਰੂ ਲਾਬੀ ਬਣਾਏ ਜਾਣ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 27443562.85 | | 60 ਦਿਨ | 06 ਮਹੀਨੇ |
| 2 | 81-2025-26-DRM-JAT | ਸਹਾਇਕ ਮੰਡਲ ਇੰਜੀਨੀਅਰ, ਜੰਮੂ ਦੇ ਅਧਿਕਾਰ ਖੇਤਰ ਦੇ ਤਹਿਤ ਸੀਨੀਅਰ ਅਨੁਭਾਗ ਇੰਜੀਨੀਅਰ (ਕੰਮ)/ ਕਠੂਆ ਦੇ ਅਧਿਕਾਰ ਤਰ [illegible] ਪੂਰਨ ਪੁਲ ਨੰਬਰ 17 ਉਤੇ ਗਾਈਡ ਬੰਡ ਦੀ ਸੁਰੱਖਿਆ, ਪਿਯਸੂ ਦੇ ਚਾਰੇ ਅਤੇ ਸਕਾਰਿੰਗ ਤੋਂ ਸੁਰੱਖਿਆ ਕੰਮ ਅਤੇ [illegible] (ਟੀਮ) ਜੰਮੂ ਪਾਸੇ ਦੇ ਵਲੋਂ ਵਿਕਾਸ ਕੰਮ। | | |
| | ਵਿਗਿਆਪਨ ਮੁੱਲ (ਰੁ.) | | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 71213681.47 | | 60 ਦਿਨ | 06 ਮਹੀਨੇ |

ਨੋਟ : 1. ਠੇਕੇਦਾਰਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਬੋਲੀਆਂ ਪੇਸ਼ ਕਰਨ ਤੋਂ ਪਹਿਲਾਂ ਇਸ ਨਿਵਿਦਾ ਦੇ ਵਿਰੁਧ ਜਾਰੀ ਕਿਸੇ ਵੀ ਸ਼ੁਧੀ ਪੱਤਰ ਦੇ ਲਈ ਆਈਆਰਈਪੀਐਸ ਵੈਬਸਾਈਟ ਦੇਖਣ। 2. ਜੇਕਰ ਹਿੰਦੀ ਇਸ਼ਤਿਹਾਰ ਵਿਚ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਅੰਗ੍ਰੇਜ਼ੀ ਇਸ਼ਤਿਹਾਰ ਮਾਨਯ ਹੋਵੇਗਾ।

149/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਕਤਲ ਮਾਮਲੇ 'ਚ ਫਰਾਰ ਦੋਸ਼ੀ ਗ੍ਰਿਫ਼ਤਾਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਐੱਸ ਏ ਐੱਸ ਨਗਰ ਪੁਲਿਸ ਵੱਲੋਂ ਇੱਕ ਗੰਭੀਰ ਕਤਲ ਮਾਮਲੇ ਵਿੱਚ ਫਰਾਰ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਇੱਕ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ। ਇਹ ਕਾਰਵਾਈ ਹਰਮਨਦੀਪ ਸਿੰਘ ਹਾਂਸ, ਸੀਨੀਅਰ ਪੁਲਿਸ ਕਪਤਾਨ, ਐੱਸ ਏ ਐੱਸ ਨਗਰ ਤੇ ਮਨਪ੍ਰੀਤ ਸਿੰਘ, ਕਪਤਾਨ ਪੁਲਿਸ (ਰੂਰਲ), ਐੱਸ ਏ ਐੱਸ ਨਗਰ ਦੀਆਂ ਹਦਾਇਤਾਂ ਅਧੀਨ ਤੇ ਬਿਕਰਮਜੀਤ ਸਿੰਘ ਬਰਾੜ, ਡੀ.ਐੱਸ.ਪੀ., ਡੇਰਾਬੱਸੀ ਦੀ ਨਿਗਰਾਨੀ ਹੇਠ ਅਮਲ



ਵਿੱਚ ਲਿਆਂਦੀ ਗਈ। ਡੀ ਐਸ ਪੀ ਬਰਾੜ ਨੇ ਦੱਸਿਆ ਕਿ ਮਿਤੀ 15-10-2025 ਨੂੰ ਗੁਰਬਚਨ ਕੌਰ ਪਤਨੀ ਸੋਹਣ ਸਿੰਘ, ਉਮਰ ਲਗਭਗ 85 ਸਾਲ, ਵਸਨੀਕ ਗਲੀ ਨੰਬਰ 11, ਗੁਪਤਾ ਕਾਲੋਨੀ, ਡੇਰਾ ਬੱਸੀ, ਦਾ ਉਸ ਦੇ ਪੋਤੇ ਆਸ਼ੀਸ਼ ਸੈਣੀ ਪੁੱਤਰ ਕੁਲਦੀਪ ਸਿੰਘ, ਉਮਰ ਲਗਭਗ 27 ਸਾਲ, ਵੱਲੋਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਦੋਸ਼ੀ, ਜੋ ਕਿ ਸ਼ਰਾਬ ਪੀਣ ਦਾ ਆਦੀ ਹੈ, ਨੇ ਰੰਜ਼ਸ਼ੀ ਦੇ ਚਾਕੂ ਨਾਲ ਮਰਹੂਮ ਮਹਿਲਾ ਦੇ ਗਲੇ 'ਤੇ ਵਾਰ ਕੀਤਾ, ਜਿਸ ਕਾਰਨ ਉਸਦੀ ਮੌਤ ਹੋ ਗਈ।ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਇੰਸਪੈਕਟਰ ਸੁਮਿਤ ਮੋਰ, ਐੱਸ ਐੱਚ ਓ , ਡੇਰਾ ਬੱਸੀ ਦੀ ਅਗਵਾਈ ਹੇਠ ਵਿਸ਼ੇਸ਼ ਪੁਲਿਸ ਟੀਮਾਂ ਦਾ ਗਠਨ ਕੀਤਾ ਗਿਆ ਤਾਂ ਜੋ ਦੋਸ਼ੀ ਨੂੰ ਟ੍ਰੇਸ ਕਰਕੇ ਗ੍ਰਿਫ਼ਤਾਰ ਕੀਤਾ ਜਾ ਸਕੇ।ਲਗਾਤਾਰ ਯਤਨਾਂ ਤੇ ਤਕਨੀਕੀ ਅਤੇ ਮਨੁੱਖੀ ਸੂਤਰਾਂ ਦੀ ਮਦਦ ਨਾਲ, ਮਿਤੀ 14 ਜਨਵਰੀ ਨੂੰ ਦੋਸ਼ੀ ਆਸ਼ੀਸ਼ ਸੈਣੀ ਪੁੱਤਰ ਕੁਲਦੀਪ ਸਿੰਘ, ਵਸਨੀਕ ਮਕਾਨ ਨੰਬਰ 1665, ਗੁਪਤਾ ਕਾਲੋਨੀ, ਗਲੀ ਨੰਬਰ 11, ਗੁਲਾਬਗੜ੍ਹ ਰੋਡ, ਡੇਰਾ ਬੱਸੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮਾਮਲੇ ਦੀ ਅਗਲੀ ਜਾਂਚ ਜਾਰੀ ਹੈ।

## ਤ੍ਰਿਵੇਣੀ ਮੰਦਰ ਵਿਖੇ ਸ੍ਰੀ ਭਾਗਵਤ ਕਥਾ ਆਰੰਭ

**ਨੰਗਲ/ਭਲਾਣ (ਹਰਭਜਨ ਸਿੰਘ ਢਿੱਲੋਂ)** ਮਹਾਨ ਪੁਰਾਤਨ ਧਾਰਮਿਕ ਗ੍ਰੰਥਾਂ ਦੀ ਵਿਆਖਿਆ ਕਰਕੇ ਉਨ੍ਹਾਂ ਵਿੱਚ ਦਰਸਾਏ ਮਾਨਵਤਾ ਦੇ ਕਲਿਆਣ ਦੇ ਮਾਰਗ ਅਤੇ ਸਿਖਿਆਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਵਾਲੇ ਮਹਾਂਪੁਰਸ਼ ਅਤੇ ਕਥਾ ਵਾਚਕ ਵੀ ਵਿਸ਼ੇਸ਼ ਤੌਰ 'ਤੇ ਸਤਿਕਾਰ ਯੋਗ ਹਨ। ਇਨ੍ਹਾਂ ਗ੍ਰੰਥਾਂ ਵਿੱਚ ਜੋ ਸਹੀ ਮਾਰਗ ਦਰਸ਼ਨ ਕੀਤਾ ਗਿਆ ਹੈ, ਉਸ 'ਤੇ ਚੱਲ ਕੇ ਹੀ ਸੰਸਾਰ ਵਿੱਚ ਸਹੀ ਦਿਸ਼ਾ ਦਿਖਾਈ ਦੇ ਰਹੀ ਹੈ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਨੇ ਤ੍ਰਿਵੇਣੀ ਮੰਦਿਰ ਭਲਾਣ ਵਿਖੇ ਭਾਗਵਤ ਕਥਾ ਸੁਣਨ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ



ਕੀਤਾ।ਉਨ੍ਹਾਂ ਨੇ ਕਿਹਾ ਕਿ ਅਜਿਹੇ ਪ੍ਰਭਾਵਸ਼ਾਲੀ ਧਾਰਮਿਕ ਸਮਾਗਮ ਜਿਥੇ ਸਮਾਜ ਦੇ ਹਰ ਵਰਗ ਨੂੰ ਨਵੀਂ ਸੇਧ ਦੇ ਰਹੇ ਹਨ, ਉਥੇ ਨੌਜਵਾਨ ਪੀੜ੍ਹੀ ਇਨ੍ਹਾਂ ਸਮਾਗਮਾਂ ਤੋਂ ਨਵੀਂ ਪ੍ਰੇਰਨਾ ਲੈ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਉਹ ਧਾਰਮਿਕ ਭੂਮੀ ਹੈ ਜਿੱਥੇ ਧਰਮ ਦੇ ਪ੍ਰਸਾਰ ਲਈ ਵਿਸ਼ੇਸ਼ ਉਪਰਾਲੇ ਹੋਏ ਹਨ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਥਾਨ ਲੋਕਾਂ ਲਈ ਚਾਨਣ ਮੁਨਾਰਾ ਹਨ,ਜਿੱਥੋਂ ਮਿਲਣ ਵਾਲੀਆਂ ਸਿਖਿਆਵਾਂ ਅਤੇ ਮਾਨਵਤਾ ਦੀ ਭਲਾਈ ਦੇ ਸੰਦੇਸ਼ ਨੇ ਲੋਕਾਂ ਨੂੰ ਸੰਸਾਰਿਕ ਜੀਵਨ ਵਿੱਚ ਵਿਚਰਨ ਦੀ ਸ਼ਕਤੀ ਦਿੱਤੀ ਹੈ। ਤ੍ਰਿਵੇਣੀ ਮੰਦਿਰ ਦੇ ਸੰਚਾਲਕ ਬਾਬਾ ਸਮਾਣਦਾਸ ਨੇ ਸੰਗਤਾਂ ਨੂੰ ਕ੍ਰਿਸ਼ਨ ਕਥਾ ਦੀ ਵਿਆਖਿਆ ਕਰਕੇ ਨਿਹਾਲ ਕੀਤਾ।ਇਸ ਮੌਕੇ ਸਰਪੰਚ ਜਸਵੀਰ ਕੌਰ, ਨਿਤਿਨ ਪੁਰੀ, ਸੰਜੀਵ ਰਾਣਾ, ਸੰਗਰਾਮ ਰਾਣਾ, ਹੈਰੀ ਮਜਾਰਾ, ਨਰਿੰਦਰ ਸੈਣੀ, ਰਮੇਸ਼ ਕੁਮਾਰੀ, ਸਰੋਜ਼ ਕੁਮਾਰੀ, ਅਮਰੀਕ ਸਿੰਘ ਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਹੋਈਆਂ।

## ਹਰਿਆਣਾ 'ਚ ਆਧੁਨਿਕ ਕਿੰਨੂ ਜੂਸ ਪ੍ਰੋਸੈਸਿੰਗ ਪਲਾਂਟ ਦੀ ਸਥਾਪਨਾ ਹੋਵੇਗੀ : ਖੇਤੀਬਾੜੀ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਨਿਰਦੇਸ਼ਾਂ ਅਨੁਸਾਰ ਹਰਿਆਣਾ ਐਗ੍ਰੋ ਇੰਡਸਟ੍ਰੀਜ ਕਾਰਪੋਰੇਸ਼ਨ ਅਤੇ ਹਰਿਆਣਾ ਡੇਅਰੀ ਵਿਕਾਸ ਸਹਿਕਾਰੀ ਸੰਘ ( ਵੀਟਾ ) ਮਿਲ ਕੇ ਸਿਰਸਾ ਜ਼ਿਲ੍ਹੇ ਵਿੱਚ ਇੱਕ ਆਧੁਨਿਕ ਕਿੰਨੂ ਜੂਸ ਪ੍ਰੋਸੈਸਿੰਗ ਪਲਾਂਟ ਦੀ ਸਥਾਪਨਾ ਕਰਨਗੇ।ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਇਹ ਪਲਾਂਟ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਮਾਡਲ ਤਹਿਤ ਸਥਾਪਿਤ ਕੀਤਾ ਜਾਵੇਗਾ, ਜਿਸ ਦੀ ਸਾਲਾਨਾਂ ਪ੍ਰੋਸੈਸਿੰਗ ਸਮਰਥਾ ਲਗਭਗ 22,000 ਮੀਟ੍ਰਿਕ ਟਨ ਹੋਵੇਗਾ।

## ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਲੋੜਵੰਦਾਂ ਨੂੰ ਵੰਡੇ ਕੰਬਲ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਮਾਘੀ ਮੌਕੇ ਸ਼ਹਿਰ ਦੇ ਵਾਰਡ ਨੰਬਰ 21 'ਚ ਖੇੜਾ ਰੋਡ ਵਿਖੇ ਲੋੜਵੰਦਾਂ ਨੂੰ ਗਰਮ ਕੰਬਲਾਂ ਦੀ ਵੰਡ ਕੀਤੀ ਗਈ। ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਆਯੋਜਿਤ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਮੁਹੱਲਾ ਕਲੀਨਿਕ ਤੋਂ ਡਾ. ਕਮਲਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਹਨਾਂ ਨੇ ਸਮੂਹ ਹਾਜ਼ਰੀਨ ਨੂੰ ਲੋਹੜੀ,



ਮਾਘੀ ਅਤੇ ਮਕਰ ਸਕ੍ਰਾਂਤੀ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ। ਉਹਨਾਂ ਕਿਹਾ ਕਿ ਕੜਾਕੇ ਦੀ ਠੰਢ ਦੇ ਇਸ ਮੌਸਮ 'ਚ ਲੋੜਵੰਦਾਂ ਲਈ ਕੰਬਲਾਂ ਦੀ ਇਹ ਸੇਵਾ ਬਹੁਤ ਹੀ ਰਾਹਤ ਭਰੀ ਹੈ। ਜਿਸ ਕਰਕੇ ਪ੍ਰੇਮ ਨਗਰ ਸੇਵਾ ਸੁਸਾਇਟੀ ਦਾ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਮਲਕੀਅਤ ਸਿੰਘ ਰਘਬੋਤਰਾ ਨੇ ਮੁਕਤਸਰ ਸਾਹਿਬ ਦੀ ਜੰਗ ਦੌਰਾਨ 40 ਮੁਕਤਿਆਂ ਦੇ ਇਤਿਹਾਸ ਨਾਲ ਹਾਜਰੀਨ ਨੂੰ ਜਾਣੂ ਕਰਵਾਇਆ ਅਤੇ ਨਾਲ ਹੀ ਮਕਰ ਸਕ੍ਰਾਂਤੀ ਦੇ ਮਹੱਤਵ ਬਾਰੇ ਵੀ ਚਾਨਣਾ ਪਾਇਆ। ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਜਨਰਲ ਸਕੱਤਰ ਸੁਰਿੰਦਰ ਪਾਲ ਨੇ ਸਮੂਹ ਹਾਜਰੀਨ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਵੰਦਨਾ ਸ਼ਰਮਾ ਵਲੋਂ ਖਾਸ ਤੌਰ ਤੇ ਢਿੱਲੋਂ ਪਰਵਾਰ ਦਾ ਧੰਨਵਾਦ ਕੀਤਾ ਗਿਆ, ਜਿਹਨਾਂ ਵਲੋਂ ਸਵ. ਅਜੀਤ ਸਿੰਘ ਢਿੱਲੋਂ ਦੀ ਨਿੱਘੀ ਯਾਦ ਵਿੱਚ 40 ਕੰਬਲਾਂ ਦਾ ਵੱਢਮੁੱਲਾ ਸਹਿਯੋਗ ਦਿੱਤਾ। ਇਸ ਤੋਂ ਇਲਾਵਾ ਸੀਨੀਅਰ ਸਿਟੀਜਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਜਸਪਾਲ ਸਿੰਘ ਵਿਰਦੀ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਮੋਹਨ ਲਾਲ ਤਨੇਜਾ, ਸੁਧਾ ਬੇਦੀ ਅਤੇ ਹੋਰ ਪਤਵੰਤੇ ਹਾਜਰ ਸਨ।

## ਕਟਾਰੀਆਂ ਵਿਖੇ ਸਾਲਾਨਾ ਮੇਲਾ 26 ਤੋਂ

**ਬੰਗਾ (ਅਵਤਾਰ ਕਲੇਰ)**- ਡੇਰਾ ਪੀਰ ਸੁਲਤਾਨ ਲੱਖ ਦਾਤਾ ਜੀ ਕਟਾਰੀਆਂ ਵਿਖੇ 40ਵਾਂ ਸਲਾਨਾ ਮੇਲਾ ਗੱਦੀ ਨਸ਼ੀਨ ਸਾਈਂ ਲਖਵੀਰ ਸ਼ਾਹ ਕਾਦਰੀ ਜੀ ਦੀ ਰਹਿਨੁਮਾਈ, ਨਗਰ ਨਿਵਾਸੀਆਂ, ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ 26 ਤੇ 27 ਜਨਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਪੋਸਟਰ ਜਾਰੀ ਕਰਦਿਆਂ ਸਾਈਂ ਲਖਵੀਰ



ਸ਼ਾਹ ਕਾਦਰੀ ਜੀ ਦੇ ਦੱਸਿਆ ਕਿ ਪੀਰ ਬਾਬਾ ਹਾਕਮ ਸ਼ਾਹ, ਬਾਬਾ ਬੂੜ ਸ਼ਾਹ ਚਿਸ਼ਤੀ, ਬਾਬਾ ਗਰੀਬ ਦਾਸ,ਬਾਬਾ ਊਧੋ ਸ਼ਾਹ ਚਿਸ਼ਤੀ ਦੀ ਅਪਾਰ ਕਿਰਪਾ ਮੇਲਾ ਕਰਵਾਇਆ ਜਾ ਰਿਹਾ ਹੈ।ਇਸ ਦੋ ਦਿਨਾ ਮੇਲੇ ਦੌਰਾਨ ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਪੁਰਸ਼ ਸ਼ਿਰਕਤ ਕਰਨਗੇ। ਪੰਜਾਬ ਦੇ ਨਾਮਵਰ ਕਲਾਕਾਰ ,ਕਵਾਲ ਪਾਰਟੀਆਂ ਹਾਜ਼ਰੀਆਂ ਭਰਨਗੇ। ਚਾਹ ਪਕੌੜੇ ਤੇ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਸਾਈਂ ਲਖਵੀਰ ਸ਼ਾਹ ਕਾਦਰੀ, ਪ੍ਰਧਾਨ ਰਾਮ ਲਾਲ ਬਬਲੀ, ਗੁਲਸ਼ਨ ਕੁਮਾਰ, ਰਾਮ ਸਰੂਪ, ਗੁਰਪ੍ਰੀਤ ਗੋਪੀ, ਰੋਸ਼ਨ ਲਾਲ, ਬੀਬੀ ਸ਼ਾਂਤੀ ਦੇਵੀ, ਕਸ਼ਮੀਰ ਚੰਦ ਚੋਪੜਾ, ਕਰਮਜੀਤ ਚੋਪੜਾ, ਦਵਿੰਦਰ ਸਿੰਘ ,ਰਾਣਾ ਸੰਸੋਲੀ, ਬਾਬਾ ਬਿੱਲਾ ਸਪਰੋੜ, ਰੋਸ਼ੀ ਮੋਟਰ ਗੇਰੇਜ,ਮਿੰਟੂ ਲੁਧਿਆਣਾ, ਬਿੰਦਾ ਜੰਡੋਲੀ, ਬਲਵੀਰ ਫੌਜੀ ਜੰਡੋਲੀ,ਪਾਲ ਭਗਾਣਾ, ਭਜਨ ਲਾਦੀਆਂ, ਪਰਮਜੀਤ ਪੰਮੀ, ਨਿਰਮਲ ਕੁਲਥਮ, ਮਦਨ ਲਾਲ ਆਦਿ ਹਾਜ਼ਰ ਸਨ।

## ਸੀਨੀਅਰ ਵਕੀਲ ਦੀ ਪਤਨੀ ਦਾ ਕਤਲ, ਪੁਲਸ ਨੇ ਤੀਸਰੇ ਦੋਸ਼ੀ ਨਿਤਿਨ ਨੂੰ ਕੀਤਾ ਗ੍ਰਿਫ਼ਤਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਮੋਹਾਲੀ ਪੁਲਿਸ ਨੇ ਬੀਤੀ 29/30 ਦਸੰਬਰ 2025 ਦੀ ਦਰਮਿਆਨੀ ਰਾਤ ਨੂੰ ਕ੍ਰਿਸ਼ਨ ਕੁਮਾਰ ਗੋਇਲ ਸੀਨੀਅਰ ਐਡਵੋਕੇਟ ਪਤਨੀ ਅਸ਼ੋਕ ਕੁਮਾਰੀ ਗੋਇਲ ਦੇ ਕਤਲ ਅਤੇ ਲੁੱਟ ਦੇ ਮਾਮਲੇ ਵਿੱਚ ਤੀਸਰੇ ਦੋਸ਼ੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ।ਸੀਨੀਅਰ ਪੁਲਿਸ ਕਪਤਾਨ ਹਰਮਨਦੀਪ ਸਿੰਘ ਹਾਂਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਂਦੇ ਹੋਏ 48 ਘੰਟਿਆਂ ਦੇ ਅੰਦਰ-ਅੰਦਰ ਮੁੱਖ ਦੋਸ਼ੀ ਨੀਰਜ ਸਿੰਘ ਪੁੱਤਰ ਸੁਰੇਂਦਰ ਸਿੰਘ ਵਾਸੀ ਮ:ਨੰ: 696 ਸਮਤਪੁਰ ਮਜਰੇ ਸਾਤੋਂ ਧਰਮਪੁਰ ਟਿਕਰ ਫਤੇਹਪੁਰ ਟਿਕਰ ਉੱਤਰ ਪ੍ਰਦੇਸ਼ ਨੂੰ ਪਹਿਲੀ ਜਨਵਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਦਕਿ ਦੂਸਰੇ ਦੋਸ਼ੀ ਰਾਹੁਲ ਪੁੱਤਰ ਸੁਰੇਂਦਰ ਸਿੰਘ ਵਾਸੀ ਮ:ਨੰ: 696 ਸਮਤਪੁਰ ਮਜਰੇ ਸਾਤੋਂ ਧਰਮਪੁਰ ਟਿਕਰ ਫਤੇਹਪੁਰ ਟਿਕਰ ਉਤਰ ਪ੍ਰਦੇਸ਼, ਜੋ ਕਿ ਮੁੱਖ ਦੋਸ਼ੀ ਦਾ ਸਕਾ ਭਰਾ ਹੈ, ਨੂੰ 7 ਜਨਵਰੀ ਨੂੰ ਯੂ ਪੀ ਤੋਂ ਗ੍ਰਿਫਤਾਰ ਕੀਤਾ ਗਿਆ ਸੀ।ਹੁਣ ਤੀਸਰੇ ਦੋਸ਼ੀ ਨਿਤਿਨ ਸਿੰਘ ਪੁੱਤਰ ਲਛਮੀ ਸਿੰਘ ਵਾਸੀ ਪਿੰਡ ਸ਼ਹਿਰ ਫਤੇਹਪੁਰ ਹੁਣ ਵਾਸੀ ਪਿੰਡ ਮਜਰੇ ਸਾਤੋਂ ਧਰਮਪੁਰ ਟਿਕਰ ਉੱਤਰ ਪ੍ਰਦੇਸ਼, ਜੋ ਕਿ ਇਨ੍ਹਾਂ ਦੋਵਾਂ ਗ੍ਰਿਫ਼ਤਾਰ ਦੋਸ਼ੀਆਂ ਦੀ ਮਾਸੀ ਦਾ ਲੜਕਾ ਹੈ, ਨੂੰ 14 ਜਨਵਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਕ੍ਰਿਸ਼ਨ ਕੁਮਾਰ ਗੋਇਲ ਦੇ ਜਵਾਈ ਵਜ਼ੀਰਾ ਸਿੰਘ ਦੇ ਬਿਆਨ ਦੇ ਆਧਾਰ ਤੇ ਮੁਕੱਦਮਾ ਥਾਣਾ ਫੇਸ-1 ਮੋਹਾਲੀ ਬਰ ਖਿਲਾਫ ਨਾਮਾਲੂਮ ਵਿਅਕਤੀ/ਵਿਅਕਤੀਆਂ ਦਰਜ ਰਜਿਸਟਰ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ ਸੀ, ਜਿਸ ਉਪਰੰਤ ਇਹ ਦੋਸ਼ੀ ਨਾਮਜ਼ਦ ਕਰਕੇ ਇਹ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਮੁੱਖ ਦੋਸ਼ੀ ਨੀਰਜ ਸਿੰਘ ਪੁੱਤਰ ਸੁਰੇਂਦਰ ਸਿੰਘ ਵਾਸੀ ਮ:ਨੰ: 696 ਸਮਤਪੁਰ ਮਜਰੇ ਸਾਤੋਂ ਧਰਮਪੁਰ ਟਿਕਰ ਫਤੇਹਪੁਰ ਟਿਕਰ ਉੱਤਰ ਪ੍ਰਦੇਸ਼ ਮੁਦੱਈ ਮੁਕੱਦਮਾ ਦੇ ਘਰ ਨੌਕਰੀ ਕਰਦਾ ਸੀ, ਜਿਸ ਨੇ ਆਪਣੇ ਰਿਸ਼ਤੇਦਾਰਾਂ ਨਾਲ ਮਿਲ ਕੇ ਇਸ ਘਟਨਾ ਨੂੰ ਅੰਜਾਮ ਦਿੱਤਾ ਸੀ।ਉਨ੍ਹਾਂ ਦੱਸਿਆ ਕਿ ਇਸ ਮੁਕੱਦਮਾ ਦੇ ਸਾਰੇ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ ਦੋਸ਼ੀਆਂ ਦੇ ਕਬਜ਼ੇ ਵਿੱਚੋਂ ਚੋਰੀ ਸੁਦਾ ਸਮਾਨ ਵਿੱਚੋਂ ਸੋਨੇ ਅਤੇ ਚਾਂਦੀ ਦੇ ਗਹਿਣੇ ਬਰਾਮਦ ਕਰਵਾਏ ਜਾ ਚੁੱਕੇ ਹਨ। ਮੁਕੱਦਮਾ ਦੀ ਤਫਤੀਸ਼ ਹੋਰ ਡੂੰਘਾਈ ਨਾਲ ਕੀਤੀ ਜਾ ਰਹੀ ਹੈ, ਜਿਸ ਵਿੱਚ ਹੋਰ ਵੀ ਤੱਥ ਸਾਹਮਣੇ ਆਉਣ ਦੀ ਆਸ ਹੈ। ਦੋਸ਼ੀ ਪੁਲਿਸ ਰਿਮਾਂਡ ਤੇ ਲਏ ਜਾਣ ਉਪਰੰਤ ਪੁਲਿਸ ਹਿਰਾਸਤ ਵਿੱਚ ਹਨ।

## ਮਾਇਆਵਤੀ ਦਾ ਜਨਮ ਦਿਨ 'ਜਨ ਕਲਿਆਣ ਦਿਵਸ' ਵਜੋਂ ਮਨਾਇਆ

**ਹੁਸ਼ਿਆਰਪੁਰ (ਓ ਪੀ ਰਾਣਾ)**- ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਬਸਪਾ ਦੀ ਰਾਸ਼ਟਰੀ ਪ੍ਰਧਾਨ ਕੁਮਾਰੀ ਮਾਇਆਵਤੀ ਦਾ ਜਨਮ ਦਿਨ ਜਨ ਕਲਿਆਣ ਦਿਵਸ ਵਜੋਂ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਵਿਖੇ ਵਿਸ਼ਾਲ ਰੈਲੀ ਕਰਕੇ ਮਨਾਇਆ । ਇਸ ਮੌਕੇ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ





**• ਬਾਮਸੇਫ ਵਲੋਂ ਇੱਕ ਲੱਖ ਦੀ ਥੈਲੀ ਭੇਟ**

ਸਾਬਕਾ ਮੈਂਬਰ ਰਾਜ ਸਭਾ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਭਾਰੀ ਗਿਣਤੀ ਵਿੱਚ ਪਾਰਟੀ ਆਗੂ ਅਤੇ ਵਰਕਰ ਹਾਜ਼ਰ ਸਨ। ਇਸ ਮੌਕੇ ਪੰਜਾਬ ਸੁਰਜੀਤ ਸਿੰਘ ਦੀ ਅਗਵਾਈ ਹੇਠ ਬਾਮਸੇਫ ਵਲੋਂ ਇੱਕ ਲੱਖ ਰੁਪਏ ਦੀ ਸਹਿਯੋਗ ਥੈਲੀ ਭੇਂਟ ਕੀਤੀ ਗਈ। ਇਸ ਮੌਕੇ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਬਸਪਾ ਸੁਪਰੀਮੋ ਕੁਮਾਰੀ ਮਾਇਆਵਤੀ ਦੇ ਜਨਮ ਦਿਨ ਦੀ ਦੇਸ਼ ਅਤੇ ਪੰਜਾਬ ਵਾਸੀਆਂ ਨੂੰ ਮੁਬਾਰਕਬਾਦ ਦਿੰਦਿਆਂ ਉੱਤਰ ਪ੍ਰਦੇਸ਼ ਦੀ ਚਾਰ ਵਾਰ ਮੁੱਖ ਮੰਤਰੀ ਬਣਨ ਤੇ ਕੀਤੇ ਮਹਾਨ ਵਿਕਾਸ ਕਾਰਜਾਂ ਬਾਰੇ ਚਾਨਣਾ ਪਾਇਆ। ਕਰੀਮਪੁਰੀ ਨੇ ਕਿਹਾ ਮਾਇਆਵਤੀ ਦੇ ਸ਼ਾਸਨ ਕੀਤੇ ਵੱਡੇ ਪ੍ਰੋਜੈਕਟ ਅੱਜ ਵੀ ਉੱਤਰ ਪ੍ਰਦੇਸ਼ ਦੀ ਸ਼ਾਨ ਹਨ।ਕਰੀਮਪੁਰੀ ਨੇ ਕੇਂਦਰ ਸਰਕਾਰ ਦੀਆਂ ਦਲਿਤ ਵਿਰੋਧੀ ਨੀਤੀਆਂ ਤੇ ਤਿੱਖਾ ਹਮਲਾ ਕਰਦਿਆਂ ਮਨੂੰਵਾਦੀ ਪੰਜਾਬੀਆਂ ਨੂੰ ਸਰਕਾਰ ਦੇ ਜਬਰ ਵਿਰੁੱਧ ਲੜਾਈ ਲੜਨ ਦਾ ਸੱਦਾ ਦਿੱਤਾ ਤੇ ਕੇਂਦਰ ਸਰਕਾਰ ਦੀਆਂ ਨੀਤੀਆਂ 'ਤੇ ਤਿੱਖੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕੇਂਦਰ ਦੀ ਭਾਜਪਾ ਸਰਕਾਰ ਨੇ ਪੇਂਡੂ ਗਰੀਬ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਵਾਲੀ ਮਨਰੇਗਾ ਸਕੀਮ ਅਸਿੱਧੇ ਢੰਗ ਨਾਲ ਬੰਦ ਕਰਕੇ ਗਰੀਬਾਂ ਦੇ ਚੁੱਲ੍ਹਿਆਂ ਦੀ ਅੱਗ ਬੁਝਾ ਦਿੱਤੀ ਹੈ। ਕਰੀਮਪੁਰੀ ਨੇ ਕਿਹਾ ਭਾਜਪਾ ਦੀ ਕੇਂਦਰ ਸਰਕਾਰ ਨੇ ਦਿੱਲੀ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸਿਕ ਤੁਗਲਕਾਬਾਦ ਗੁਰੂ ਘਰ ਨੂੰ ਤੋੜ ਕੇ ਉਸ 'ਤੇ ਕਬਜ਼ਾ ਕਰ ਲਿਆ। ਇਸ ਮੌਕੇ ਪਾਰਟੀ ਦੇ ਸਟੇਟ ਕੁਆਰਡੀਨੇਟਰ ਚੌਧਰੀ ਗੁਰਨਾਮ ਸਿੰਘ,ਸਟੇਟ ਜਨਰਲ ਸਕੱਤਰ ਠੇਕੇਦਾਰ ਭਗਵਾਨ ਦਾਸ ਸਿੱਧੂ,ਹਰਭਜਨ ਸਿੰਘ ਬਜਹੇੜੀ ਜਨਰਲ ਸਕੱਤਰ ਪੰਜਾਬ, ਰਾਜਾ ਰਜਿੰਦਰ ਨਨਹੇੜੀਆਂ ਜਨਰਲ ਸਕੱਤਰ ਪੰਜਾਬ, ਰਣਵੀਰ ਸਿੰਘ ਬੱਬਰ, ਮਨਿੰਦਰ ਸ਼ੇਰਪੁਰੀ, ਸੁਖਦੇਵ ਬਿਟਾ, ਰਜਿੰਦਰ ਰੀਹਲ (ਸਾਰੇ ਸਕੱਤਰ ਪੰਜਾਬ), ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ, ਮਲਕੀਤ ਸੁੰਨੀ,ਐਡਵੋਕੇਟ ਪਲਵਿੰਦਰ ਮਾਨਾ, ਪ੍ਰੋਫੈਸਰ ਸੁਰਜੀਤ ਸਿੰਘ, ਇੰਜੀ.ਸੰਤੋਖ ਭਾਰਦਵਾਜ, ਪਰਮ ਮੋਹਣ ਭਟੋਆ, ਨਿਸ਼ਾਨ ਚੌਧਰੀ, ਬਖਸ਼ੀਸ਼ ਭੀਮ, ਰੇਨੂੰ ਲੱਧੜ, ਸੰਤੋਸ਼ ਰਲ, ਦਵਿੰਦਰ ਸਿੰਘ ਤੋਂ ਇਲਾਵਾ ਪਾਰਟੀ ਦੀ ਹੋਰ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਬਸਪਾ ਸਮਰਥਕ ਪਾਰਟੀ ਵਰਕਰ ਮੌਜੂਦ ਸਨ ।

## ਜ਼ਿਲ੍ਹਾ ਰੋਜ਼ਗਾਰ ਦਫਤਰ ਵੱਲੋਂ ਕੋਚਿੰਗ ਕਲਾਸਾਂ ਫਰਵਰੀ ਤੋਂ

**ਜਲੰਧਰ (ਇਕਬਾਲ ਸਿੰਘ ਉੱਭੀ, ਸ਼ੈਲੀ ਐਲਬਰਟ)**- ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਬਿਊਰੋ ਨੀਲਮ ਮਹੇ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਮਹੀਨਾ ਫਰਵਰੀ 2026 ਤੋਂ ਗ੍ਰੈਜੂਏਸ਼ਨ ਵਿੱਦਿਅਕ ਯੋਗਤਾ ਰੱਖਣ ਵਾਲੇ ਉਮੀਦਵਾਰਾਂ ਲਈ ਕੋਚਿੰਗ ਕਲਾਸਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਨ੍ਹਾਂ ਕੋਚਿੰਗ ਕਲਾਸਾਂ ਵਿੱਚ ਵਿਦਿਆਰਥੀਆਂ ਨੂੰ ਬੈਂਕ ਪੀ.ਓ. (ਪ੍ਰੋਬੇਸ਼ਨਰੀ ਅਫ਼ਸਰ) / ਐਸ.ਐਸ.ਸੀ. ਨਿਰਖ ਟੈਕਸ ਤੇ ਐਕਸਾਈਜ਼ ਇੰਸਪੈਕਟਰ ਦੀਆਂ ਅਸਾਮੀਆਂ ਦੇ ਸਨਮੁੱਖ ਲਿਖਤਿਹਾਨਾਂ ਦੀ ਤਿਆਰੀ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਕੋਚਿੰਗ ਲੜਕੀਆਂ ਲਈ ਬਿਲਕੁਲ ਮੁਫ਼ਤ ਹੋਵੇਗੀ ਅਤੇ ਲੜਕਿਆਂ ਪਾਸੋਂ ਵੀ ਬਹੁਤ ਘੱਟ ਫੀਸ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਕੋਚਿੰਗ ਕਲਾਸਾਂ ਵਿੱਚ ਦਾਖ਼ਲਾ ਟੈਸਟ ਦੇ ਅਧਾਰ 'ਤੇ ਹੋਵੇਗਾ। ਇਹ ਕਲਾਸਾਂ ਅੰਬੇਡਕਰ ਭਵਨ, ਜਲੰਧਰ ਵਿੱਚ ਲਗਾਈਆਂ ਜਾਣਗੀਆਂ। ਕੋਚਿੰਗ ਕਲਾਸਾਂ ਵਿੱਚ ਦਾਖ਼ਲੇ ਲਈ ਚਾਹਵਾਨ ਪ੍ਰਾਰਥੀ ਗੂਗਲ ਲਿੰਕ 'ਤੇ ਅਪਲਾਈ ਕਰ ਸਕਦੇ ਹਨ।

## ਹੈਪੀ ਸੀਡਰ ਨਾਲ ਕਣਕ ਦੀ ਸਿੱਧੀ ਬਿਜਾਈ ਸੰਬੰਧੀ ਵਿੱਦਿਅਕ ਦੌਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਜ਼ਿਲ੍ਹਾ ਪੱਧਰੀ ਪਸਾਰ ਅਦਾਰੇ ਕ੍ਰਿਸ਼ੀ ਵਿਗਿਆਨ



ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਵੱਲੋਂ ਪਰਾਲੀ ਵਿੱਚ ਹੈਪੀ ਸੀਡਰ ਤਕਨੀਕ ਨਾਲ ਕਣਕ ਦੀ ਸਿੱਧੀ ਬਿਜਾਈ ਸਬੰਧੀ ਪਿੰਡ ਠੀਂਡਾ, ਬਲਾਕ ਮਾਹਿਲਪੁਰ ਵਿਖੇ ਵਿੱਦਿਅਕ ਦੌਰਾ ਕੀਤਾ ਗਿਆ। ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਮਨਿੰਦਰ ਸਿੰਘ ਬੌਂਸ ਨੇ ਮੌਜੂਦ ਕਿਸਾਨਾਂ ਨੂੰ ਜੀ ਆਇਆਂ ਕਿਹਾ ਅਤੇ ਖੇਤ ਦੀ ਮਿੱਟੀ ਨੂੰ ਪੌਸ਼ਟਿਕ ਤੱਤਾਂ ਦਾ ਬੈਂਕ ਦੱਸਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਗਾ ਕੇ ਅਸੀਂ ਇਸ ਨੂੰ ਖਾਲੀ ਨਾ ਕਰੀਏ, ਕਿਉਂਕਿ ਕਣਕ ਦੀ ਫ਼ਸਲ ਦਾ ਇਕ ਤਿਹਾਈ ਹਿੱਸਾ ਪਰਾਲੀ ਵਿਚ ਹੁੰਦਾ ਹੈ, ਜੋ ਅੱਗ ਲਗਾਉਣ ਨਾਲ ਇਸਦੇ ਨਾਲ ਹੀ ਨਸ਼ਟ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਲਈ ਹੈਪੀ ਸੀਡਰ ਤਕਨੀਕ ਅਪਨਾਉਣ ਵਿੱਚ ਪਿੰਡ ਠੀਂਡਾ ਦੇ ਅਗਾਂਹਵਧੂ ਕਿਸਾਨਾਂ ਦਾ ਮੁੱਢਲਾ ਯੋਗਦਾਨ ਹੈ, ਜੋ ਕਿ ਪਿਛਲੇ ਕਈ ਸਾਲਾਂ ਤੋਂ ਪਰਾਲੀ ਦਾ ਪੂਰਨ ਪ੍ਰਬੰਧ ਕਰ ਰਹੇ ਹਨ ਅਤੇ ਇਸ ਬਾਬਤ ਉਨ੍ਹਾਂ ਦੀ ਭਰਪੂਰ ਸ਼ਲਾਘਾ ਵੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਕਣਕ ਦੇ ਸਰਵਪੱਖੀ ਖਾਦ, ਨਦੀਨ ਤੇ ਕੀਟ ਪ੍ਰਬੰਧਨ ਬਾਰੇ ਵੀ ਜਰੂਰੀ ਨੁਕਤੇ ਸਾਂਝੇ ਕੀਤੇ। ਇਸ ਮੌਕੇ ਕਿਸਾਨਾਂ ਦੀ ਜਾਣਕਾਰੀ ਵਿੱਚ ਵਾਧੇ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਵੱਲੋਂ ਵੱਖ-ਵੱਖ ਤਕਨੀਕੀ ਲੈਕਚਰ ਦਿੱਤੇ ਗਏ। ਇਸ ਕੈਂਪ ਵਿੱਚ ਪਿੰਡ ਠੀਂਡਾ ਤੋਂ ਸਰਪੰਚ ਹਰਪ੍ਰੀਤ ਸਿੰਘ, ਉਂਕਾਰ ਸਿੰਘ, ਕੁਲਵੀਰ ਸਿੰਘ, ਬਲਜੀਤ ਸਿੰਘ, ਦਲਵਿੰਦਰ ਸਿੰਘ, ਹਰਜੀਤ ਸਿੰਘ, ਮਨਜੀਤ ਸਿੰਘ, ਮਹਿੰਦਰ ਸਿੰਘ ਅਤੇ ਪਿੰਡ ਕੋਟਲਾ ਤੋਂ ਸ. ਦਲੇਰ ਸਿੰਘ ਆਦਿ ਅਗਾਂਹਵਧੂ ਕਿਸਾਨ ਮੌਜੂਦ ਸਨ। ਹੈਪੀ ਸੀਡਰ ਤਕਨੀਕ ਨਾਲ ਪਿੰਡ ਠੀਂਡਾ ਦੇ ਅਗਾਂਹਵਧੂ ਕਿਸਾਨਾਂ ਉਂਕਾਰ ਸਿੰਘ ਅਤੇ ਦਲਵਿੰਦਰ ਸਿੰਘ ਨੇ 8 ਏਕੜ ਰਕਬੇ ਤੇ ਕਣਕ ਦੀ ਬਿਜਾਈ ਕੀਤੀ ਹੈ। ਹਾਜ਼ਰ ਕਿਸਾਨਾਂ ਨੇ ਇਨ੍ਹਾਂ ਪ੍ਰਦਰਸ਼ਨੀਆਂ ਦਾ ਦੌਰਾ ਕੀਤਾ ਤੇ ਆਪਣੇ ਖਦਸ਼ਿਆਂ ਬਾਬਤ ਮਾਹਿਰਾਂ ਨਾਲ ਵਿਚਾਰ-ਚਰਚਾ ਕੀਤੀ।

## ਬੰਦ ਕਮਰਿਆਂ 'ਚ ਅੰਗੀਠੀ ਬਾਲ ਕੇ ਸੇਕਣਾ ਜਾਨਲੇਵਾ ਹੋ ਸਕਦੈ : ਡਾ. ਸਤਿੰਦਰਜੀਤ ਕੌਰ

**ਬਲਾਚੌਰ (ਜਸਵਿੰਦਰ ਬੈਂਸ)** ਸਿਹਤ ਵਿਭਾਗ ਬਲਾਚੌਰ ਵੱਲੋਂ ਵਧ ਰਹੀ ਠੰਢ ਅਤੇ ਤਾਪਮਾਨ ਵਿੱਚ ਆ ਰਹੀ ਲਗਾਤਾਰ ਗਿਰਾਵਟ ਨੂੰ ਦੇਖਦਿਆਂ ਸਿਹਤ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੀ ਸੀਨੀਅਰ ਮੈਡੀਕਲ ਅਫਸਰ ਡਾ. ਸਤਿੰਦਰਜੀਤ ਕੌਰ ਨੇ ਕਿਹਾ ਕਿ ਸਰਦੀ ਦੇ ਮੌਸਮ ਵਿੱਚ ਸਿਹਤ ਪ੍ਰਤੀ ਲਾਪਰਵਾਹੀ



ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਉਨ੍ਹਾਂ ਦੱਸਿਆ ਕਿ ਬਜ਼ੁਰਗਾਂ, ਛੋਟੇ ਬੱਚਿਆਂ ਅਤੇ ਦਿਲ ਦੇ ਰੋਗਾਂ ਨਾਲ ਪੀੜਤ ਵਿਅਕਤੀਆਂ ਨੂੰ ਸਵੇਰੇ ਅਤੇ ਦੇਰ ਸ਼ਾਮ ਠੰਢ ਅਤੇ ਧੁੰਦ ਦੇ ਸਮੇਂ ਘਰੋਂ ਬਾਹਰ ਨਿਕਲਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਵੱਧ ਸਮੇਂ ਤੱਕ ਠੰਢ ਵਿੱਚ ਰਹਿਣ ਨਾਲ ਸਰੀਰ ਦਾ ਤਾਪਮਾਨ ਘਟ ਸਕਦਾ ਹੈ, ਜਿਸ ਨਾਲ ਕੰਬਣੀ, ਨੀਂਦ ਆਉਣਾ, ਮਾਸਪੇਸ਼ੀਆਂ ਵਿੱਚ ਕਠੋਰਤਾ ਅਤੇ ਸਾਹ ਲੈਣ ਵਿੱਚ ਮੁਸ਼ਕਲ ਵਰਗੇ ਲੱਛਣ ਨਜ਼ਰ ਆ ਸਕਦੇ ਹਨ। ਸੀਨੀਅਰ ਮੈਡੀਕਲ ਅਫਸਰ ਨੇ ਖਾਸ ਤੌਰ 'ਤੇ ਚੇਤਾਵਨੀ ਦਿੰਦਿਆਂ ਕਿਹਾ ਕਿ ਸਰਦੀ ਦੇ ਮੌਸਮ ਵਿੱਚ ਘਰਾਂ ਦੇ ਬੰਦ ਕਮਰਿਆਂ ਵਿੱਚ ਅੰਗੀਠੀ ਬਾਲ ਕੇ ਅੱਗ ਸੇਕਣਾ ਬਹੁਤ ਖਤਰਨਾਕ ਹੈ, ਕਿਉਂਕਿ ਇਸ ਨਾਲ ਕਾਰਬਨ ਮੋਨੋਆਕਸਾਈਡ ਗੈਸ ਪੈਦਾ ਹੁੰਦੀ ਹੈ, ਜੋ ਆਕਸੀਜਨ ਦੀ ਘਾਟ ਕਰਕੇ ਜਾਨਲੇਵਾ ਸਾਬਤ ਹੋ ਸਕਦੀ ਹੈ। ਇਸ ਤੋਂ ਇਲਾਵਾ ਰੂਮ ਹੀਟਰ ਦੀ ਵਰਤੋਂ ਕਰਦੇ ਸਮੇਂ ਹਵਾ ਦੀ ਆਵਾਜਾਈ ਯਕੀਨੀ ਬਣਾਈ ਜਾਵੇ ਅਤੇ ਸ਼ਰਾਬ ਦੇ ਸੇਵਨ ਤੋਂ ਬਚਿਆ ਜਾਵੇ।

## ਭਾਟੀਆ ਪਰਵਾਰ ਵੱਲੋਂ ਅੰਬੇਡਕਰ ਲਾਇਬ੍ਰੇਰੀ ਨੂੰ ਇਕ ਲੱਖ ਦੀ ਮਾਲੀ ਸਹਾਇਤਾ

**ਬੰਗਾ (ਅਵਤਾਰ ਕਲੇਰ)**- ਡਾ ਬੀ ਆਰ ਅੰਬੇਡਕਰ ਦੇ ਲਾਇਬ੍ਰੇਰੀ ਸਰਹਾਲ ਕਾਜ਼ੀਆਂ ਵਿੱਚ 'ਪੇ ਬੈਕ ਟੂ ਸੋਸਾਇਟੀ' ਵਿਸ਼ੇ ਤੇ ਇੱਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਲੈਕਚਰਾਰ ਰਾਮ ਲਾਲ ਭਾਟੀਆ ਯੂ ਐਸ ਏ ਸ਼ਾਮਲ ਹੋਏ। ਪਤਵੰਤੇ ਸੱਜਣਾਂ ਨੂੰ ਸੰਬੋਧਨ ਕਰਦਿਆਂ ਲੈਕ ਰਾਮ ਲਾਲ ਭਾਟੀਆ ਨੇ ਕਿਹਾ ਕਿ ਅੱਜ ਸਮਾਂ ਆ ਗਿਆ ਹੈ ਕਿ ਪਿੰਡ ਵਿੱਚ ਸਮਾਜਿਕ ਸੋਚ ਰੱਖਣ ਵਾਲੇ ਲੋਕਾਂ ਨੂੰ ਉੱਠ ਕੇ ਸਮਾਜ ਦੇ ਵਿਦਿਆਰਥੀਆਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਉਹ ਆਪਣਾ ਭਵਿੱਖ ਸਫਲ ਬਣਾ ਸਕਣ। ਇਸ ਕਾਰਜ ਲਈ ਰਾਮ ਲਾਲ ਭਾਟੀਆ ਪਰਵਾਰ ਯੂ ਐਸ ਏ ਵੱਲੋਂ ਅੰਬੇਡਕਰ ਲਾਇਬ੍ਰੇਰੀ ਲਈ 50000, ਸ਼ਾਦੀ ਲਾਲ ਭਾਟੀਆ ਯੂ ਐੱਸ ਏ ਵੱਲੋਂ 50,402 ਰੁਪਏ ਤੇ ਸਾਬਕਾ ਸਰਪੰਚ ਬਸ਼ੰਬਰ ਲਾਲ ਵੱਲੋਂ 5100 ਦੀ ਮਾਲੀ ਸਹਾਇਤਾ ਕੀਤੀ ਗਈ। ਇਸ ਮੌਕੇ ਲੈਕ. ਰਾਮ ਲਾਲ ਭਾਟੀਆ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜਿੰਨੇ ਵੀ ਸਮਾਜ ਚਿੰਤਕ



ਐਨਆਰਆਈ ਵੀਰ ਵਿਦੇਸ਼ਾਂ ਵਿੱਚ ਬੈਠੇ ਹਨ ਉਹਨਾਂ ਤੱਕ ਪਹੁੰਚ ਬਣਾਈ ਜਾਏਗੀ ਅਤੇ ਉਨਾਂ ਨੂੰ ਮਦਦ ਕਰਨ ਲਈ ਪ੍ਰੇਰਿਤ ਕਰਕੇ ਪਿੰਡ ਵਿੱਚ ਸਮਾਜ ਦੇ ਗਰੀਬ ਬੱਚਿਆਂ ਦੀ ਪੜ੍ਹਾਈ ਦੇ ਲਈ ਇਹ ਪੈਸਾ ਭੇਜਣ ਲਈ ਬੇਨਤੀ ਕੀਤੀ ਜਾਏਗੀ। ਉਹਨਾਂ ਕਿਹਾ ਕਿ ਇਹ ਪੈਸਾ ਕੇਵਲ ਬੱਚਿਆਂ ਦੀ ਪੜ੍ਹਾਈ ਤੇ ਹੀ ਖਰਚ ਕੀਤਾ ਜਾਏਗਾ। ਇਸ ਮੌਕੇ ਲੈਕ ਰਾਮ ਲਾਲ ਭਾਟੀਆ ਯੂ ਐੱਸ ਏ, ਬਲਵੀਰ ਕੌਰ ਭਾਟੀਆ ਯੂਐਸਏ, ਸਾਬਕਾ ਸਰਪੰਚ ਬਸ਼ੰਬਰ ਲਾਲ, ਲੈਕ ਸੁਰਜੀਤ ਸੈਂਪਲੇ, ਲੈਕ ਪਰਮਜੀਤ ਸਿੰਘ ਮਹੇ, ਡਾ. ਸ਼ਾਦੀ ਲਾਲ, ਲਖਵੀਰ ਸਿੰਘ, ਬਲਵਿੰਦਰ ਕੁਮਾਰ, ਦਿਲਬਾਗ ਰਾਮ, ਪ੍ਰਿਥੀਪਾਲ ਭਾਟੀਆ , ਦਰਬਾਰੀ ਲਾਲ, ਹਰਨੇਕ ਸਿੰਘ ਮਹੇ, ਡਾ ਗੁਰਪ੍ਰੀਤ ਸਿੰਘ, ਅਮਨਦੀਪ ਕੁਮਾਰ, ਪਹਿਲਵਾਨ ਸੁਰਜੀਤ ਰਾਮ ਆਦਿ ਹਾਜ਼ਰ ਸਨ।

## ਸੀ ਟੀ ਗਰੁੱਪ 'ਚ ਰਵਾਇਤੀ ਢੰਗ ਨਾਲ ਮਨਾਈ ਲੋਹੜੀ

**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਆਫ਼ ਇੰਸਟੀਟਿਊਸ਼ਨਜ਼ ਦੇ ਸ਼ਾਹਪੁਰ ਤੇ ਮਕਸੂਦਾਂ ਕੈਂਪਸਾਂ ਦੇ ਨਾਲ-ਨਾਲ ਸੀ ਟੀ ਪਬਲਿਕ ਸਕੂਲ ਵਿੱਚ ਲੋਹੜੀ ਦਾ ਤਿਉਹਾਰ ਪੂਰੇ ਉਤਸ਼ਾਹ, ਸੱਭਿਆਚਾਰਕ ਰੌਣਕ ਅਤੇ ਆਪਸੀ ਸਾਂਝ ਦੇ ਮਾਹੌਲ ਵਿੱਚ ਧੂਮਧਾਮ ਨਾਲ



ਮਨਾਇਆ ਗਿਆ। ਇਸ ਸਮਾਗਮ ਵਿੱਚ ਅਧਿਆਪਕਾਂ, ਗੈਰ-ਅਧਿਆਪਕ ਕਰਮਚਾਰੀਆਂ, ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ, ਜਿਸ ਨਾਲ ਸੰਸਥਾ ਦੀ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਅਤੇ ਏਕਤਾ ਦੀ ਭਾਵਨਾ ਪ੍ਰਤੀ ਵਚਨਬੱਧਤਾ ਸਪਸ਼ਟ ਹੋਈ।ਸਾਰੇ ਕੈਂਪਸਾਂ ਨੂੰ ਰਵਾਇਤੀ 'ਸਾਡਾ ਪਿੰਡ' ਥੀਮ ਅਧੀਨ ਸੁੰਦਰ ਢੰਗ ਨਾਲ ਸਜਾਇਆ ਗਿਆ, ਜਿੱਥੇ ਪੰਜਾਬ ਦੀ ਪਿੰਡਾਂ ਵਾਲੀ ਜ਼ਿੰਦਗੀ ਤੇ ਲੋਕ ਵਿਰਾਸਤ ਦੀ ਜੀਵੰਤ ਝਲਕ ਵੇਖਣ ਨੂੰ ਮਿਲੀ। ਸਮਾਰੋਹ ਦਾ ਕੇਂਦਰ ਪਵਿੱਤਰ ਲੋਹੜੀ ਦੀ ਅੱਗ ਰਹੀ, ਜੋ ਖੁਸ਼ਹਾਲੀ, ਸੁਖ-ਸਮ੍ਰਿੱਧੀ ਤੇ ਨਵੇਂ ਆਰੰਭ ਦੀ ਪ੍ਰਤੀਕ ਮੰਨੀ ਜਾਂਦੀ ਹੈ। ਹਾਜ਼ਰੀਨਾਂ ਵੱਲੋਂ ਮੂੰਗਫਲੀ, ਰੇਵੜੀ ਅਤੇ ਪੌਪਕਾਰਨ ਵਰਗੀਆਂ ਰਵਾਇਤੀ ਭੇਟਾਂ ਅੱਗ ਵਿੱਚ ਅਰਪਣ ਕਰਕੇ ਅਮਨ, ਤਰੱਕੀ ਅਤੇ ਕਾਮਯਾਬੀ ਲਈ ਅਰਦਾਸ ਕੀਤੀ ਗਈ। ਸੰਸਥਾ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਲੋਹੜੀ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਸਿੱਖਿਆ ਸੰਸਥਾਵਾਂ ਵਿੱਚ ਸੱਭਿਆਚਾਰਕ ਤਿਉਹਾਰਾਂ ਦਾ ਆਯੋਜਨ ਪਰੰਪਰਾਵਾਂ ਨੂੰ ਜੀਵੰਤ ਰੱਖਣ ਦੇ ਨਾਲ-ਨਾਲ ਸਮਾਜ ਵਿੱਚ ਸਦਭਾਵਨਾ ਤੇ ਸਕਾਰਾਤਮਕ ਸੋਚ ਨੂੰ ਵਧਾਵਾ ਦਿੰਦਾ ਹੈ।ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਨੇ ਕਿਹਾ, ਅਜਿਹੇ ਸਮਾਗਮ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੇ ਹਨ ਅਤੇ ਕੈਂਪਸਾਂ ਵਿੱਚ ਖੁਸ਼ੀ, ਉਤਸ਼ਾਹ ਅਤੇ ਆਪਣਾਪਨ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।

## ਅਨੁਸੂਚਿਤ ਜਾਤੀਆਂ ਲਈ 31.78 ਕਰੋੜ ਰੁਪਏ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2025-26 ਦੌਰਾਨ ਅਨੁਸੂਚਿਤ ਜਾਤੀਆਂ ਦੇ 6231 ਲਾਭਪਾਤਰੀਆਂ ਨੂੰ 31.78 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ



ਹੈ, ਜਿਸ ਨਾਲ ਸੂਬੇ ਭਰ ਦੇ ਹਜ਼ਾਰਾਂ ਗਰੀਬ ਪਰਿਵਾਰਾਂ ਨੂੰ ਸਿੱਧਾ ਆਰਥਿਕ ਸਹਾਰਾ ਮਿਲਿਆ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ ਤੇ ਅਸ਼ੀਰਵਾਦ ਸਕੀਮ ਇਸ ਵਚਨਬੱਧਤਾ ਦਾ ਸਪਸ਼ਟ ਪ੍ਰਤੀਕ ਹੈ, ਜੋ ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਸਮੇਂ ਆਰਥਿਕ ਬੋਝ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।

## ਚੋਰੀਆਂ ਦੇ ਮਾਮਲੇ 'ਚ ਦੋਸ਼ੀ ਗ੍ਰਿਫ਼ਤਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਮੋਹਾਲੀ ਪੁਲਿਸ ਵੱਲੋਂ ਚੋਰੀ ਅਤੇ ਸਨੈਚਿੰਗ ਦੀਆਂ ਘਟਨਾਵਾਂ 'ਚ ਸ਼ਾਮਿਲ ਇੱਕ ਦੋਸ਼ੀ ਨੂੰ ਗ੍ਰਿਫਤਾਰ ਕਰਕੇ, ਉਸ ਪਾਸੋਂ 5 ਮੋਟਰਸਾਇਕਲ, 2 ਮੋਬਾਇਲ ਫੋਨ ਤੇ ਇੱਕ ਐਕਟਿਵਾ ਬਰਾਮਦ ਕੀਤੇ ਗਏ ਹਨ।ਇਹ ਜਾਣਕਾਰੀ ਦਿੰਦਿਆਂ ਹਰਮਨਦੀਪ ਸਿੰਘ ਹਾਂਸ, ਐਸ.ਐਸ.ਪੀ ਜ਼ਿਲ੍ਹਾ ਐਸ.ਏ.ਐਸ ਨਗਰ ਨੇ ਦੱਸਿਆ ਕਿ ਦਿਲਪ੍ਰੀਤ ਸਿੰਘ ਐੱਸ ਪੀ ਸਿਟੀ ਮੋਹਾਲੀ ਦੀ ਰਹਿਨੁਮਾਈ ਹੇਠ ਮੋਹਾਲੀ ਸ਼ਹਿਰ ਵਿੱਚ ਹੋ ਰਹੀਆ ਚੋਰੀ/ਖੋਹ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਇਸ ਮੁਹਿੰਮ ਤਹਿਤ ਸ੍ਰੀ ਪ੍ਰਿਥਵੀ ਸਿੰਘ ਚਹਿਲ ਉਪ ਕਪਤਾਨ ਪੁਲਿਸ ਸਿਟੀ-1 ਮੋਹਾਲੀ ਅਤੇ ਇੰਸ. ਸੁਖਬੀਰ ਸਿੰਘ ਮੁੱਖ ਅਫਸਰ ਥਾਣਾ ਫੇਸ-1 ਮੋਹਾਲੀ ਦੀ ਨਿਗਰਾਨੀ ਹੇਠ ਟੀਮ ਨੂੰ ਉਕਤ ਸਫਲਤਾ ਹਾਸਲ ਹੋਈ। ਪੁਲਸ ਵੱਲੋਂ ਮਿਤੀ 10 ਜਨਵਰੀ ਨੂੰ ਨੇੜੇ ਸਪਾਇਸ ਲਾਇਟਾਂ ਇੰਡਸਟਰੀਅਲ 7-ਏਰੀਆ ਫੇਸ ਮੋਹਾਲੀ ਵਿਖੇ ਨਾਕਾਬੰਦੀ ਕਰਕੇ ਹਰਮਨਜੀਤ ਸਿੰਘ ਉਰਫ ਹਨੀ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਮਾਲਕਪੁਰ ਟੱਪਰੀਆ ਥਾਣਾ ਮੁੱਲਾਪੁਰ ਹਾਲ ਵਾਸੀ ਪਿੰਡ ਬਲੌਂਗੀ ਜ਼ਿਲ੍ਹਾ ਐੱਸ ਏ ਐੱਸ ਨਗਰ ਨੂੰ ਕਾਬੂ ਕੀਤਾ ਗਿਆ। ਉਸ ਦੇ ਕਬਜੇ ਵਿੱਚੋਂ ਚੋਰੀ ਕੀਤਾ ਮੋਟਰਸਾਇਕਲ ਮਾਰਕਾ ਸਪਲੈਂਡਰ ਪਲੱਸ ਬਰਾਮਦ ਕੀਤਾ ਗਿਆ ਸੀ, ਜਿਸ ਤੇ ਮੁਕੱਦਮਾ ਥਾਣਾ ਫੇਸ-1 ਮੋਹਾਲੀ ਦੋਸ਼ੀ ਦੇ ਖਿਲਾਫ ਦਰਜ ਕੀਤਾ ਗਿਆ। ਦੋਸ਼ੀ ਦੀ ਪੁਲਿਸ ਰਿਮਾਂਡ ਤਹਿਤ ਪੁੱਛਗਿੱਛ ਦੌਰਾਨ ਵੱਖ ਵੱਖ ਜਗ੍ਹਾ ਤੋਂ ਚੋਰੀ ਕੀਤੇ 2 ਮੋਬਾਇਲ ਫੋਨ, 3 ਮੋਟਰਸਾਇਕਲ ਮਾਰਕਾ ਸਪਲੈਂਡਰ ਪਲੱਸ, ਇਕ ਮੋਟਰਸਾਇਕਲ ਮਾਰਕਾ ਪਲੈਟੀਨਾ, ਇਕ ਮੋਟਰਸਾਇਕਲ ਮਾਰਕਾ ਟੀ.ਵੀ.ਐਸ ਰੰਗ ਨੀਲਾ ਅਤੇ ਇਕ ਐਕਟਿਵਾ ਰੰਗ ਗਰੇਅ ਬ੍ਰਾਮਦ ਕੀਤੇ ਗਏ।

## ਬੇਟੀ ਨੂੰ ਬੇਟੇ ਦੇ ਬਰਾਬਰ ਦਾ ਦਰਜਾ ਦੇਣ ਮਾਪੇ : ਸਿਵਲ ਸਰਜਨ

**ਜਲੰਧਰ (ਸ਼ੈਲੀ ਐਲਬਰਟ)**- ਸਿਹਤ ਵਿਭਾਗ ਜਲੰਧਰ ਵੱਲੋਂ ਸਿਵਲ ਸਰਜਨ ਜਲੰਧਰ ਡਾ. ਰਾਜੇਸ਼ ਗਰਗ ਦੀ ਅਗਵਾਈ ਹੇਠ ਮੰਗਲਵਾਰ ਨੂੰ ਸ਼ਹੀਦ ਬਾਬੂ ਲਾਭ ਸਿੰਘ ਯਾਦਗਾਰੀ ਨਰਸਿੰਗ ਸਕੂਲ, ਸਿਵਲ ਹਸਪਤਾਲ ਜਲੰਧਰ ਵਿਖੇ ਧੀਆਂ ਦੀ ਲੋਹੜੀ ਮਨਾਈ ਗਈ। ਇਸ ਸ਼ੁਭ ਮੌਕੇ ਮੈਡੀਕਲ ਸੁਪਰਡੈਂਟ ਈ ਐੱਸ ਆਈ ਹਸਪਤਾਲ ਜਲੰਧਰ ਡਾ. ਜਯੋਤੀ ਸ਼ਰਮਾ, ਪ੍ਰਿੰਸੀਪਲ ਨਰਸਿੰਗ ਸਕੂਲ ਸੁਨੀਤਾ ਕੁਮਾਰੀ, ਸਮੂਹ ਜਿਲ੍ਹਾ ਪ੍ਰੋਗਰਾਮ ਅਫ਼ਸਰਾਂ ਅਤੇ ਸਿਹਤ ਵਿਭਾਗ ਦੇ ਸਟਾਫ ਤੇ ਕਰਮਚਾਰੀਆਂ ਦੀ ਮੌਜੂਦਗੀ



ਵਿੱਚ ਨਵਜੰਮੀਆਂ ਬੱਚੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਲੋਹੜੀ ਦੀ ਵਧਾਈ ਦਿੰਦੇ ਹੋਏ ਤੋਹਫੇ ਦਿੱਤੇ ਗਏ। ਇਸ ਦੌਰਾਨ ਨਰਸਿੰਗ ਵਿਦਿਆਰਥਣਾਂ ਵੱਲੋਂ ਲੋਹੜੀ ਦੀਆਂ ਬੋਲੀਆਂ 'ਤੇ ਗਿੱਦਾ ਪਾਉਂਦੇ ਹੋਏ ਰੌਣਕਾਂ ਲਗਾ ਦਿੱਤੀਆਂ ਗਈਆਂ।ਸਿਵਲ ਸਰਜਨ ਡਾ. ਰਾਜੇਸ਼ ਗਰਗ ਨੇ ਸਭ ਨੂੰ ਲੋਹੜੀ ਦੀ ਵਧਾਈ ਦਿੰਦੇ ਹੋਏ ਬੇਟੀ ਨੂੰ ਵੀ ਬੇਟੇ ਦੇ ਬਰਾਬਰ ਦਰਜਾ ਦੇਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਪੀ ਸੀ-ਪੀ ਐੱਨ ਡੀ ਟੀ ਐਕਟ ਤਹਿਤ ਧੀਆਂ ਦੀ ਲੋਹੜੀ ਮਨਾਈ ਜਾਂਦੀ ਹੈ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਜੋਤੀ ਫੋਕੇਲਾ, ਜਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਕੇਸ਼ ਕੁਮਾਰ ਚੋਪੜਾ, ਸਹਾਇਕ ਸਿਹਤ ਅਫ਼ਸਰ ਡਾ. ਮੀਰਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਜਸਵਿੰਦਰ ਸਿੰਘ, ਐਸ.ਐਮ.ਓ. ਡਾ. ਵਰਿੰਦਰ ਕੌਰ ਥਿੰਦ, ਐੱਸ ਐੱਮ ਓ ਡਾ. ਗੁਰਪ੍ਰੀਤ ਕੌਰ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਗੁਰਦੀਪ ਸਿੰਘ, ਡਿਪਟੀ ਮਾਸ ਮੀਡੀਆ ਅਫ਼ਸਰ ਅਸੀਮ ਸ਼ਰਮਾ, ਸੀਨੀਅਰ ਸਹਾਇਕ ਵਿਨੋਦ ਕੁਮਾਰ, ਜ਼ਿਲ੍ਹਾ ਪੀ.ਸੀ.-ਪੀ ਐੱਨ ਡੀ ਟੀ ਕੋਆਰਡੀਨੇਟਰ ਦੀਪਕ ਬਪੋਰੀਆ, ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਨੀਰਜ ਸ਼ਰਮਾ, ਸਿਹਤ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਸਨ।

## ਕੂੜੇ ਦੀ ਲਿਟਰਿੰਗ ਕਰਨ ਵਾਲਿਆਂ ਵਿਰੁੱਧ ਸਖ਼ਤ ਹੋਇਆ ਨਗਰ ਨਿਗਮ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨਗਰ ਨਿਗਮ ਹੁਸ਼ਿਆਰਪੁਰ ਨੇ ਕਮਿਸ਼ਨਰ ਜਯੋਤੀ ਬਾਲਾ ਮੱਟੂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਅਤੇ ਵਿਕਰੀ ਉੱਪਰ ਪੂਰਨ ਤੌਰ 'ਤੇ ਰੋਕ ਨੂੰ ਲੈ ਕੇ ਇਕ ਅਹਿਮ ਕਾਰਵਾਈ ਕੀਤੀ। ਇਸ ਦੌਰਾਨ ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ ਨਾਹਰ ਵੱਲੋਂ ਸੈਨੇਟਰੀ ਸੁਪਰਵਾਈਜ਼ਰਾਂ ਕਰਨਜੋਤ ਆਦੀਆ, ਹੀਰਾ ਲਾਲ, ਨਿਤਿਨ ਕੁਮਾਰ, ਸੰਜੀਵ ਕੁਮਾਰ ਤੇ ਲੇਖ ਰਾਜ ਸਮੇਤ ਆਪਣੀ ਪੈਟਰੋਲਿੰਗ ਟੀਮ ਨਾਲ ਸ਼ਹਿਰ ਦੇ ਮੁੱਖ ਬਾਜ਼ਾਰਾਂ ਤੇ ਇਲਾਕਿਆਂ ਵਿੱਚ ਸਵੇਰੇ



ਸਿੰਗਲ ਯੂਜ਼ ਪਲਾਸਟਿਕ ਦੀ ਵਿਕਰੀ ਤੇ ਵਰਤੋਂ ਅਤੇ ਲਿਟਰਿੰਗ (ਕੂੜਾ ਖਿਲਾਰਨ ਵਾਲੇ) ਵਿਰੁੱਧ ਸਖ਼ਤ ਚੈਕਿੰਗ ਕੀਤੀ ਗਈ, ਜਿਸ ਤਹਿਤ ਅਧਿਕਾਰੀਆਂ ਵੱਲੋਂ ਕਾਰਵਾਈ ਕਰਦੇ ਹੋਏ 2 ਚਲਾਨ ਜਾਰੀ ਕੀਤੇ ਗਏ ਅਤੇ ਮੌਕੇ 'ਤੇ ਹੀ ਸਿੰਗਲ ਯੂਜ਼ ਪਲਾਸਟਿਕ ਸਬੰਧੀ ਲੱਗਭਗ 1 ਕੁਇੰਟਲ ਸਾਮਾਨ ਜ਼ਬਤ ਕੀਤਾ ਗਿਆ।ਕਮਿਸ਼ਨਰ ਨਗਰ ਨਿਗਮ ਵੱਲੋਂ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ ਤੇ ਹੁਸ਼ਿਆਰਪੁਰ ਸ਼ਹਿਰ ਨੂੰ ਹਰਿਆ-ਭਰਿਆ ਅਤੇ ਪ੍ਰਦੂਸ਼ਣ ਰਹਿਤ ਬਣਾਇਆ ਜਾਵੇ।

## ਸੰਤੋਸ਼ ਕਟਾਰੀਆ ਵੱਲੋਂ ਜੇ ਡੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਬਲਾਚੌਰ (ਜਸਵਿੰਦਰ ਬੈਂਸ)**- ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਮੀਡੀਆ ਇੰਚਾਰਜ ਚੰਦਰ ਮੋਹਨ ਜੇ ਡੀ ਜੀ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਕਾਰਨ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ।ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਹਲਕਾ ਬਲਾਚੌਰ ਦੀ ਵਿਧਾਇਕਾ ਸੰਤੋਸ਼ ਕਟਾਰੀਆ ਤੇ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ?ਇਸ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਅਸ਼ੋਕ ਕਟਾਰੀਆ ਨੇ ਕਿਹਾ ਕਿ ਚੰਦਰ ਮੋਹਨ ਜੇ ਡੀ ਦਾ ਚਲੇ ਜਾਣਾ ਪਾਰਟੀ ਤੇ ਸਮਾਜ ਲਈ ਇੱਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।ਅੰਤਿਮ ਸੰਸਕਾਰ ਦੀਆਂ ਰਸਮਾਂ ਦੌਰਾਨ ਚੰਦਰ ਮੋਹਨ ਜੇ ਡੀ ਦੇ ਭਰਾ ਵੱਲੋਂ ਉਨ੍ਹਾਂ ਨੂੰ ਅਗਨੀ ਭੇਟ ਕੀਤੀ ਗਈ। ਇਸ ਮੌਕੇ ਮਾਹੌਲ ਬਹੁਤ ਗਮਗੀਨ ਸੀ ਤੇ ਹਾਜ਼ਰ ਸਭਨਾਂ ਸ਼ਖ਼ਸੀਅਤਾਂ ਨੇ ਨਮ ਅੱਖਾਂ ਨਾਲ ਆਪਣੇ ਸਾਥੀ



ਨੂੰ ਅੰਤਿਮ ਵਿਦਾਈ ਦਿੱਤੀ।ਸੋਗ ਪ੍ਰਗਟ ਕਰਨ ਲਈ ਇਲਾਕੇ ਦੀਆਂ ਕਈ ਪ੍ਰਮੁੱਖ ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਹਾਜ਼ਰ ਸਨ, ਜਿਨ੍ਹਾਂ ਵਿੱਚ ਮੁੱਖ ਰੂਪ ਵਿੱਚ ?ਸਤਨਾਮ ਜਲਾਲਪੁਰ ਜ਼ਿਲ੍ਹਾ ਪ੍ਰਧਾਨ ਪਲੈਨਿੰਗ ਬੋਰਡ ਚੇਅਰਮੈਨ, ਸਤਨਾਮ ਜਲਵਾਹਾ ਚੇਅਰਮੈਨ, ਇੰਪਰੂਵਮੈਂਟ ਟਰੱਸਟ, ?ਲਲਿਤ ਪਾਠਕ ਹਲਕਾ ਇੰਚਾਰਜ, ਨਵਾਂਸ਼ਹਿਰ ਸੇਠੀ ਉਧਨਵਾਲ ਚੇਅਰਮੈਨ, ਮਾਰਕੀਟ ਕਮੇਟੀ ਬਲਾਚੌਰ, ਗਗਨ ਅਗਨਹੋਤਰੀ ਚੇਅਰਮੈਨ, ਮਾਰਕੀਟ ਕਮੇਟੀ ਨਵਾਂਸ਼ਹਿਰ ਸੁਨੀਲ ਕੌਸ਼ਲ ਪ੍ਰਧਾਨ, ਨਗਰ ਕੌਂਸਲ ਬਲਾਚੌਰ ਬਲਾਚੌਰ ਪਬਲਿਕ ਸਕੂਲ ਦੇ ਚੇਅਰਮੈਨ ਐਚ ਪੀ ਸਿੰਘ, ਕੌਂਸਲਰ ਪਰਮਿੰਦਰ ਭਾਟੀਆ ਸਾਬਕਾ ਸਰਪੰਚ ਜਸਵੀਰ ਔਲੀਆਪੁਰ, ਕੌਂਸਲਰ ਅਜੇ ਕੁਮਾਰ ਬਿੱਟੂ ਰਾਣਾ, ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਉਪ ਪ੍ਰਧਾਨ ਨੰਦ ਕਿਸ਼ੋਰ, ਬਲਾਕ ਪ੍ਰਧਾਨ ਸੁਰਿੰਦਰ ਭੱਟੀ ਆਗੂਆਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਚੰਦਰ ਮੋਹਨ ਜੇ ਡੀ ਮਿਹਨਤੀ ਸਨ, ਜਿਨ੍ਹਾਂ ਨੇ ਪਾਰਟੀ ਦੀ ਮੀਡੀਆ ਰਣਨੀਤੀ ਵਿੱਚ ਅਹਿਮ ਭੂਮਿਕਾ ਨਿਭਾਈ।ਮੁੱਖ ਮੰਤਰੀ ਤੇ ਪਾਰਟੀ ਦੇ ਹੋਰ ਉੱਚ ਆਗੂਆਂ ਨੇ ਚੰਦਰ ਮੋਹਨ ਜੇ ਡੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਡੀ ਦੀ ਮੌਤ ਪਾਰਟੀ ਲਈ ਇੱਕ ਨਾ-ਪੂਰਿਆ ਜਾਣ ਵਾਲਾ ਘਾਟਾ ਹੈ। ਅੰਤਿਮ ਯਾਤਰਾ ਦੌਰਾਨ ਮਾਹੌਲ ਕਾਫੀ ਗਮਗੀਨ ਰਿਹਾ ਅਤੇ ਹਰ ਕਿਸੇ ਦੀ ਅੱਖ ਨਮ ਦਿਖਾਈ ਦਿੱਤੀ।

## ਜਿੰਪਾ ਨੇ ਇੰਟਰਲਾਕ ਸੜਕ ਦਾ ਰੱਖਿਆ ਨੀਂਹ ਪੱਥਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਦੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸੈਂਟਰਲ ਟਾਊਨ ਇਲਾਕੇ ਵਿਚ ਕਰੀਬ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇੰਟਰਲਾਕ ਸੜਕ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਸੜਕ ਸ਼ਿਵ ਮੰਦਿਰ ਤੋਂ ਸ਼ੁਰੂ ਹੋ ਕੇ ਸੈਂਟਰਲ ਟਾਊਨ ਦੇ ਵਿਚਕਾਰ ਬਣਾਈ ਜਾਵੇਗੀ, ਜਿਸ ਨਾਲ ਇਲਾਕਾ ਵਾਸੀਆਂ ਨੂੰ ਬਿਹਤਰ ਅਤੇ ਸੁਰੱਖਿਅਤ ਆਉਣ-ਜਾਣ ਦੀ ਸਹੂਲਤ ਮਿਲੇਗੀ। ਵਿਧਾਇਕ ਜਿੰਪਾ ਨੇ ਦੱਸਿਆ ਕਿ ਸੈਂਟਰਲ ਟਾਊਨ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਟਿਊਬਵੈੱਲ ਆਧਾਰਿਤ ਜਲ ਸਪਲਾਈ ਕੁਨੈਕਸ਼ਨ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਸੜਕ ਨਿਰਮਾਣ ਅਤੇ ਪਾਣੀ ਸਪਲਾਈ ਵਰਗੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਨਾਲ ਇਲਾਕੇ ਦੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋਵੇਗਾ।ਵਿਧਾਇਕ ਜਿੰਪਾ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇੰਟਰਲਾਕ ਸੜਕ ਦੀ ਉਸਾਰੀ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਅਤੇ ਉੱਚ ਗੁਣਵੱਤਾ ਦੇ ਮਾਪਦੰਡਾਂ ਅਨੁਸਾਰ ਪੂਰੀ ਕੀਤੀ ਜਾਵੇ, ਤਾਂ ਜੋ ਆਮ ਜਨਤਾ ਲੰਬੇ ਸਮੇਂ ਤੱਕ ਇਸਦਾ ਲਾਭ ਲੈ ਸਕੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਕੌਂਸਲਰ ਦ੍ਰਿਪਣ ਸੈਣੀ, ਪ੍ਰਦੀਪ ਬਿੱਟੂ, ਖਰੈਤੀ ਲਾਲ ਕਤਣਾ, ਮੋਨਿਕਾ ਕਤਣਾ, ਗਿਆਨ ਬਾਂਸਲ ਅਤੇ ਕਈ ਹੋਰ ਪਤਵੰਤੇ ਅਤੇ ਸਥਾਨਕ ਨਿਵਾਸੀ ਮੌਜੂਦ ਸਨ।

## ਮੀਨਾਰ-ਏ-ਬੇਗਮਪੁਰਾ ਤੋਂ ਤਪ ਅਸਥਾਨ ਨੂੰ ਜੋੜਨ ਲਈ ਪੁਲ ਦਾ ਰੱਖਿਆ ਨੀਂਹ ਪੱਥਰ

**ਖੁਰਾਲਗੜ ਸਾਹਿਬ/ਹੁਸ਼ਿਆਰਪੁਰ, ਜੇਜੋਂ ਦੁਆਬਾ (ਬਲਵੀਰ ਸਿੰਘ ਸੈਣੀ, ਨਿਰਮਲ ਸਿੰਘ ਮੁੱਗੋਵਾਲ)**- ਸ੍ਰੀ ਗੁਰੂ ਰਵਿਦਾਸ ਸਾਹਿਬ ਨਾਲ ਸਬੰਧਤ ਇਤਿਹਾਸਕ ਧਰਮ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਮੀਨਾਰ-ਏ-ਬੇਗਮਪੁਰਾ ਤੋਂ ਤਪ ਅਸਥਾਨ ਨੂੰ ਜੋੜਨ ਵਾਲੇ ਨਵੇਂ ਪੁਲ ਦਾ ਨੀਂਹ ਪੱਥਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਰੱਖਿਆ ਗਿਆ। ਇਸ ਮੌਕੇ ਡਿਪਟੀ ਸਪੀਕਰ ਰੌੜੀ ਨੇ ਦੱਸਿਆ ਕਿ ਇਹ ਪੁਲ ਪੰਜਾਬ ਸਰਕਾਰ ਵੱਲੋਂ ਪੌਣੇ ਚਾਰ ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ, ਜੋ ਕਿ ਸਦੀਆਂ ਤੱਕ ਟਿਕਾਊ ਰਹੇਗਾ ਤੇ ਸੰਗਤਾਂ ਨੂੰ ਆਸਾਨ



ਆਵਾਜਾਈ ਸਹੂਲਤ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਇਸ ਪੁਲ ਦੇ ਨਿਰਮਾਣ ਨੂੰ ਤੈਅ ਸਮਾਂ ਸੀਮਾ ਦੌਰਾਨ ਪੂਰੀ ਇਮਾਨਦਾਰੀ ਤੇ ਪਾਰਦਰਸ਼ੀ ਢੰਗ ਨਾਲ ਪੂਰਾ ਕਰਵਾਉਣਾ ਵੀ ਯਕੀਨੀ ਬਣਾਇਆ ਜਾਵੇਗਾ। ਡਿਪਟੀ ਸਪੀਕਰ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਤਪ ਅਸਥਾਨ ਖੁਰਾਲਗੜ੍ਹ ਸਾਹਿਬ ਵਿਖੇ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ।ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਵੱਲੋਂ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਗਿਆ। ਇਸਦੇ ਨਾਲ ਹੀ ਬਾਬਾ ਸੁਖਦੇਵ ਸਿੰਘ ਅਤੇ ਬਾਬਾ ਨਰੇਸ਼ ਸਿੰਘ ਵੱਲੋਂ ਡਿਪਟੀ ਸਪੀਕਰ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਵੀ ਗਿਆ। ਇਸ ਨੀਂਹ ਪੱਥਰ ਸਮਾਗਮ ਦੌਰਾਨ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚਾਂ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਹਾਜ਼ਰ ਰਹਿਣ ਵਾਲਿਆਂ ਵਿੱਚ ਬਾਬਾ ਕੇਵਲ ਸਿੰਘ, ਬਾਬਾ ਨਰੇਸ਼ ਸਿੰਘ, ਬਾਬਾ ਸੁਖਦੇਵ ਸਿੰਘ, ਸਰਪੰਚ ਰੋਸ਼ਨ ਲਾਲ, ਬਾਬਾ ਸੁਰਿੰਦਰ ਦਾਸ ਚਰਨ ਛੋ ਗੰਗਾ, ਗੁਰਲਾਲ ਸੈਲਾ, ਸਤਪਾਲ ਸਿੰਘ, ਗੁਰਮੁਖ ਸਿੰਘ, ਸਰਪੰਚ ਸੁਰਿੰਦਰ ਸਿੰਘ ਟੱਬਾ, ਸਰਪੰਚ ਮਹਿੰਦਰ ਪਾਲ (ਹਰਮਾ), ਬਲਾਕ ਸੰਮਤੀ ਮੈਂਬਰ ਪਰਵਿੰਦਰ ਕੁਮਾਰ ਸੇਖੋਵਾਲ, ਅਮਰੀਕ ਸਿੰਘ ਬੱਸੀ, ਸੁਰਿੰਦਰ ਸਿੰਘ ਬੱਸੀ, ਸਰਪੰਚ ਅਵਤਾਰ ਸਿੰਘ ਮਜਾਰੀ, ਜਗਤਾਰ ਸਿੰਘ ਮਜਾਰੀ, ਬਲਵੀਰ ਸਿੰਘ ਬੱਸੀ, ਲੱਛੂ ਰਾਮ ਬੱਸੀ, ਮਾਸਟਰ ਜਸਵੀਰ ਜੱਸੀ, ਭਾਗੂ ਰਾਮ ਬੱਸੀ, ਰੋਸ਼ਨ ਲਾਲ, ਬੱਸੀ ਰਾਮ ਲਾਲ ਬੱਸੀ, ਸੋਮਨਾਥ ਬੱਸੀ, ਸਾਹਿਲ ਕੁਮਾਰ, ਵਿਸ਼ਾਲ ਸਿੰਘ, ਹਰਮਨ ਸਿੰਘ, ਗੁਰਮੇਜ ਪੇਂਟਰ, ਲੱਡਾ ਖੁਰਾਲੀ, ਜਸਵਿੰਦਰ ਵਿੱਕੀ, ਐਕਸੀਅਨ ਮੰਡੀ ਬੋਰਡ ਦਿਲਪ੍ਰੀਤ ਸਿੰਘ, ਐਸ.ਡੀ.ਓ. ਅਮਨ ਮਹਿਰਾ, ਠੇਕੇਦਾਰ ਸਰਬਜੀਤ ਸਿੰਘ ਜਾਗੋਵਾਲ ਤੇ ਜਤਿੰਦਰ ਸਿੰਘ ਸ਼ਾਮਲ ਸਨ।

# ਢੰਡੋਵਾਲ ਦੇ ਛਿੰਝ ਮੇਲੇ 'ਚ ਭਾਰਤ ਈਰਾਨ 'ਤੇ ਰਿਹਾ ਹਾਵੀ



**ਸ਼ਾਹਕੋਟ (ਗਿਆਨ ਸੈਦਪੁਰੀ)**- ਨੇੜਲੇ ਪਿੰਡ ਢੰਡੋਵਾਲ ਵਿੱਚ ਸ਼ਹੀਦ ਬਾਬਾ ਸੁਖਚੇਤ ਸਿੰਘ ਜੀ ਦੇ ਸ਼ਹੀਦੀ ਅਸਥਾਨ 'ਤੇ ਸਵਰਗੀ ਸ੍ਰ: ਨਾਜਰ ਸਿੰਘ ਦੀ ਯਾਦ ਨੂੰ ਸਮਰਪਿਤ 59ਵਾਂ ਸਾਲਾਨਾ ਛਿੰਝ ਮੇਲਾ ਅਮਿਟ ਯਾਦਾਂ ਛੱਡਦਾ ਸਮਾਪਤ ਹੋਇਆ। ਇਸ ਤੋਂ ਪਹਿਲਾਂ 12 ਜਨਵਰੀ ਨੂੰ ਆਰੰਭ ਕਰਵਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਆਪਣੇ ਸਮੇਂ ਦੇ ਨਾਮੀ ਪਹਿਲਵਾਨ ਰਹੇ ਸੇਵਾ ਸਿੰਘ ਚੱਠਾ ਦੀ ਦੇਖਰੇਖ ਤੇ ਪ੍ਰਬੰਧਕਾਂ ਦੀ ਸਮੁੱਚੀ ਟੀਮ ਦੀ ਅਗਵਾਈ ਵਿੱਚ ਕਰਵਾਏ ਗਏ ਛਿੰਝ ਮੇਲੇ ਵਿੱਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।ਪਟਕੇ ਦੀ ਕੁਸ਼ਤੀ ਭਾਰਤ ਕੇਸਰੀ ਭੁਪਿੰਦਰ ਅਜਨਾਲਾ ਅਤੇ ਈਰਾਨ ਦੇ ਨਾਮੀ ਭਲਵਾਨ ਜਲਾਲ ਇਰਾਨੀ ਦਰਮਿਆਨ ਹੋਈ। ਇਹ ਕੁਸ਼ਤੀ ਦਰਸ਼ਕਾਂ ਨੇ ਡਾਹਡੀ ਉਤਸਕਤਾ ਨਾਲ ਵੇਖੀ। ਕੁਸ਼ਤੀ ਦੇ ਮੁਕੱਰਰ ਕੀਤੇ ਸਮੇਂ 'ਤੇ ਜਿੱਤ ਹਾਰ ਦਾ ਫੈਸਲਾ ਨਾ ਹੋ ਸਕਣ ਕਾਰਨ ਪੁਆਇੰਟਾਂ ਦੇ ਸਮੇਂ ਦੌਰਾਨ ਭਾਰਤ ਨੇ ਇਰਾਨ 'ਤੇ ਫਤਿਹ ਪਾਈ। ਭੁਪਿੰਦਰ ਅਜਨਾਲਾ ਨੇ ਪੁਆਇੰਟਾਂ ਨਾਲ ਜਲਾਲ ਇਰਾਨੀ ਨੂੰ ਚਿੱਤ ਕੀਤਾ। ਇਸੇ ਦੌਰਾਨ ਹਲਕਾ ਵਿਧਾਇਕ ਸ਼ੇਰੋਵਾਲੀਆਂ ਨੇ ਸੰਬੋਧਨ ਕਰਦਿਆਂ ਛਿੰਝ ਮੇਲੇ ਨੂੰ ਇਤਿਹਾਸਿਕ ਦੱਸਦਿਆਂ ਸਮੁੱਚੇ ਪ੍ਰਬੰਧਕਾਂ ਤੇ ਖਾਸ ਕਰਕੇ ਸੇਵਾ ਸਿੰਘ ਚੱਠਾ, ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ ਤੇ ਨਛੱਤਰ ਸਿੰਘ ਸੱਤੀ ਪਹਿਲਵਾਨ ਨੂੰ ਦਾਦ ਦਿੱਤੀ। ਸ਼ੇਰੋਵਾਲੀਆਂ ਨੇ ਇਸ ਗੱਲ ਲਈ ਵੀ ਪ੍ਰਸ਼ੰਸਾ ਕੀਤੀ ਕਿ ਮਾਘੀ ਦੇ ਪਵਿੱਤਰ ਪਵਿੱਤਰ ਦਿਹਾੜੇ 'ਤੇ ਢੰਡੋਵਾਲ ਨਗਰ ਦੇ ਪਤਵੰਤਿਆਂ ਨੂੰ ਪ੍ਰਬੰਧਕਾਂ ਨੇ ਇੱਕ ਸਾਂਝਾ ਮੰਚ ਪ੍ਰਦਾਨ ਕੀਤਾ ਹੈ। ਵਿਧਾਇਕ ਨੇ ਢੰਡੋਵਾਲ ਦੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨੂੰ ਵੀ ਸਰਾਹਿਆ।ਸ਼ੇਰੋਵਾਲੀਆ ਨੇ ਪਟਕੇ ਦੀ ਕੁਸ਼ਤੀ ਸਟੇਜ ਤੋਂ ਉਤਰ ਕੇ ਮੈਦਾਨ ਵਿੱਚ ਬੈਠ ਕੇ ਗੌਰ ਨਾਲ ਵੇਖੀ। ਪਟਕੇ ਦੀ ਕੁਸ਼ਤੀ ਦੀ ਰੈਫਰੀ ਅੰਤਰਰਾਸ਼ਟਰੀ ਪਹਿਲਵਾਨ ਰਾਜਾ ਮਲਸੀਆਂ ਨੇ ਕੀਤੀ।ਛਿੰਝ ਮੇਲੇ ਵਿੱਚ ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜਾਰ ਸਿੰਘ ਥਿੰਦ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਪ੍ਰਵਾਸੀ ਵੀਰਾਂ ਜਿਨਾਂ ਵਿੱਚ ਕੁਲਵੰਤ ਸਿੰਘ ਲੱਧੜ ਬਲਵਿੰਦਰ ਸਿੰਘ ਚੱਠਾ ਆਦਿ ਸ਼ਾਮਿਲ ਹਨ, ਨੇ ਛਿੰਝ ਮੇਲੇ ਦਾ ਰੀਝ ਨਾਲ ਆਨੰਦ ਮਾਣਿਆ। ਕੁਸ਼ਤੀਆਂ ਦੇ ਰੈਫਰੀਆਂ ਵਜੋਂ ਪਹਿਲਵਾਨ ਮਲਕੀਤ ਕਾਂਜਲੀ ਤੇ ਰਾਜੂ ਮਹਿਤਪੁਰ ਨੇ ਡਿਊਟੀ ਨਿਭਾਈ। ਦਵਿੰਦਰ ਕਿਲੀ ਅਤੇ ਸੋਢੀ ਟਿੱਬਾ ਨੇ ਕਮੈਂਟਰੀ ਦੇ ਖੂਬਸੂਰਤ ਬੋਲਾਂ ਰਾਹੀਂ ਮਾਹੌਲ ਨੂੰ ਉਤਸ਼ਾਹੀ ਬਣਾਈ ਰੱਖਿਆ। ਛਿੰਝ ਮੇਲੇ ਵਿੱਚ ਹੋਰਨਾਂ ਤੋਂ ਇਲਾਵਾ ਨੰਬਰਦਾਰ ਬਲਹਾਰ ਸਿੰਘ ਚੱਠਾ, ਜੋਗਿੰਦਰ ਸਿੰਘ ਖਾਲਸਾ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋਆਪਰੇਟਿਵ ਸੋਸਾਇਟੀ ਢੰਡੋਵਾਲ, ਸੋਨੂੰ ਕੰਗ ਪੀ ਏ, ਮਹੰਤ ਜੋਗਿੰਦਰ, ਮਨਜੀਤ ਸਿੰਘ ਸੱਤਾ ਟਰਾਂਸਪੋਰਟਰ, ਪਵਨ ਅਗਰਵਾਲ, ਰੋਮੀ ਗਿੱਲ (ਦੋਵੇਂ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ), ਰਾਜੇਸ਼ ਗੁਪਤਾ ਸੀਨੀਅਰ ਕਾਂਗਰਸੀ ਆਗੂ, ਬੇਟੀ ਬੱਠਲਾ ਪ੍ਰਧਾਨ ਵਾਤਾਵਰਨ ਸੁਧਾਰ ਸੁਸਾਇਟੀ, ਟਿੰਪੀ ਕੁਮਰਾ ਸੀਨੀਅਰ ਕਾਂਗਰਸੀ ਆਗੂ, ਲਛਮਣ ਸੇਠੀ, ਜਸਪਾਲ ਸਿੰਘ ਚੱਠਾ, ਜਸਵੰਤ ਸਿੰਘ ਜੱਸਾ ਪ੍ਰਧਾਨ, ਅਮਰਜੀਤ ਸਿੰਘ ਸਾਬਕਾ ਸਰਪੰਚ ਕੋਹਾੜ ਕਲਾਂ, ਬਿੱਟੂ ਬੁੱਢਣਵਾਲ, ਲੰਮਾ ਸਾਬਕਾ ਸਰਪੰਚ ਬਿੱਲੀ ਚਾਹਰਮੀ, ਜੋਗਿੰਦਰ ਸਿੰਘ ਨੇਤਾ ਬਿੱਲੀ ਬੜੈਚ, ਕਾਮਰੇਡ ਜੋਗਿੰਦਰ ਸਿੰਘ ਬਿੱਲੀ ਬੜੈਚ, ਰਾਜਾ ਬਿੱਲੀ ਬੜੈਚ, ਸ਼ੀਤਲ ਢਿੱਲੋਂ, ਅਜੀਜ਼ ਮਸੀਹ, ਬੂਟਾ ਸਿੰਘ ਸਾਬਕਾ ਸਰਪੰਚ ਕੋਟਲੀ ਗਾਜਰਾਂ, ਭਾਜਪਾ ਆਗੂ ਦਲਬੀਰ ਸਿੰਘ ਸੱਭਰਵਾਲ, ਖੁਸ਼ਦੀਪ ਸਿੰਘ ਪੰਜੂ, ਜਗਤਾਰ ਸਿੰਘ ਤਾਰੀ ਸਾਬਕਾ ਸਰਪੰਚ ਬਾਜਵਾ ਕਲਾਂ, ਜਿੰਦਰ ਬਾਈ ਬਾਜਵਾ ਕਲਾਂ, ਅਮਰਜੀਤ ਸਿੰਘ ਬਿੱਟੂ ਸਾਬਕਾ ਸਰਪੰਚ ਹਾਜੀਪੁਰ, ਅਮਨਦੀਪ ਸੈਦਪੁਰੀ, ਬਲਦੇਵ ਸਿੰਘ ਸਾਬਕਾ ਸਰਪੰਚ ਸਲੈਚਾ, ਨਿਰਮਲ ਸਿੰਘ ਸਾਬਕਾ ਸਰਪੰਚ ਸਲੈਚਾਂ ਪਰਮਜੀਤ ਮਿੱਡਾ ਨੰਬਰਦਾਰ, ਸੋਨੂੰ ਮਿੱਤਲ, ਹਰਪਾਲ ਮੈਸਨ, ਸੋਨੂੰ ਵਿੱਗ, ਸ਼ਿੰਦਰ ਪਾਲ ਢੰਡੋਵਾਲ, ਰਾਕੇਸ਼ ਢੰਡੋਵਾਲ, ਬਲਦੇਵ ਸਿੰਘ ਬਿੱਲੂ ਪ੍ਰਧਾਨ, ਮਨਿੰਦਰ ਦੌਧਰ ਪ੍ਰਧਾਨ, ਸੰਨੀ, ਵਰਿੰਦਰ, ਸੇਵਕ ਰਾਮ ਪੰਚ, ਕੇਵਲ ਸਿੰਘ ਸਾਬਕਾ ਪੰਚ ਆਦਿ ਮੌਜੂਦ ਸਨ।

## ਔਰਤਾਂ ਲਈ ਮੁਫ਼ਤ ਯਾਤਰਾ ਨਿਰਵਿਘਨ ਜਾਰੀ ਰਹੇਗੀ : ਭੁੱਲਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਆਧੁਨਿਕ, ਨਾਗਰਿਕ ਪੱਖੀ ਪ੍ਰਸ਼ਾਸਨ ਵੱਲ ਆਪਣੇ ਨਿਰਣਾਇਕ ਕਦਮ ਜਾਰੀ ਰੱਖਦਿਆਂ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਰਕਾਰੀ ਬੱਸ ਸੇਵਾਵਾਂ ਵਿੱਚ ਡਿਜੀਟਲ ਇਲੈਕਟ੍ਰਾਨਿਕ ਟਿਕਟਿੰਗ ਮਸ਼ੀਨਾਂ ਦੀ ਖਰੀਦ ਨੂੰ ਮਨਜ਼ੂਰੀ ਦੇ ਕੇ ਜਨਤਕ ਆਵਾਜਾਈ ਦੀ ਨੁਹਾਰ ਨੂੰ ਬਦਲਣ ਲਈ ਦੀ ਦਿਸ਼ਾ ਵਿੱਚ ਇੱਕ ਹੋਰ ਫੈਸਲਾਕੁੰਨ ਕਦਮ ਚੁੱਕਿਆ ਹੈ। ਇਹ ਪਹਿਲਕਦਮੀ ਨਾਗਰਿਕਾਂ ਲਈ ਰੋਜ਼ਾਨਾ ਜਨਤਕ ਸੇਵਾਵਾਂ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਅਤੇ ਸੁਵਿਧਾਜਨਕ ਬਣਾਉਣ ਲਈ ਤਕਨਾਲੋਜੀ ਦੀ ਵਰਤੋਂ ਕਰਨ ਸਬੰਧੀ ਸਰਕਾਰ ਦੀ ਤਰਜੀਹ ਨੂੰ ਦਰਸਾਉਂਦੀ ਹੈ।ਸਰਕਾਰ ਦੀ ਨੀਤੀ ਅਨੁਸਾਰ, ਔਰਤਾਂ ਲਈ ਮੁਫ਼ਤ ਬੱਸ ਯਾਤਰਾ ਨਿਰਵਿਘਨ ਜਾਰੀ ਰਹੇਗੀ। ਮਹਿਲਾ ਯਾਤਰੀਆਂ ਨੂੰ ਮੁਫ਼ਤ ਯਾਤਰਾ ਦਾ ਲਾਭ ਲੈਣ ਲਈ ਸਮਾਰਟ ਕਾਰਡ ਜਾਰੀ ਕੀਤੇ ਜਾਣਗੇ, ਜੋ ਕਿ ਔਰਤਾਂ ਲਈ ਮਾਣ, ਸੁਰੱਖਿਆ ਅਤੇ ਆਉਣ-ਜਾਣ ਵਿੱਚ ਸੌਖ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹਨ।

## ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਨਵ-ਨਿਯੁਕਤ ਮੈਂਬਰ ਨੂੰ ਸਹੁੰ ਚੁਕਾਈ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸਥਾਨਕ ਸਰਕਾਰੀ ਭਵਨ, ਸੈਕਟਰ-35, ਚੰਡੀਗੜ੍ਹ ਵਿਖੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਨਵ-ਨਿਯੁਕਤ ਮੈਂਬਰ ਰਵੀ ਕੁਮਾਰ ਨੂੰ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਈ।ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਮੈਂਬਰ ਰਵੀ ਕੁਮਾਰ ਨੇ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁੱਕਣ ਤੋਂ ਬਾਅਦ ਕਿਹਾ ਕਿ ਉਹ ਆਪਣੀ ਯੋਗਤਾ, ਵਫ਼ਾਦਾਰੀ, ਲਗਨ ਅਤੇ ਸੁਹਿਰਦਤਾ ਨਾਲ ਆਪਣੇ ਕਰਤੱਵਾਂ ਦੀ ਪਾਲਣਾ ਕਰਨਗੇ।

## ਭਾਈਚਾਰਕ ਸਾਂਝ ਦਾ ਪ੍ਰਤੀਕ ਹੈ ਲੋਹੜੀ : ਵਾਲੀਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਾਹਿਬ ਕੌਰ ਕਾਲਜ ਆਫ ਨਰਸਿੰਗ ਮੋਹੀਵਾਲ ਵਿਖੇ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋਂ ਲੋਹੜੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।



ਪ੍ਰਿੰਸੀਪਲ ਕਿਰਨ ਬਤਰਾ ਦੀ ਅਗਵਾਈ ਹੇਠ ਕਰਵਾਏ ਗਏ ਇਸ ਵਿਸ਼ੇਸ਼ ਸਮਾਗਮ ਮੌਕੇ ਸਮੂਹ ਸਟਾਫ ਵੱਲੋਂ ਅਗਨੀ ਭੇਟ ਕਰਕੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਲੋਹੜੀ ਦੇ ਤਿਉਹਾਰ ਦੇ ਇਤਿਹਾਸ ਅਤੇ ਮਹੱਤਤਾ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆ ਮੈਨੇਜਿੰਗ ਡਾਇਰੈਕਟਰ ਜਸਵਿੰਦਰ ਕੌਰ ਵਾਲੀਆ ਨੇ ਕਿਹਾ ਕਿ ਲੋਹੜੀ ਦਾ ਤਿਉਹਾਰ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ ਅਤੇ ਸਾਨੂੰ ਸਭ ਨੂੰ ਬਿਨਾ ਕਿਸੇ ਭੇਦਭਾਵ ਦੇ ਇਸ ਨੂੰ ਮਨਾਉਣਾ ਚਾਹੀਦਾ ਹੈ। ਇਸ ਮੌਕੇ ਤੇ ਕਾਲਜ ਵਲੋਂ ਵਿਦਿਆਰਥਣਾਂ ਲਈ ਮੂੰਗਫ਼ਲੀ, ਗੱਚਕ, ਰਿਉੜੀਆਂ ਅਤੇ ਹੋਰ ਖਾਣ ਪੀਣ ਦੇ ਸਮਾਨ ਦਾ ਪ੍ਰਬੰਧ ਵੀ ਕੀਤਾ ਗਿਆ। ਵਿਦਿਆਰਥਣਾਂ ਵੱਲੋਂ ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਕਿਰਨ ਬਤਰਾ ਨੇ ਸਮੂਹ ਸਟਾਫ ਅਤੇ ਵਿਦਿਆਰਥਣਾਂ ਨੂੰ ਲੋਹੜੀ ਦੀ ਵਧਾਈ ਦਿੰਦਿਆਂ ,ਲੋਹੜੀ ਦੇ ਤਿਉਹਾਰ ਦੀ ਇਤਿਹਾਸਿਕ ਮਹੱਤਤਾ ਬਾਰੇ ਚਾਨਣਾ ਪਾਇਆ।

# ਉਦਯੋਗਾਂ ਨੂੰ ਮਜ਼ਬੂਤ ਕਰਨਾ ਸਰਕਾਰ ਦੀ ਪ੍ਰਮੁੱਖ ਤਰਜੀਹ : ਜਿੰਪਾ

**ਮੇਹਟੀਆਣਾ/ਹੁਸ਼ਿਆਰਪੁਰ (ਜਗਤਾਰ ਸਿੰਘ ਭੁੰਗਰਨੀ, ਓ ਪੀ ਰਾਣਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਫੋਕਲ ਪੁਆਇੰਟ ਹੁਸ਼ਿਆਰਪੁਰ ਵਿਚ ਕਰੀਬ 2 ਕਰੋੜ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦਾ ਰਸਮੀ ਉਦਘਾਟਨ ਕੀਤਾ। ਇਨ੍ਹਾਂ ਵਿਕਾਸ ਕਾਰਜਾਂ ਵਿੱਚ ਕਮਿਊਨਿਟੀ ਹਾਲ ਦੀ ਉਸਾਰੀ, ਆਧੁਨਿਕ ਪਾਰਕ ਦਾ ਵਿਕਾਸ, ਟਾਇਲਟ ਬਲਾਕ, ਚਾਰਦੀਵਾਰੀ ਦੀ ਉਸਾਰੀ ਅਤੇ ਅੰਦਰੂਨੀ ਸੜਕਾਂ ਦੀ ਉਸਾਰੀ ਸ਼ਾਮਿਲ ਹੈ। ਇਹ ਪ੍ਰੋਜੈਕਟ ਫੋਕਲ ਪੁਆਇੰਟ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਗੇ ਤੇ ਉਦਯੋਗਪਤੀਆਂ ਤੇ ਕਾਮਿਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨਗੇ।ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਉਦਯੋਗ ਕਿਸੇ ਵੀ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਫੋਕਲ ਪੁਆਇੰਟ ਵਰਗੇ ਉਦਯੋਗਿਕ ਖੇਤਰਾਂ ਨੂੰ ਪਿਛਲੀਆਂ ਸਰਕਾਰਾਂ ਨੇ ਲੰਬੇ ਸਮੇਂ ਤੋਂ ਅਣਗੌਲਿਆ ਕੀਤਾ, ਜਿਸ ਕਾਰਨ ਇਥੇ ਬੁਨਿਆਦੀ ਸਹੂਲਤਾਂ ਦੀ ਘਾਟ ਸੀ। ਮੌਜੂਦਾ ਸਰਕਾਰ ਨੇ ਇਸ ਸਥਿਤੀ ਨੂੰ ਗੰਭੀਰਤਾ ਨਾਲ ਸਮਝਦੇ ਹੋਏ, ਉਦਯੋਗਿਕ ਖੇਤਰਾਂ ਦੇ ਸਰਵਪੱਖੀ ਵਿਕਾਸ ਨੂੰ ਤਰਜੀਹ ਦਿੱਤੀ ਹੈ।ਵਿਧਾਇਕ ਨੇ ਕਿਹਾ ਕਿ ਫੋਕਲ ਪੁਆਇੰਟ ਵਿੱਚ ਕੀਤੇ ਜਾ ਰਹੇ ਇਨ੍ਹਾਂ ਵਿਕਾਸ ਕਾਰਜਾਂ ਨਾਲ ਨਾ ਸਿਰਫ਼ ਉਦਯੋਗਿਕ ਗਤੀਵਿਧੀਆਂ ਨੂੰ ਹੁਲਾਰਾ ਮਿਲੇਗਾ ਸਗੋਂ ਸਥਾਨਕ ਲੋਕਾਂ ਲਈ ਰੁਜ਼ਗਾਰ ਦੇ



ਨਵੇਂ ਮੌਕੇ ਵੀ ਪੈਦਾ ਹੋਣਗੇ। ਉਨ੍ਹਾਂ ਉਦਯੋਗਪਤੀਆਂ ਨੂੰ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਬਲਵਿੰਦਰ ਬਿੰਦੀ, ਦਿਪਨ ਸੈਣੀ, ਕੁਲਵਿੰਦਰ ਸਿੰਘ ਹੁੰਦਲ ਸਮੇਤ ਕਈ ਉਦਯੋਗਪਤੀ ਅਤੇ ਫੋਕਲ ਪੁਆਇੰਟ ਦੇ ਪਤਵੰਤੇ ਹਾਜ਼ਰ ਸਨ। ਸਾਰਿਆਂ ਨੇ ਵਿਕਾਸ ਕਾਰਜਾਂ ਦੀ ਸ਼ੁਰੂਆਤ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਖੇਤੀਬਾੜੀ ਬਜਟ ਵਿੱਚ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਕਮੀ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਸਮੁਚੀ ਖੇਤੀਬਾੜੀ ਵਿਕਾਸ, ਕਿਸਾਨਾਂ ਦੀ ਆਮਦਨ ਵਧਾਉਣ ਅਤੇ ਖੇਤੀਬਾੜੀ ਅਤੇ ਸਬੰਧਿਤ ਖੇਤਰਾਂ ਨੂੰ ਹੋਰ ਵੱਧ ਮਜਬੂਤ ਬਨਾਉਣ ਦੇ ਉਦੇਸ਼ ਨਾਲ ਵੀਰਵਾਰ ਨੂੰ ਚੌਧਰੀ ਚਰਣ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਹਿਸਾਰ ਵਿੱਚ ਖੇਤੀਬਾੜੀ ਅਤੇ ਸਬੰਧਿਤ ਖੇਤਰਾਂ 'ਤੇ ਪ੍ਰੀ-ਬਜਟ ਕੰਸਲਟੇਂਸ਼ਨ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਦੀ ਅਗਵਾਈ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕੀਤੀ। ਮੀਟਿੰਗ ਵਿੱਚ ਮੁੱਖ ਮੰਤਰੀ ਨੇ ਖੇਤੀਬਾੜ ਮਾਹਰਾਂ, ਪ੍ਰਗਤੀਸ਼ੀਲ ਕਿਸਾਨਾਂ, ਕਿਸਾਨ ਉਤਪਾਦਕ ਸੰਗਠਨਾਂ (ਐਫਪੀਓ), ਪਸ਼ੂਪਾਲਣ, ਬਾਗਬਾਨੀ, ਮੱਛੀ ਪਾਲਣ ਅਤੇ ਗ੍ਰਾਮੀਣ ਅਰਥਵਿਵਸਥਾ ਨਾਲਜੁੜੇ ਹਿੱਤਧਾਰਕਾਂ ਨਾਲ ਅਗਾਮੀ ਬਜਟ 2026-27 ਦੇ ਲਈ ਸੁਝਾਅ ਲਏ।ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੀ ਸਮਸਿਆਵਾਂ ਅਤੇ ਜਰੂਰਤਾਂ ਨੂੰ ਕੇਂਦਰ ਵਿੱਚ ਰੱਖ ਕੇ ਪ੍ਰਭਾਵੀ ਨੀਤੀਆਂ ਤਿਆਰ ਕਰ ਰਹੀ ਹੈ ਅਤੇ ਖੇਤੀਬਾੜੀ ਖੇਤਰ ਨੂੰ ਬਜਟ ਵਿੱਚ ਸਰਵੋਚ ਪ੍ਰਾਥਮਿਕਤਾ ਦਿੱਤੀ ਜਾਵੇਗੀ।

## ਸ੍ਰੀ ਹਨੂਮਤ ਆਈ ਐੱਮ ਟੀ ਵਿਖੇ ਕਨਵੋਕੇਸ਼ਨ ਸੈਰੇਮਨੀ 6 ਫਰਵਰੀ ਨੂੰ

ਗੁਰਾਇਆ (ਬਿੰਦਰ ਸੁਮਨ) ਸ੍ਰੀ ਹਨੁਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਸ਼ਿਮਟ) ਦਾ ਸ਼ਾਨਦਾਰ ਕਨਵੋਕੇਸ਼ਨ ਸਮਾਗਮ 6 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਅਦਾਰੇ ਦੇ ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਪੀ ਟੀ ਯੂ) ਦੇ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਸੁਸ਼ੀਲ ਮਿੱਤਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਜਦਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਡਾ. ਪ੍ਰਸ਼ਾਂਤ ਗੌਤਮ ਪ੍ਰੋਫੈਸਰ ਅਤੇ ਸੈਨੇਟ ਮੈਂਬਰ, ਸੈਰ-ਸਪਾਟਾ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਚੇਅਰਮੈਨ/ਮੁਖੀ ਡਾ. ਵਿਕਰਮ ਸੰਧੂ ਪ੍ਰੋਫੈਸਰ ਅਤੇ ਯੂਨੀਵਰਸਿਟੀ ਬਿਜ਼ਨਸ ਸਕੂਲ (ਯੂ.ਬੀ.ਐਸ.), ਦੇ ਨਾਲ ਡਾ. ਦਵਿੰਦਰ ਕੁਮਾਰ ਸ਼ਰਮਾ, ਪ੍ਰੋਫੈਸਰ ਐਮਰੀਟਸ ਗੈਸਟ ਆਫ ਆਨਰਜ਼ ਵਜੋਂ ਮੌਜੂਦ ਰਹਿਣਗੇ।ਸ਼੍ਰੀ ਹਨੁਮਤ ਐਜੂਕੇਸ਼ਨਲ ਸੁਸਾਇਟੀ ਦੁਆਰਾ ਸੰਚਾਲਿਤ ਸ਼੍ਰੀ ਹਨੁਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਕੋਲ 15 ਸਾਲਾਂ ਤੋਂ ਵੱਧ ਦਾ ਵਿਦਿਅਕ ਤਜਰਬਾ ਹੈ। ਇਹ ਵਿਦਿਅਕ ਅਦਾਰਾ ਇੱਕ ਵੱਕਾਰੀ ਸੰਸਥਾ ਹੈ ਜੋ ਅਕਾਦਮਿਕ ਉੱਤਮਤਾ, ਸੰਪੂਰਨ ਵਿਕਾਸ ਅਤੇ ਕਰੀਅਰ ਦੀ ਤਿਆਰੀ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਮਿਆਰੀ ਸਿੱਖਿਆ ਅਤੇ ਵਿਹਾਰਕ ਗਿਆਨ ਦੁਆਰਾ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਦੇ ਦ੍ਰਿਸ਼ਟੀਕੋਣ ਨਾਲ ਸਥਾਪਿਤ, ਇਹ ਸੰਸਥਾ ਪ੍ਰਬੰਧਨ, ਵਣਜ ਅਤੇ ਕੰਪਿਊਟਰ ਐਪਲੀਕੇਸ਼ਨਾਂ ਸਮੇਤ ਵੱਖ-ਵੱਖ ਉੱਭਰ ਰਹੇ ਵਿਸ਼ਿਆਂ ਵਿੱਚ ਗ੍ਰੈਜੂਏਸ਼ਨ ਪੱਧਰ ਦੇ ਕੋਰਸ ਪੇਸ਼ ਕਰਦੀ ਹੈ। ਸੰਸਥਾ ਦਾ ਪਾਠਕ੍ਰਮ ਵਿਦਿਆਰਥੀਆਂ ਨੂੰ ਸਿਧਾਂਤਕ ਗਿਆਨ ਅਤੇ ਅਸਲ ਜੀਵਨ ਵਿੱਚ ਇਸ ਦੇ ਵਿਹਾਰਕ ਉਪਯੋਗ ਦੀ ਪੂਰੀ ਸਮਝ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਸੰਸਥਾ ਵਿੱਚ ਵਿਦਿਆਰਥੀ ਵਿਕਾਸ ਲਈ ਨਵੀਨਤਾ, ਨੈਤਿਕਤਾ ਅਤੇ ਅਨੁਸ਼ਾਸਨ ਨੂੰ ਬੁਨਿਆਦੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ, ਇੱਕ ਜੀਵੰਤ ਕੈਂਪਸ ਜੀਵਨ, ਸਹਿ-ਪਾਠਕ੍ਰਮ ਗਤੀਵਿਧੀਆਂ, ਅਤੇ ਭਾਈਚਾਰਕ ਸ਼ਮੂਲੀਅਤ ਪ੍ਰੋਗਰਾਮ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਨੂੰ ਯਕੀਨੀ ਬਣਾਉਂਦੇ ਹਨ।

## ਮਾਘੀ ਦੀ ਸੰਗਰਾਂਦ ਦਾ ਸਮਾਗਮ



ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)-ਡੇਰਾ ਬਾਬਾ ਕੱਲਰਾਂ ਸ਼ੇਰਪੁਰ ਢੱਕੋ ਵਿਖੇ ਮਾਘੀ ਦੀ ਸੰਗਰਾਦ ਦਾ ਸਮਾਗਮ ਕਰਵਾਇਆ ਗਿਆ। ਧੰਨ ਧੰਨ ਗੱਦੀ ਨਸ਼ੀਨ 108 ਸੰਤ ਰਮੇਸ਼ ਦਾਸ ਜੀ ਮਹਾਰਾਜ ਜੀ ਦੀ ਰਹਿਨੁਮਾਈ ਹੇਠ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਸ਼ਬਦ ਕੀਰਤਨ ਕੀਤਾ ਗਿਆ। ਗੁਰੂ ਕੇ ਅਟੁੱਟ ਲੰਗਰ ਵਰਤਾਏ ਗਏ। ਇਸ ਦੌਰਾਨ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਤੋਂ ਡਾਕਟਰ ਜਸਵੰਤ ਸਿੰਘ ਥਿੰਦ ਤੇ ਡਾਕਟਰ ਪ੍ਰਭ ਹੀਰ ਵੱਲੋ ਫਰੀ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਫਰੀ ਸ਼ੂਗਰ ਟੈਸਟਿੰਗ ਕੀਤੀ ਗਈ ਤੇ ਫਰੀ ਵਿੱਚ ਸਾਰੀਆਂ ਦਵਾਈਆਂ ਦਿੱਤੀਆਂ ਗਈਆਂ। ਡਾਕਟਰੀ ਟੀਮ ਵਿੱਚ ਹਰਜਿੰਦਰ ਕੁਮਾਰੀ, ਨਵਜੋਤ ਕੌਰ, ਪਾਲੀ ਕਿਸ਼ਨ ਚੰਦ, ਭੁਪਿੰਦਰ ਕੁਮਾਰ ਸ਼ਾਮਲ ਸਨ।

# ਰਿਆਤ ਬਾਹਰਾ ਪ੍ਰੋਫੈਸ਼ਨਲ 'ਵਰਸਿਟੀ ਵਿਖੇ ਲੋਹੜੀ ਮਨਾਈ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਲੋਹੜੀ ਦਾ ਤਿਉਹਾਰ ਬਹੁਤ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਯੂਨੀਵਰਸਿਟੀ ਦੇ ਓਪਨ-ਏਅਰ ਥੀਏਟਰ ਵਿੱਚ ਆਯੋਜਿਤ ਇਸ ਪ੍ਰੋਗਰਾਮ ਵਿੱਚ ਪੰਜਾਬੀ ਸੱਭਿਆਚਾਰ ਅਤੇ ਪਰੰਪਰਾਵਾਂ ਦੀ ਇੱਕ ਸੁੰਦਰ ਝਲਕ ਦਿਖਾਈ ਗਈ। ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਸਟਾਫ ਨੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਚੰਦਰ ਮੋਹਨ ਦੁਆਰਾ ਲੋਹੜੀ ਦੀ ਅੱਗ ਬਾਲ ਕੇ ਕੀਤੀ ਗਈ। ਇਸ ਪ੍ਰੋਗਰਾਮ ਦੌਰਾਨ ਕਈ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਡਾ. ਚੰਦਰ ਮੋਹਨ ਨੇ ਸਾਰੇ ਵਿਦਿਆਰਥੀਆਂ ਅਤੇ ਸਟਾਫ ਨੂੰ ਲੋਹੜੀ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਅਧਿਕਾਰ ਅਤੇ ਮੌਕੇ ਮਿਲਣੇ ਚਾਹੀਦੇ ਹਨ। ਸਹੀ ਮੌਕੇ ਮਿਲਣ 'ਤੇ, ਉਹ ਸਮਾਜ ਅਤੇ ਦੇਸ਼ ਦਾ ਭਲਾ ਕਰ ਸਕਦੀਆਂ ਹਨ। ਪ੍ਰੋਗਰਾਮ ਦੇ ਅੰਤ ਵਿੱਚ, ਮੂੰਗਫਲੀ, ਰੇਵੜੀਆਂ ਅਤੇ ਗਜਕ ਵਰਗੀਆਂ ਰਵਾਇਤੀ ਲੋਹੜੀ ਦੀਆਂ ਵਸਤਾਂ ਵੰਡੀਆਂ ਗਈਆਂ। ਸਾਰੇ ਕਾਲਜਾਂ ਦੇ ਡੀਨ ਅਤੇ ਫੈਕਲਟੀ ਮੈਂਬਰ ਮੌਜੂਦ ਸਨ।

# ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦੁੱਖ ਵੰਡਾਉਂਦੀਆਂ ਨੇ : ਸੋਹਾਣਾ

**ਮੁਹਾਲੀ (ਗੁਰਜੀਤ ਬਿੱਲਾ)**

ਲੋਹੜੀ ਦੇ ਸੰਬੰਧ ਵਿੱਚ ਅਨੇਕਾਂ ਸੰਸਥਾਵਾਂ ਲੜਕੀਆਂ ਦੇ ਹੱਕ ਵਿੱਚ ਹੋਕਾ ਦੇਣ ਲਈ ਵੱਖ ਵੱਖ ਪ੍ਰੋਗਰਾਮ ਕਰਵਾਕੇ ਧੀਆਂ ਬਚਾਉਣ ਲਈ ਹੰਭਲਾ ਮਾਰ ਰਹੀਆਂ ਹਨ, ਇਨ੍ਹਾਂ ਪ੍ਰੋਗਰਾਮਾਂ ਦੀ ਲੜੀ ਵਿੱਚ ਸ਼੍ਰੋਮਣੀ



ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਅਤੇ ਨੰਬਰਦਾਰ ਹਰਵਿੰਦਰ ਸਿੰਘ ਸੋਹਾਣਾ ਵੱਲੋਂ ਦੂਸਰੀ ਧੀਆਂ ਦੀ ਲੋਹੜੀ ਮਨਾਉਣ ਸੰਬੰਧੀ ਇੱਕ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਸੈਕਟਰ 78 ਵਿਖੇ ਕੀਤਾ ਗਿਆ ਜਿਸ ਦੌਰਾਨ 21 ਨਵਜੰਮੀਆਂ ਧੀਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ ਪੁਆਧ ਨਾਲ ਸੰਬੰਧਿਤ ਫਿਲਮ ਕਲਾਕਾਰ ਮੋਹਣੀ ਤੂਰ ਹਾਜ਼ਰ ਹੋਏ। ਹਰਵਿੰਦਰ ਸਿੰਘ ਨੰਬਰਦਾਰ ਨੇ ਵੱਡੀ ਗਿਣਤੀ ਵਿੱਚ ਜੁੜੀਆਂ ਮਹਿਲਾਵਾਂ ਨੂੰ ਸੱਦਾ ਦਿੱਤਾ ਕਿ ਉਹ ਧੀਆਂ ਨੂੰ ਬਰਾਬਰ ਦੇ ਅਧਿਕਾਰ ਦਿਵਾਉਣ ਲਈ ਉਨ੍ਹਾਂ ਦੀ ਵਕਾਲਤ ਕਰਨ ਉਨ੍ਹਾਂ ਧੀਆਂ ਦੇ ਹੱਕ ਵਿੱਚ ਉਲੀਕੇ ਇਸ ਪ੍ਰੋਗਰਾਮ ਲਈ ਜਥੇਦਾਰ ਸੋਹਾਣਾ ਦਾ ਧੰਨਵਾਦ ਕਰਦਿਆਂ ਵਧਾਈ ਦਿੱਤੀ। ਮੋਹਣੀ ਤੂਰ ਨੇ ਢੋਲ ਦੀ ਥਾਪ ਤੇ ਬੋਲੀਆਂ ਪਾਕੇ ਕੁੜੀਆਂ ਚਿੜੀਆਂ ਨੂੰ ਖੂਬ ਨਚਾਇਆ ਅਤੇ ਇਸ ਲੜੀ ਨੂੰ ਨਿਰੰਤਰ ਜਾਰੀ ਰੱਖਣ ਲਈ ਅਕਾਲੀ ਆਗੂ ਸੋਹਾਣਾ ਨੂੰ ਹਦਾਇਤ ਕੀਤੀ।ਸ਼ਮਸ਼ੇਰ ਸਿੰਘ ਪਰਖਾਲਵੀ ਕੌਂਸਲਰ ਹਰਜਿੰਦਰ ਕੌਰ ਸੋਹਾਣਾ, ਸਤਬੀਰ ਕੋਰ ਸੋਹਾਣਾ ਮਨਜੀਤ ਕੋਰ ਸਾਬਕਾ ਸਰਪੰਚ, ਨੰਬਰਦਾਰ ਹਰਿੰਦਰ ਸਿੰਘ ਸੁੱਖਗੜ੍ਹ, ਸੁਖਵਿੰਦਰ ਸਿੰਘ ਸ਼ਿੰਦੀ, ਕਰਮਜੀਤ ਸਿੰਘ ਨੰਬਰਦਾਰ ਹਰਪ੍ਰੀਤ ਸਿੰਘ ਸੋਹਾਣਾ ਜਸਪਾਲ ਸਿੰਘ ਸੁਭਾਸ਼ ਸਾਰਨਾ ,ਰੋਹਿਤ ਸ਼ਰਮਾ ਅਤੇ ਬਲਜੀਤ ਸਿੰਘ ਦੈੜੀ ਹਾਜ਼ਰ ਸਨ। ਪ੍ਰੋਗਰਾਮ ਦੌਰਾਨ ਜਿੱਥੇ ਚਾਹ ਪਕੌੜਿਆਂ ਦਾ ਲੰਗਰ ਖੂਬ ਚੱਲਿਆ, ਉੱਥੇ ਬੱਚਿਆਂ ਦੀਆਂ ਖੇਡਾਂ ਆਕਰਸ਼ਿਤ ਦਾ ਕੇਂਦਰ ਰਹੀਆਂ।

## ਅਧਿਆਪਕ ਅਜੀਤ ਸਿੰਘ ਮਿੰਟੂ ਦੀਆਂ 7 ਪੁਸਤਕਾਂ ਸਰਕਾਰੀ ਸਕੂਲ ਲਾਇਬ੍ਰੇਰੀਆਂ ਲਈ ਮਨਜ਼ੂਰ

**ਬਲਾਚੌਰ (ਜਸਵਿੰਦਰ ਬੈਂਸ)**-ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਉੱਘੇ ਸਾਹਿਤਕਾਰ ਤੇ ਰਾਜ ਪੁਰਸਕਾਰ



ਵਿਜੇਤਾ ਅਧਿਆਪਕ ਅਜੀਤ ਸਿੰਘ ਮਿੰਟੂ ਸੈਂਟਰ ਹੈੱਡ ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹਲੋ ਬੇਟ ਨੇ ਇੱਕ ਹੋਰ ਪ੍ਰਾਪਤੀ ਆਪਣੇ ਨਾਂਅ ਕੀਤੀ ਹੈ। ਸਿੱਖਿਆ ਵਿਭਾਗ ਵੱਲੋਂ ਉਹਨਾਂ ਦੀਆਂ ਸੱਤ ਪੁਸਤਕਾਂ ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਮਨਜ਼ੂਰ ਕਰ ਲਿਆ ਗਿਆ ਹੈ। ?ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਗੁਰਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜੀਤ ਸਿੰਘ 'ਵਿਗਿਆਨ ਮੇਲਾ', 'ਸੂਰਜੀ ਪਰਿਵਾਰ', 'ਗੁੱਝੀ ਆਸ', 'ਰੱਬ ਦੀ ਚਪੇੜ', 'ਚੰਦ ਮਾਮਾ', 'ਸਿੱਖਣ ਦੀ ਚਾਹਤ' ਤੇ 'ਮੇਰਾ ਸਮਾਰਟ ਸਕੂਲ' ਹੁਣ ਸਕੂਲੀ ਲਾਇਬ੍ਰੇਰੀਆਂ ਰਾਹੀਂ ਬੱਚਿਆਂ ਤੱਕ ਪਹੁੰਚਣਗੀਆਂ। ਇਹਨਾਂ ਪੁਸਤਕਾਂ ਦੀ ਖਰੀਦ ਲਾਇਬ੍ਰੇਰੀ ਗ੍ਰਾਂਟ ਰਾਹੀਂ ਕੀਤੀ ਜਾ ਸਕੇਗੀ, ਜਿਸ ਨਾਲ ਵਿਦਿਆਰਥੀਆਂ ਨੂੰ ਮਿਆਰੀ ਸਾਹਿਤ ਪੜ੍ਹਨ ਨੂੰ ਮਿਲੇਗਾ।

## ਚੌਧਰੀ ਗਿਆਨ ਸਿੰਘ ਵੈੱਲ.ਫੇਅਰ ਐਸੋਸੀਏਸ਼ਨ ਵੱਲੋਂ ਲੋੜਵੰਦ ਪਰਵਾਰ ਦੀ ਮਦਦ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਚੌਧਰੀ ਗਿਆਨ ਸਿੰਘ ਵੈਲਫ਼ੇਅਰ ਐਸੋਸ਼ੀਏਸ਼ਨ ਸੰਸਥਾ ਵਲੋਂ ਸ਼ਗਨ ਲੜੀ ਤਹਿਤ ਕੰਢੀ ਖੇਤਰ ਦੇ ਪਿੰਡ ਫਤਿਹਪੁਰ 'ਚ ਲੋੜਵੰਦ ਪਰਿਵਾਰ ਦੀ ਬੇਟੀ ਦੇ ਵਿਆਹ ਲਈ 5100 ਰੁਪਏ ਸ਼ਗਨ ਰਾਸ਼ੀ ਭੇਟ ਕੀਤੀ। ਸੰਸਥਾ ਦੇ ਸੂਬਾ ਪ੍ਰਧਾਨ ਪ੍ਰਿੰਸ ਪਲਿਆਲ ਨੇ ਕਿਹਾ ਕਿ ਨਿਸਵਾਰਥ ਭਾਵਨਾ ਤੇ ਜਾਤ ਪਾਤ ਤੋਂ ਉੱਪਰ ਉੱਠ ਕੇ ਸਵ. ਰਾਏ ਸਾਹਿਬ ਚੌਧਰੀ ਗਿਆਨ ਸਿੰਘ ਦੁਆਰਾ ਸਮੁੱਚੇ ਸਮਾਜ ਪ੍ਰਤੀ ਕੀਤੇ ਸ਼ਲਾਘਾਯੋਗ ਕੰਮਾਂ ਤੇ ਅਮਲ ਕਰ ਉਨ੍ਹਾਂ ਦੇ ਪੂਰਨਿਆਂ ਤੇ ਚੱਲਣ ਦੀ ਲੋੜ ਹੈ। ਸਵ. ਰਾਏ ਸਾਹਿਬ ਨੇ ਸਮੁੱਚੇ ਸਮਾਜ ਨੂੰ ਸਿਖਿਅਤ ਕਰਨ ਲਈ ਇਲਾਕੇ 'ਚ ਸਕੂਲ ਖੋਲ੍ਹੇ ਤੇ ਅਗਿਆਨਤਾ ਦੇ ਹਨ੍ਹੇਰੇ ਨੂੰ ਸਮਾਜ ਵਿੱਚੋਂ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਫੈਲਾਉਣ 'ਚ ਅਣਥੱਕ ਮਿਹਨਤ ਤੇ ਸਿਦਕ ਨਾਲ ਕੰਮ ਕਰਦੇ ਹੋਏ ਜ਼ਿੰਦਗੀ ਦੇ ਬੇਸ਼ਕੀਮਤੀ ਪਲਾਂ ਨੂੰ ਸਮਾਜ ਦੇ ਲੇਖੇ ਲਾਇਆ। ਪ੍ਰਿੰਸ ਪਲਿਆਲ ਨੇ ਕਿਹਾ ਆਉਣ ਵਾਲੇ ਸਮੇਂ 'ਚ ਸੰਸਥਾ ਨੌਜਵਾਨਾਂ ਨੂੰ ਖੇਡਾਂ ਕਿੱਟਾਂ, ਖੂਨ ਦਾਨ ਕੈਂਪ, ਜ਼ਰੂਰਤਮੰਦ ਵਿਦਿਆਰਥੀਆਂ ਲਈ ਸਟੇਸ਼ਨਰੀ ਤੋਂ ਇਲਾਵਾ ਸਮੂਹਿਕ ਆਨੰਦ ਕਾਰਜ ਕੀਤੇ ਜਾਣਗੇ। ਇਸ ਮੌਕੇ ਪ੍ਰੈਸ ਸੂਬਾ ਸਕੱਤਰ ਸ਼ਾਦੀ ਲਾਲ , ਸਰਪੰਚ ਵਿਸ਼ਾਲ ਕੁਮਾਰ ਫਤਿਹਪੁਰ, ਸੰਦੀਪ ਸਿੰਘ, ਵਿਜੈ ਕੁਮਾਰ, ਮਨੀ ਆਦਿ ਹਾਜ਼ਰ ਸਨ।

# ਕੰਵਰ ਹਸਪਤਾਲ ਵਿਖੇ ਨੇਤਰਦਾਨ ਜਾਗਰੂਕਤਾ ਸੈਮੀਨਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰੋਟਰੀ ਆਈ ਬੈਂਕ ਅਤੇ ਕਾਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਪ੍ਰਧਾਨ ਜੇ. ਬੀ. ਬਹਿਲ ਦੀ ਅਗਵਾਈ ਹੇਠ ਕੰਵਰ ਹਸਪਤਾਲ, ਫਤਿਹਗੜ੍ਹ ਰੋਡ ਵਿਖੇ ਨੇਤਰਦਾਨ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਅੱਖਾਂ ਦੀ ਮਾਹਿਰ ਡਾਕਟਰ ਮਨਪ੍ਰੀਤ ਕੌਰ (ਐੱਸ ਐੱਮ ਓ),



ਡਾ. ਜਸਬੀਰ ਕੰਵਰ (ਗਾਇਨਕੋਲੋਜਿਸਟ), ਡਾ. ਵਿਜੇਂਦਰ ਕੰਵਰ (ਯੂਰੋਲੋਜਿਸਟ), ਡਾ. ਦੀਪਾ ਕੰਵਰ (ਗਾਇਨਕੋਲੋਜਿਸਟ) ਤੇ ਰੋਟਰੀ ਆਈ ਬੈਂਕ ਦੇ ਚੇਅਰਮੈਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਸੋਸਾਇਟੀ ਵੱਲੋਂ ਵਿਸ਼ੇਸ਼ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਗਿਆ।ਇਸ ਮੌਕੇ ਡਾ. ਮਨਪ੍ਰੀਤ ਕੌਰ ਨੇ ਅੱਖਾਂ ਦੀ ਸੰਭਾਲ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਖਾਂ ਦੀ ਸਮੇਂ-ਸਮੇਂ 'ਤੇ ਜਾਂਚ ਕਰਵਾਉਣੀ ਬਹੁਤ ਜ਼ਰੂਰੀ ਹੈ, ਤਾਂ ਜੋ ਕਿਸੇ ਵੀ ਬਿਮਾਰੀ ਦਾ ਸਮੇਂ ਸਿਰ ਇਲਾਜ ਸੰਭਵ ਹੋ ਸਕੇ। ਇਸ ਮੌਕੇ ਪ੍ਰਧਾਨ ਜੇ. ਬੀ. ਬਹਿਲ ਅਤੇ ਚੇਅਰਮੈਨ ਸੰਜੀਵ ਅਰੋੜਾ ਨੇ ਕਿਹਾ ਕਿ ਡਾ. ਵਿਜੇਂਦਰ ਕੰਵਰ ਦੀ ਦਿਲੀ ਇੱਛਾ ਸੀ ਕਿ ਉਨ੍ਹਾਂ ਦੇ ਹਸਪਤਾਲ ਵਿੱਚ ਨੇਤਰਦਾਨ ਅਤੇ ਅੰਗਦਾਨ ਸੰਬੰਧੀ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ।ਇਸ ਉਦੇਸ਼ ਨਾਲ ਉਹ ਖੁਦ ਵੀ ਸੋਸਾਇਟੀ ਨਾਲ ਜੁੜ ਕੇ ਸੇਵਾ ਕਾਰਜ ਕਰਨਾ ਚਾਹੁੰਦੇ ਹਨ।ਸੰਜੀਵ ਅਰੋੜਾ ਨੇ ਮੌਜੂਦ ਲੋਕਾਂ ਨੂੰ ਨੇਤਰਦਾਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਸਾਇਟੀ ਵੱਲੋਂ ਹੁਣ ਤੱਕ 4148 ਕਾਰਨੀਆ ਅੰਨ੍ਹੇਪਣ ਨਾਲ ਪੀੜਤ ਲੋਕਾਂ ਨੂੰ ਨਵੀਂ ਅੱਖ ਲਗਵਾ ਕੇ ਰੌਸ਼ਨੀ ਦਿੱਤੀ ਜਾ ਚੁੱਕੀ ਹੈ ਅਤੇ ਇਹ ਸਾਰਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ।ਉਨ੍ਹਾਂ ਨੇ ਦੱਸਿਆ ਕਿ ਜੇ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ 6 ਤੋਂ 8 ਘੰਟਿਆਂ ਦੇ ਅੰਦਰ ਉਸ ਦੀਆਂ ਅੱਖਾਂ ਦਾਨ ਕੀਤੀਆਂ ਜਾ ਸਕਦੀਆਂ ਹਨ ਅਤੇ ਇਕ ਵਿਅਕਤੀ ਦੀਆਂ ਅੱਖਾਂ ਨਾਲ ਦੋ ਹਨ੍ਹੇਰੀ ਜ਼ਿੰਦਗੀ ਜੀ ਰਹੇ ਲੋਕਾਂ ਦੀ ਜ਼ਿੰਦਗੀ ਰੌਸ਼ਨ ਹੋ ਸਕਦੀ ਹੈ। ਅੱਖਾਂ ਦਾਨ ਕਰਨ ਦੀ ਪ੍ਰਕਿਰਿਆ ਡਾਕਟਰਾਂ ਵੱਲੋਂ ਸਿਰਫ਼ 15 ਤੋਂ 20 ਮਿੰਟਾਂ ਵਿੱਚ ਪੂਰੀ ਕਰ ਲਈ ਜਾਂਦੀ ਹੈ। ਇਸ ਲਈ ਮ੍ਰਿਤਕ ਦੇ ਸਰੀਰ ਨੂੰ ਕਿਤੇ ਲਿਜਾਣ ਦੀ ਲੋੜ ਨਹੀਂ ਹੁੰਦੀ, ਸੋਸਾਇਟੀ ਦੇ ਮੈਂਬਰ ਡਾਕਟਰਾਂ ਦੀ ਟੀਮ ਨਾਲ ਮੌਤ ਵਾਲੀ ਥਾਂ 'ਤੇ ਹੀ ਪਹੁੰਚ ਜਾਂਦੇ ਹਨ।

## ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਵਿਖੇ ਧੀਆਂ ਦੀ ਲੋਹੜੀ ਮਨਾਈ



**ਬਲਾਚੌਰ (ਜਸਵਿੰਦਰ ਬੈਂਸ)**

ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਲੋਹੜੀ ਦਾ ਤਿਉਹਾਰ ਪੂਰੇ ਉਤਸ਼ਾਹ ਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਸਤਿੰਦਰਜੀਤ ਕੌਰ ਨੇ 20 ਨਵ-ਜਨਮੀਆਂ ਬੱਚੀਆਂ ਨੂੰ ਤੋਹਫੇ ਦੇ ਕੇ ਸਨਮਾਨਤ ਵੀ ਕੀਤਾ। ਉਨ੍ਹਾਂ ਧੀਆਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਧੀਆਂ ਦੇ ਚੰਗੇ ਭਵਿੱਖ ਲਈ ਕਾਮਨਾ ਵੀ ਕੀਤੀ। ਲੋਹੜੀ ਦੇ ਤਿਉਹਾਰ ਦੀ ਮਹੱਤਤਾ ਉੱਤੇ ਰੌਸ਼ਨੀ ਪਾਉਂਦਿਆਂ ਉਨ੍ਹਾਂ ਕਿਹਾ ਕਿ ਲੋਹੜੀ ਸਿਰਫ਼ ਤਿਉਹਾਰ ਹੀ ਨਹੀਂ, ਸਗੋਂ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਜਾਗਰੂਕਤਾ ਫੈਲਾਉਣ ਦਾ ਮਾਧਿਅਮ ਵੀ ਹੈ।ਡਾ. ਸਤਿੰਦਰਜੀਤ ਕੌਰ ਨੇ ਕਿਹਾ ਕਿ ਧੀਆਂ ਦੀ ਲੋਹੜੀ ਮਨਾਉਣ ਦਾ ਮਕਸਦ ਸਮਾਜ ਵਿੱਚ ਬੇਟੀ ਪੜ੍ਹਾਓ, ਬੇਟੀ ਬਚਾਓ ਦੇ ਸੰਦੇਸ਼ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਅੱਜ ਦੀਆਂ ਧੀਆਂ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਸਾਬਤ ਕਰ ਰਹੀਆਂ ਹਨ ਅਤੇ ਸਮਾਜ ਦੀ ਤਰੱਕੀ ਵਿੱਚ ਬਰਾਬਰ ਦੀ ਭੂਮਿਕਾ ਨਿਭਾ ਰਹੀਆਂ ਹਨ।ਉਨ੍ਹਾਂ ਅਪੀਲ ਕੀਤੀ ਕਿ ਕੰਨਿਆ ਭਰੂਣ ਹੱਤਿਆ ਵਰਗੀਆਂ ਸਮਾਜਿਕ ਕੁਰੀਤੀਆਂ ਨੂੰ ਖਤਮ ਕਰਨ ਲਈ ਸਮਾਜ ਦੇ ਹਰ ਵਰਗ ਨੂੰ ਅੱਗੇ ਆਉਣਾ ਚਾਹੀਦਾ ਹੈ। ਜੇ ਕਿਸੇ ਨੂੰ ਲਿੰਗ ਨਿਰਧਾਰਨ ਟੈਸਟ ਸੰਬੰਧੀ ਕੋਈ ਵੀ ਜਾਣਕਾਰੀ ਮਿਲੇ ਤਾਂ ਤੁਰੰਤ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।ਇਸ ਮੌਕੇ ਡਾ. ਜਤਿੰਦਰਪਾਲ ਸਿੰਘ, ਡਾ. ਪ੍ਰਿਅੰਕਾ, ਡਾ. ਮਨਦੀਪ ਕੌਰ, ਡਾ. ਨਵਦੀਪ ਤੇ ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ ਸਮੇਤ ਹੋਰ ਵੀ ਹਾਜ਼ਰ ਸਨ।

## ਬਲੱਡ ਬੈਂਕ ਨੇ ਲੋਹੜੀ ਮੌਕੇ ਕੀਤੀ ਗਰਮ ਕੰਬਲਾਂ ਦੀ ਵੰਡ

**ਫਗਵਾੜਾ (ਡਾ. ਰਮਨ)**

ਸਥਾਨਕ ਗੁਰੂ ਹਰਗੋਬਿੰਦ ਨਗਰ ਸਥਿਤ ਬਲੱਡ ਬੈਂਕ ਵਿਖੇ ਹਰ ਸਾਲ ਦੀ ਤਰ੍ਹਾਂ ਲੋਹੜੀ ਮੌਕੇ ਵਿਸ਼ੇਸ਼ ਸਮਾਗਮ ਦਾ ਆਯੋਜਨ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਕੀਤਾ ਗਿਆ। ਇਸ ਦੌਰਾਨ ਐੱਨ ਆਰ ਆਈ ਹਰਬੰਸ ਕੌਰ ਘਟੌੜਾ ਯੂ ਕੇ ਤੇ ਪਰਿਵਾਰ ਦੇ ਸਹਿਯੋਗ ਸਦਕਾ 51 ਲੋੜਵੰਦ ਔਰਤਾਂ ਨੂੰ ਗਰਮ ਕੰਬਲਾਂ ਦੀ ਵੰਡ ਕੀਤੀ ਗਈ।



ਸਮਾਗਮ ਦੇ ਮੁੱਖ ਮਹਿਮਾਨ ਸਮਾਜ ਸੇਵਕ ਮਹਿੰਦਰ ਸਿੰਘ ਭੱਟੀ (ਏ ਸੀ ਸੀ ਗੈਸਟ ਹਾਉਸ) ਸਨ। ਉਹਨਾਂ ਨੇ ਸਮੂਹ ਹਾਜ਼ਰੀਨ ਨੂੰ ਲੋਹੜੀ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਬਲੱਡ ਬੈਂਕ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਹੱਡ ਕੰਬਾਉ ਠੰਡ ਵਿੱਚ ਇਹ ਉਪਰਾਲਾ ਗਰੀਬ ਲੋਕਾਂ ਲਈ ਬਹੁਤ ਲਾਹੇਵੰਦ ਹੈ। ਕੰਬਲ ਵੰਡਣ ਵਿੱਚ ਉਹਨਾਂ ਦਾ ਸਾਥ ਸਮਾਜ ਸੇਵਕ ਤਾਰਾ ਚੰਦ ਚੁੰਬਰ ਨੇ ਦਿੱਤਾ ਅਤੇ ਨਾਲ ਹੀ ਲੋਹੜੀ ਦੇ ਮਹੱਤਵ ਨਾਲ ਵੀ ਹਾਜਰੀਨ ਨੂੰ ਜਾਣੂ ਕਰਵਾਇਆ। ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਲੋਹੜੀ ਦੇ ਨਾਲ ਜੁੜੇ ਦੁੱਲਾ ਭੱਟੀ ਦੇ ਕਿੱਸੇ ਨੂੰ ਸੁਣਾਇਆ ਤੇ ਉਸ ਤੋਂ ਸੇਧ ਲੈ ਕੇ ਸਮਾਜ ਸੇਵਾ ਕਰਨ ਲਈ ਪ੍ਰੇਰਿਆ। ਉਹਨਾਂ ਨੇ ਦੱਸਿਆ ਕਿ ਹਰ ਸਾਲ ਕ੍ਰਿਸਮਸ, ਨਵੇਂ ਸਾਲ, ਲੋਹੜੀ ਤੇ ਗਣਤੰਤਰ ਦਿਵਸ ਮੌਕੇ ਕੰਬਲਾਂ ਦੀ ਵੰਡ ਕੀਤੀ ਜਾਂਦੀ ਹੈ। ਅਗਲਾ ਕੰਬਲ ਵੰਡ ਸਮਾਗਮ 26 ਜਨਵਰੀ ਨੂੰ ਹੋਵੇਗਾ। ਹਾਜਰੀਨ ਨੂੰ ਸ਼ਗਨ ਵਜੋਂ ਮੂੰਗਫਲੀ, ਰਿਓੜੀਆਂ ਵੀ ਵੰਡੀਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਹਨ ਲਾਲ ਤਨੇਜਾ, ਸੁਧਾ ਬੇਦੀ ਆਦਿ ਵੀ ਹਾਜ਼ਰ ਸਨ।

# ਮਾਤਾ ਸੱਤਿਆ ਦੇਵੀ ਬਿਰਧ ਆਸ਼ਰਮ ਵਿਖੇ ਲੋਹੜੀ ਮਨਾਈ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**

ਮਾਤਾ ਸੱਤਿਆ ਦੇਵੀ ਸੀਨੀਅਰ ਸਿਟੀਜਨ ਹੋਮ ਯੂਨਿਟ ਆਫ ਐਸ ਐਸ ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਵੱਲੋਂ ਸੰਸਥਾ ਦੀ ਫਾਊਂਡਰ ਸਵ: ਰਕਸ਼ਾ ਢੰਡ ਦੀ ਯਾਦ ਵਿੱਚ ਸੰਸਥਾ ਦੇ ਚੇਅਰਮੈਨ ਪ੍ਰੋ ਆਰ ਸੀ ਢੰਡ ਅਤੇ ਸਮੂਹ ਕਮੇਟੀ ਮੈਂਬਰਾਂ ਨੇ ਬਿਰਧ ਆਸ਼ਰਮ ਦੇ ਬਜ਼ੁਰਗਾਂ ਅਤੇ ਨਵ ਜੰਮੀਆ ਧੀਆਂ ਦੀ ਲੋਹੜੀ ਮਨਾਈ । ਸਮਾਗਮ ਦੌਰਾਨ ਸਮੂਹ ਮੈਂਬਰਾਂ ਨੇ ਲੋਹੜੀ ਬਾਲ ਕੇ ਤਿਲ ਅਰਪਣ ਕਰਕੇ ਅਤੇ ਸਮੂਹ ਨਵ ਜੰਮੀਆਂ ਬੱਚੀਆਂ ਅਤੇ ਬਜ਼ੁਰਗਾਂ ਦੀ ਚੰਗੀ ਸਿਹਤ ਤੇ ਪਰਵਾਰਕ ਸੁੱਖ ਸਮਰਿਧੀ ਦੀ ਪ੍ਰਾਥਨਾ ਕੀਤੀ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਡਾ ਆਰ ਐੱਸ ਪਰਮਾਰ ਤੇ ਵਿਸ਼ੇਸ਼ ਮਹਿਮਾਨ ਐੱਸ ਡੀ ਐੱਮ ਅਮਰੀਕ ਸਿੰਘ ਸਿੱਧੂ, ਡੀ ਐੱਸ ਪੀ ਮਨਜੀਤ ਸਿੰਘ ਔਲਖ ਤੇ ਥਾਣਾ ਮੁਖੀ ਰਜਿੰਦਰ ਕੁਮਾਰ ਨੇ ਸ਼ਿਰਕਤ ਕੀਤੀ । ਸੰਸਥਾ ਦੇ ਚੇਅਰਮੈਨ ਪ੍ਰੋ. ਆਰ ਸੀ ਢੰਡ ਤੇ ਪ੍ਰਬੰਧਕ ਆਸ਼ਾ ਰਾਣੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ । ਪ੍ਰੋ ਆਰ ਸੀ ਢੰਡ ਨੇ ਦੱਸਿਆ ਕਿ ਇਸ ਮੌਕੇ 21 ਨਵ ਜੰਮੀਆਂ ਬੱਚੀਆ ਨੂੰ ਕੰਬਲ, ਮੂੰਗਫ਼ਲੀ, ਰਿਓੜੀ ਅਤੇ ਗੱਚਕ ਦੇ ਡੱਬੇ ਦਿੱਤੇ ਗਏ ਸਮੇਤ ਆਸ਼ਰਮ ਦੇ ਸਾਰੇ ਬਜ਼ੁਰਗਾਂ ਨੂੰ ਗਰਮ ਸ਼ਾਲ ਅਤੇ ਗਰਮ ਲੋਈਆ ਦਿੱਤੀਆ ਗਈਆਂ । ਡਾ ਆਰ ਐਸ ਪਰਮਾਰ ਨੇ ਲੋਹੜੀ ਦੀ ਵਧਾਈ ਦਿੰਦਿਆਂ ਕਿਹਾ ਸਵ: ਰਕਸ਼ਾ ਢੰਡ ਦੀ ਸਮਾਜਿਕ ਗਤੀ ਵਿਧੀਆ ਕਰਕੇ ਸੰਨ 1995 ਤੋਂ ਨਵ ਜੰਮੀਆਂ ਬੱਚੀਆਂ ਦੀ ਲੋਹੜੀ ਮਨਾਉਣ ਦੀ ਰਸਮ ਰੂਪਨਗਰ, ਨਵਾਂ ਸ਼ਹਿਰ ਅਤੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਿਆ ਵਿੱਚ ਸ਼ੁਰੂ ਕੀਤੀ ਸੀ, ਜੋ ਕਿ ਜਾਰੀ ਹੈ। ਇਸ ਮੌਕੇ ਡਾ ਰਾਜਪਾਲ ਸਿੰਘ ਚੌਧਰੀ, ਡਾ. ਸੁਦੇਸ਼ ਸ਼ਰਮਾ, ਡਾ ਸ਼ਾਮ ਸਿੰਘ ਕੁੰਡਲਾਸ, ਪ੍ਰਿੰਸੀਪਲ ਅਮਰਜੀਤ ਸਿੰਘ ਕੰਗ ਤੇ ਕੈਪਟਨ ਹਰਪਾਲ ਸਿੰਘ ਆਦਿ ਹਾਜ਼ਰ ਸਨ।

# ਦੋ ਰੋਜ਼ਾ ਖੇਡ ਟੂਰਨਾਮੈਂਟ ਸ.ਫਲਤਾ-ਪੂਰਵਕ ਸੰਪੰਨ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਇੱਥੇ ਸਟਾਫ਼ ਕਲੱਬ ਵਿਖੇ ਟੀਚਰ ਬੈਡਮਿੰਟਨ ਲੀਗ ਸੀਜ਼ਨ-4 ਦਾ ਸਫ਼ਲਤਾਪੂਰਵਕ ਆਯੋਜਨ ਕਰਵਾਇਆ ਗਿਆ। ਦੋ ਰੋਜ਼ਾ ਖੇਡ ਟੂਰਨਾਮੈਂਟ ਦਾ ਉਦਘਾਟਨ ਡਿਪਟੀ ਡੀ ਈ ਓ (ਐ. ਸਿ.) ਹੁਸ਼ਿਆਰਪੁਰ ਅਮਨਦੀਪ ਸ਼ਰਮਾ ਨੇ ਕੀਤਾ। ਟੂਰਨਾਮੈਂਟ ਦਾ ਆਯੋਜਨ ਸਰਕਾਰੀ ਅਧਿਆਪਕਾਂ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ। ਪਹਿਲੇ ਦਿਨ ਸਿੰਗਲ ਅਤੇ ਦੂਜੇ ਦਿਨ ਡਬਲ ਮੁਕਾਬਲੇ ਕਰਵਾਏ ਗਏ। ਸਿੰਗਲ ਮੁਕਾਬਲੇ ਦੋ ਕੈਟਾਗਰੀਆਂ 'ਚ ਬਿਗਨਰ ਤੇ ਐਡਵਾਂਸ ਲੈਵਲ ਵਿਚ ਕਰਵਾਏ ਗਏ। ਟੂਰਨਾਮੈਂਟ ਦੇ ਪਹਿਲੇ ਦਿਨ 28 ਖਿਡਾਰੀਆਂ ਨੇ ਭਾਗ ਲਿਆ। ਬਿਗਨਰ ਲੈਵਲ ਦੇ ਜੇਤੂ ਅਨਿਲ ਕੁਮਾਰ ਸ਼ਰਮਾ ਅਤੇ ਉਪਜੇਤੂ ਦਿਨੇਸ਼ ਕੁਮਾਰ ਡਬੱਵਾਲੀ ਢਾਬ ਰਹੇ। ਜੇਤੂ ਖਿਡਾਰੀ ਨੂੰ ਸਟੇਟ ਅਵਾਰਡੀ ਅਧਿਆਪਕ ਵਿਜੈ ਕੁਮਾਰ ਤੇ ਉਪਜੇਤੂ ਨੂੰ ਕੈਪਟਨ ਮਲਕੀਤ ਸਿੰਘ ਵੱਲੋਂ ਇਨਾਮੀ ਰਾਸ਼ੀ ਅਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਐਡਵਾਂਸ ਲੈਵਲ ਦੇ ਜੇਤੂ ਖਿਡਾਰੀ ਰਮਨਦੀਪ ਸਿੰਘ ਦਸੂਹਾ ਨੂੰ ਅੰਤਰਰਾਸ਼ਟਰੀ ਪਹਿਲਵਾਨ ਨਿਰਮਲ ਸਿੰਘ ਨੇ ਅਤੇ ਉਪਜੇਤੂ ਰਾਜਨ ਹਰੀਸ਼ ਆਨੰਦਪੁਰ ਸਾਹਿਬ ਨੂੰ ਲੈਕਚਰਾਰ ਰਾਜੇਸ਼ ਕੁਮਾਰ ਵਸ਼ਿਸ਼ਟ ਨੇ ਨਗਦ ਰਾਸ਼ੀ ਤੇ ਟਰਾਫੀ ਦੇ ਕੇ ਸਨਮਾਨਤ ਕੀਤਾ। ਦੂਜੇ ਦਿਨ ਬੈਡਮਿੰਟਨ ਦੇ ਡਬਲ ਮੁਕਾਬਲਿਆਂ 'ਚ 36 ਦੇ ਕਰੀਬ ਖਿਡਾਰੀਆਂ ਨੇ ਹਿੱਸਾ ਲਿਆ। ਰਮਨਦੀਪ ਸਿੰਘ ਦਸੂਹਾ ਅਤੇ ਲਵਕੇਸ਼ ਕੁਮਾਰ ਦੀ ਜੋੜੀ ਜੇਤੂ ਰਹੀ। ਅਨਿਲ ਕੁਮਾਰ ਅਤੇ ਰਿਪਨ ਲੁਧਿਆਣਾ ਦੀ ਜੋੜੀ ਉਪਜੇਤੂ ਰਹੀ। ਡਬਲ ਮੁਕਾਬਲੇ ਦੇ ਜੇਤੂ ਤੇ ਉਪਜੇਤੂ ਖਿਡਾਰੀਆਂ ਨੂੰ ਕਤਿਆਲ ਫਾਈਨੈਂਸ਼ੀਅਲ ਸਰਵਿਸਿਸ ਦਸੂਹਾ ਦੇ ਸਰਪ੍ਰਸਤ ਰਾਜੇਸ਼ ਕੁਮਾਰ ਕਤਿਆਲ ਵੱਲੋਂ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਦੇ ਸੈਮੀਫਾਈਨਲਿਸਟ ਰਾਜਨ ਹਰੀਸ਼ ਤੇ ਸੁਨੀਲ ਸ਼ਰਮਾ ਅਤੇ ਸ਼ਮਸ਼ੇਰ ਸਿੰਘ ਤੇ ਰਾਜਕੁਮਾਰ ਦੀ ਜੋੜੀ ਨੂੰ ਆਰ ਕੇ ਰਾਣਾ ਬਾਈਕ ਪੁਆਇੰਟ ਤਲਵਾੜਾ ਵੱਲੋਂ ਸਨਮਾਨਤ ਕੀਤਾ ਗਿਆ। ਜਦਕਿ ਡਬਲ 100 ਪਲੱਸ ਕੈਟਾਗਰੀ ਵਿਚ ਜੇਤੂ ਹਰਦਿਆਲ ਸਿੰਘ ਤੇ ਪ੍ਰਦੀਪ ਠਾਕੁਰ ਦੀ ਜੋੜੀ ਰਹੀ। ਉਮੇਸ਼ ਕੁਮਾਰ ਅਤੇ ਬਲਵੀਰ ਸਿੰਘ ਦਸੂਹਾ ਦੀ ਜੋੜੀ ਉਪਜੇਤੂ ਰਹੀ। ਸਟੇਟ ਅਵਾਰਡੀ ਪ੍ਰਿੰਸੀਪਲ ਰਾਜੇਸ਼ ਸਿੰਘ ਕਮਾਹੀ ਦੇਵੀ ਨੇ ਜੇਤੂ ਅਤੇ ਉਪ ਜੇਤ ਖਿਡਾਰੀਆਂ ਨੂੰ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ। ਪ੍ਰਬੰਧਕ ਕਮੇਟੀ ਨੇ ਖ਼ੇਤਰ ਦੇ ਸਟੇਟ ਅਵਾਰਡੀ ਅਧਿਆਪਕ ਵਿਜੈ ਸ਼ਰਮਾ ਤੇ ਜਗਜੀਤ ਸਿੰਘ ਅਤੇ ਪ੍ਰਿੰਸੀਪਲ ਰਾਜੇਸ਼ ਸਿੰਘ ਕਮਾਹੀ ਦੇਵੀ ਨੂੰ ਸਿੱਖਿਆ ਖ਼ੇਤਰ 'ਚ ਪਾਏ ਅਹਿਮ ਯੋਗਦਾਨ ਲਈ ਸਨਮਾਨਿਤ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਮਨਮੋਹਨ ਸਿੰਘ, ਸੰਦੀਪ ਜਰਿਆਲ, ਅਨੁਜ ਕੁਮਾਰ, ਰਾਜ ਕੁਮਾਰ ਪ੍ਰਿੰਸ, ਵਰਿੰਦਰ ਵਿੱਕੀ, ਅਨਿਲ ਕੁਮਾਰ ਆਦਿ ਹਾਜ਼ਰ ਸਨ।

# ਗੁਰਦੁਆਰਾ ਬਾਬਾ ਬਿਸ਼ਨ ਸਿੰਘ ਵਿਖੇ ਮਾਘੀ ਸਮਾਗਮ



**ਅੱਡਾ ਸਰਾਂ (ਜਸਵੀਰ ਕਾਜਲ)**

ਪਿੰਡ ਕੰਧਾਲਾ ਜੱਟਾਂ ਵਿੱਚ ਸਥਿਤ ਗੁਰਦੁਆਰਾ ਬ੍ਰਹਮ ਗਿਆਨੀ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਸਥਾਨ ਤੇ ਮਾਘੀ ਦਾ ਸਮਾਗਮ ਕਰਵਾਇਆ ਗਿਆ ।ਇਸ ਮੌਕੇ ਬ੍ਰਹਮਲੀਨ ਸੰਤ ਬਾਬਾ ਬਚਿੱਤਰ ਸਿੰਘ ਜੀ ਦਾ ਸਾਲਾਨਾ ਬਰਸੀ ਸਮਾਗਮ ਵੀ ਕਰਵਾਇਆ ਗਿਆ। ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਪੰਥ ਦਾ ਪ੍ਰਸਿੱਧ ਰਾਗੀ ਭਾਈ ਭੁਪਿੰਦਰ ਸਿੰਘ ਜੀ ਸੋਹਲਪੁਰ ਨੇ ਆਈਆਂ ਹੋਈਆਂ ਸੰਗਤਾਂ ਨੂੰ ਕਥਾ ਕੀਰਤਨ ਅਤੇ ਨਾਲ ਨਿਹਾਲ ਕੀਤਾ। ਇਸ ਮੌਕੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ,ਪ੍ਰਧਾਨ ਅੰਮ੍ਰਿਤਪਾਲ ਸਿੰਘ ਕੈਪਟਨ ਸੁਰਿੰਦਰ ਸਿੰਘ ਸੀ ਏ, ਮਨਜੀਤ ਸਿੰਘ ਖਜਾਨਚੀ, ਤਜਿੰਦਰ ਸਿੰਘ ਉਪ ਖਜਾਨਚੀ, ਸੁਰਿੰਦਰ ਸਿੰਘ ਗੁਗਲੀ,ਸੁਖਨਿੰਦਰ ਸਿੰਘ ਉਪ ਪ੍ਰਧਾਨ,ਇੰਦਰਜੀਤ ਸਿੰਘ , ਦਰਸ਼ਨ ਸਿੰਘ, ਗੁਰਮੇਲ ਸਿੰਘ, ਇੰਦਰਜੀਤ ਸਿੰਘ, ਅਜੀਤ ਸਿੰਘ,ਗਿਆਨੀ ਰਣਜੀਤ ਸਿੰਘ ਮੁੱਖ ਗ੍ਰੰਥੀ, ਕੁਲਵੰਤ ਸਿੰਘ, ਗੁਰਮੇਲ ਸਿੰਘ, ਲੰਬੜਦਾਰ ਭੁਪਿੰਦਰ ਸਿੰਘ, ਗਿਆਨੀ ਦਤਾਰ ਸਿੰਘ ਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

## ਸਿਹਤ ਵਿਭਾਗ ਨੇ ਨਵਜੰਮੀਆਂ ਧੀਆਂ ਨਾਲ ਮਨਾਈ ਲੋਹੜੀ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਡਾ. ਹਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ. ਅਮਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਸੰਗਰੂਰ ਵਲੋਂ ਜ਼ਿਲ੍ਹਾ ਹਸਪਤਾਲ ਸੰਗਰੂਰ ਵਿਖੇ ਨਵਜੰਮੀਆਂ ਧੀਆਂ ਨਾਲ ਲੋਹੜੀ ਮਨਾਈ ਗਈ।ਇਸ ਮੌਕੇ ਡਾ. ਅਮਰਜੀਤ ਕੌਰ ਨੇ ਕਿਹਾ ਕਿ ਲੰਬੇ ਸਮੇਂ ਤੋਂ ਚੱਲ ਰਹੀਆਂ ਕੋਸ਼ਿਸ਼ਾਂ ਦੇ ਬਾਵਜੂਦ, ਮਰਦਮਸ਼ੁਮਾਰੀ ਅਨੁਸਾਰ ਪ੍ਰਤੀ ਮਰਦਾਂ ਮੁਕਾਬਲੇ ਮਹਿਲਾਵਾਂ ਦੀ ਗਿਣਤੀ ਦਾ ਅਨੁਪਾਤ ਬਹੁਤ ਘੱਟ ਹੈ ਜੋ ਕਿ ਇੱਕ ਗੰਭੀਰ ਚਿੰਤਨ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਲਿੰਗ ਅਨੁਪਾਤ ਵਿਚਲੇ ਇਸ ਖੱਪੇ ਨੂੰ ਖ਼ਤਮ ਕਰਨ ਦੇ ਮੰਤਵ ਵਜੋਂ ਜਿੱਥੇ ਸਿਹਤ ਵਿਭਾਗ ਵੱਲੋਂ, ਜਣਨੀ ਸ਼ਿਸ਼ੂ ਸੁਰੱਖਿਆ ਕਾਰਿਆਕ੍ਰਮ ਅਤੇ ਪੰਜ ਸਾਲ ਤੱਕ ਦੀਆਂ ਬੱਚੀਆਂ ਦੇ ਬਿਲਕੁਲ ਮੁਫ਼ਤ ਇਲਾਜ ਆਦਿ ਦੀਆਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ, ਉੱਥੇ ਸਰਕਾਰ ਦੇ ਇਸ ਯਤਨ ਵਿੱਚ ਸਮਾਜਕ ਜਥੇਬੰਦੀਆਂ ਅਤੇ ਖ਼ਾਸ ਕਰ ਨੌਜਵਾਨ ਪੀੜ੍ਹੀ ਨੂੰ ਅੱਗੇ ਹੋ ਕੇ ਧੀਆਂ ਦੀ ਸਮਾਜ ਵਿੱਚ ਮਹੱਤਤਾ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਡਾ. ਅਮਰਜੀਤ ਕੌਰ ਨੇ ਕਿਹਾ ਕਿ ਧੀਆਂ ਦੀ ਲੋਹੜੀ ਮਨਾਉਣ ਦਾ ਮੁੱਖ ਮੰਤਵ ਲਿੰਗ ਭੇਦ-ਭਾਵ, ਭਰੂਣ ਹੱਤਿਆ ਅਤੇ ਦਹੇਜ ਪ੍ਰਥਾ ਨੂੰ ਜੜ੍ਹੋਂ ਖ਼ਤਮ ਕਰਨਾ ਹੈ।ਉਨ੍ਹਾਂ ਕਿਹਾ ਕਿ ਸਮਾਜ ਨੂੰ ਹਰੇਕ ਮੁੰਡੇ-ਕੁੜੀ ਦਾ ਬਰਾਬਰ ਸਤਿਕਾਰ ਕਰਨਾ ਚਾਹੀਦਾ ਹੈ।ਇਸ ਮੌਕੇ ਕਾਰਜਕਾਰੀ ਡੀ.ਐਮ.ਸੀ. ਡਾ. ਸੰਜੇ ਬਾਂਸਲ, ਕਾਰਜਕਾਰੀ ਐਸ.ਐਮ.ਓ. ਡਾ. ਕਰਮਦੀਪ ਸਿੰਘ ਕਾਹਲ, ਡਿਪਟੀ ਮਾਸ ਮੀਡੀਆ ਅਫਸਰ ਬਲਰਾਜ ਸਿੰਘ, ਜ਼ਿਲ੍ਹਾ ਪੀ ਐਨ ਡੀ ਟੀ ਕੋਆਰਡੀਨੇਟਰ ਡਾ. ਹਰਪ੍ਰੀਤ ਸਿੰਘ ਹਾਜ਼ਰ ਸਨ।

## ਜਿਮਖਾਨਾ ਕਲੱਬ ਮੈਨੇਜਮੈਂਟ ਨੇ ਮਨਾਇਆ ਲੋਹੜੀ ਦਾ ਤਿਉਹਾਰ



**ਪਟਿਆਲਾ (ਰਾਜਿੰਦਰ ਥਿੰਦ)**-ਜਿਮਖਾਨਾ ਕਲੱਬ ਦੇ ਪ੍ਰਧਾਨ ਐਡ. ਸ਼ਰਬੀਰ ਸਿੰਘ, ਸਕੱਤਰ ਹਰਪ੍ਰੀਤ ਸਿੰਘ ਅਤੇ ਕਲੱਬ ਦੀ ਸਮੁੱਚੀ ਮੈਨੇਜਮੈਂਟ ਵੱਲੋਂ ਲੋਹੜੀ ਦਾ ਤਿਉਹਾਰ ਬਹੁਤ ਹੀ ਧੂਮ- ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਮੇਅਰ ਕੁੰਦਨ ਗੋਗੀਆ, ਬੀਬਾ ਜੈ ਇੰਦਰ ਕੌਰ, ਸੰਦੀਪ ਮਾਨ ਡਾਇਰੈਕਟਰ ਇਨਾਇਤ ਗਰੁੱਪ ਅਤੇ ਕਲੱਬ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਮਹਿਫਲ ਦੀ ਰੌਣਕ ਨੂੰ ਵਧਾਇਆ।ਇਸ ਮੌਕੇ ਲੋਹੜੀ ਬਾਲਣ ਦੀ ਰਸਮ ਨੂੰ ਅਦਾ ਕੀਤਾ ਗਿਆ ਅਤੇ ਮੈਂਬਰਾਂ ਵਿੱਚ ਗੱਚਕ ਮੂੰਗਫਲੀ ਅਤੇ ਰਿਉੜੀਆਂ ਵੰਡ ਕੇ ਇੱਕ ਦੂਜੇ ਨੂੰ ਇਸ ਪਵਿੱਤਰ ਤਿਉਹਾਰ ਦੀ ਵਧਾਈ ਦਿੱਤੀ ਗਈ।ਇਸ ਮੌਕੇ ਪੰਜਾਬੀ ਗਾਇਕ ਜੋੜੀ ਲੋਪੋਕੇ ਬ੍ਰਦਰਸ ਵੱਲੋਂ ਗੀਤ ਸੰਗੀਤ ਦੀ ਮਹਿਫਿਲ ਸਜਾ ਕੇ ਆਏ ਹੋਏ ਕਲੱਬ ਮੈਂਬਰਾਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ।ਇਸ ਮੌਕੇ ਐਮ.ਐਮ ਸਿਆਲ ਮੀਤ ਪ੍ਰਧਾਨ, ਰੋਹਿਤ ਗੁਪਤਾ ਜੁਆਇੰਟ ਸਕੱਤਰ, ਮੋਹਿਤ ਬੱਬਰ ਖਜਾਨਚੀ, ਆਸ਼ੀਸ਼ ਜੈਨ, ਦੀਪਕ ਡਕਾਲਾ, ਡਾ. ਕੇ ਐਸ ਗਰੇਵਾਲ, ਰਾਹੁਲ ਮਹਿਤਾ, ਇੰਜੀ. ਪਰਮਜੀਤ ਗੋਇਲ, ਇੰਜੀ. ਵਿਸ਼ਾਲ ਸਿੰਗਲਾ ਅਤੇ ਸਾਹਿਲ ਖੰਨਾ ਸਾਰੇ ਹੀ ਐਗਜ਼ੀਕਿਊਟਿਵ ਮੈਂਬਰ ਹਾਜ਼ਰ ਸਨ।

## ਅੱਜ ਵੱਡੀ ਗਿਣਤੀ 'ਚ ਧਰਨੇ ਵਿਚ ਸ਼ਾਮਲ ਹੋਵਾਂਗੇ : ਦੌਲਤਪੁਰਾ, ਡਰੋਲੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 16 ਜਨਵਰੀ ਨੂੰ ਪੂਰੇ ਭਾਰਤ ਭਰ 'ਚ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਖ਼ਿਲਾਫ਼ ਰੋਸ ਧਰਨੇ ਦਿੱਤੇ ਜਾ ਰਹੇ ਹਨ। ਜਿਨ੍ਹਾਂ ਵਿੱਚ ਸਮੁੱਚੀਆਂ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਹਿੱਸਾ ਲੈ ਰਹੀਆਂ ਹਨ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਜ਼ਿਲ੍ਹਾ ਪੰਜ ਮੈਂਬਰੀ ਅਨੁਸ਼ਾਸਨੀ ਕਮੇਟੀ ਜਿਸ ਵਿਚ ਸੂਬਾ ਆਗੂ ਮੋਹਨ ਸਿੰਘ ਜੀਂਦੜਾ, ਇਕਬਾਲ ਸਿੰਘ ਸਾਬਕਾ ਸਰਪੰਚ ਗਲੋਟੀ, ਸੂਰਤ ਸਿੰਘ ਕਾਦਰ ਵਾਲਾ, ਸਰਨੈਲ ਸਿੰਘ ਤਖ਼ਤੂਵਾਲਾ, ਹਰਜੀਤ ਸਿੰਘ ਮਾਨਾਂ ਸ਼ਾਮਲ ਹਨ, ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਦੇ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਬਲਾਕ ਪ੍ਰਧਾਨ ਗੁਰਮੇਲ ਸਿੰਘ ਡਰੋਲੀ, ਜ਼ਿਲ੍ਹਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ, ਜ਼ਿਲ੍ਹਾ ਮੀਤ ਪ੍ਰਧਾਨ ਲਖਵੀਰ ਸਿੰਘ ਸੰਧੂਆਂ ਵਾਲਾ, ਹਰਜੀਤ ਸਿੰਘ ਸੋਢੀ, ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ ਨੇ ਦੱਸਿਆ ਕਿ ਬੀ ਕੇ ਯੂ ਲੱਖੋਵਾਲ ਦੀ 16 ਜਨਵਰੀ ਨੂੰ ਹੋਣ ਵਾਲੀ ਮਹੀਨਾਵਾਰ ਮੀਟਿੰਗ ਉਪਰੰਤ ਸਮੁੱਚੀ ਲੀਡਰਸ਼ਿਪ ਤੇ ਵਰਕਰ ਡੀ. ਸੀ. ਦਫ਼ਤਰ ਮੋਗਾ ਅੱਗੇ ਦਿੱਤੇ ਜਾ ਰਹੇ ਧਰਨੇ ਵਿੱਚ ਸ਼ਾਮਿਲ ਹੋਣਗੇ।

## ਪਾਵਰਕਾਮ ਜਥੇਬੰਦੀ ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਦੀ ਮੀਟਿੰਗ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਪਾਵਰਕਾਮ ਦੀ ਜਥੇਬੰਦੀ ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਦੀ ਉਪ ਮੰਡਲ ਕਾਂਝਲਾ ਤੇ ਰੰਗੀਆਂ ਦੀ ਮਹੀਨਾਵਾਰ ਮੀਟਿੰਗ ਉਪ ਮੰਡਲ ਰੰਗੀਆਂ ਵਿਖੇ ਪ੍ਰਧਾਨ ਕੁਲਦੀਪ ਸਿੰਘ ਰਾਜੋਮਾਜਰਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੂਬਾ ਕਮੇਟੀ ਦੇ ਆਗੂ ਨਪਿੰਦਰ ਸਿੰਘ ਕਾਂਝਲਾ, ਸਰਕਲ ਆਗੂ ਮਨਜੀਤ ਸਿੰਘ ਲੱਡਾ ਨੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਮੁਲਾਜ਼ਮਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਦਿਆਂ ਜਥੇਬੰਦੀ ਦੇ ਵਿਸਥਾਰ ਲਈ ਚਰਚਾ ਕੀਤੀ ਗਈ ਤੇ ਜੇ ਈ ਅਰਸ਼ਪ੍ਰੀਤ ਸਿੰਘ ਨੂੰ ਆਈ ਟੀ ਆਈ ਜਥੇਬੰਦੀ ਦੇ ਪਰਵਾਰ ਵਿੱਚ ਸ਼ਾਮਲ ਕੀਤਾ ਗਿਆ।ਬੁਲਾਰਿਆਂ ਨੇ ਦੱਸਿਆ ਕਿ 16 ਜਨਵਰੀ ਨੂੰ ਕਿਸਾਨ ਜਥੇਬੰਦੀਆਂ ਅਤੇ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰੀ ਧਰਨੇ ਦਿੱਤੇ ਜਾਣਗੇ।ਉਨ੍ਹਾਂ ਪਾਵਰਕਾਮ ਮੈਨੇਜਮੈਂਟ ਵੱਲੋਂ ਲਾਈਨਮੈਨ ਤੋਂ ਏ ਜੇ ਈ ਬਣਾ ਕੇ ਧੱਕੇ ਨਾਲ ਕੋਡ ਦੇਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਨਾਲ ਲਾਈਨਮੈਨ ਤੋਂ ਜੇ ਈ ਦੀ ਤਰੱਕੀ ਵਿੱਚ ਖੜੋਤ ਆਵੇਗੀ। ਉਨ੍ਹਾਂ ਜਥੇਬੰਦੀ ਵੱਲੋਂ ਮੰਗ ਕੀਤੀ ਕਿ ਲਾਈਨਮੈਨ ਦੀ ਤਰੱਕੀ ਦਾ ਕੋਟਾ ਵਧਾ ਕੇ 90 ਪ੍ਰਤੀਸ਼ਤ ਕੀਤਾ ਜਾਵੇ। ਮੀਟਿੰਗ 'ਚ ਖੁਸ਼ਹਾਰ ਸਿੰਘ ਨੋਨੀ ਭਲਵਾਨ, ਜੇ ਪੀ ਕਾਂਝਲਾ, ਜਸਵੀਰ ਸਲੇਮਪੁਰ, ਬਲਵੰਤ ਸਿੰਘ ਕੁੰਭੜਵਾਲ, ਕੁਲਦੀਪ ਭਲਵਾਨ, ਮਨਪਰੀਤ ਧੂਰਾ, ਗੁਰਤੇਜ ਹਸਨਪੁਰ, ਤਰਸੇਮ ਨਾਭਾ, ਡਵੀਜ਼ਨ ਆਗੂ ਦਵਿੰਦਰ ਸਿੰਘ ਪੁੰਨਾਵਾਲ ਆਦਿ ਸਾਥੀ ਹਾਜ਼ਰ ਸਨ।

## ਸਾਡੀਆਂ ਧੀਆਂ ਕਿਸੇ ਤੋਂ ਘੱਟ ਨਹੀਂ : ਡਾ. ਪ੍ਰੀਤੀ ਯਾਦਵ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਹੈ ਕਿ ਸਾਡੀਆਂ ਧੀਆਂ ਕਿਸੇ ਤੋਂ ਘੱਟ ਨਹੀਂ ਹਨ ਅਤੇ ਇਸ ਤੋਂ ਵੱਧਕੇ ਸਾਡੀਆਂ ਔਰਤਾਂ ਸਾਡੇ ਪਰਿਵਾਰਾਂ ਦੀ ਰੀੜ ਦੀ ਹੱਡੀ ਹਨ। ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਧੀਆਂ ਦੀ ਲੋਹੜੀ ਦੇ ਜ਼ਿਲ੍ਹਾ ਪੱਧਰੀ ਸਮਾਗਮ ਮੌਕੇ ਬੋਲਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਸ ਘਰ ਵਿੱਚ ਪੜ੍ਹੀਆਂ ਲਿਖੀਆਂ ਔਰਤਾਂ ਹੋਣ ਤਾਂ ਪੂਰਾ ਘਰ ਉਨ੍ਹਾਂ ਦੀ ਸਲਾਹ ਨਾਲ ਹੀ ਚੱਲਦਾ ਹੈ।ਸਮਾਗਮ ਮੌਕੇ ਡਾ. ਪ੍ਰੀਤੀ ਯਾਦਵ ਨੇ 101 ਧੀਆਂ ਨੂੰ ਲੋਹੜੀ ਵੰਡੀ ਅਤੇ ਸਮੁੱਚੇ ਜ਼ਿਲ੍ਹਾ ਨਿਵਾਸੀਆਂ ਨੂੰ ਲੋਹੜੀ ਦੀ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਡੀਆਂ ਧੀਆਂ ਦੇ ਸਸ਼ਕਤੀਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਲਈ ਜ਼ਿਲ੍ਹਾ ਨਿਵਾਸੀਆਂ ਨੂੰ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।ਇਸ ਦੌਰਾਨ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ, ਐਸ.ਡੀ.ਐਮ ਹਰਜੋਤ ਕੌਰ ਮਾਵੀ ਤੇ ਰਿਚਾ ਗੋਇਲ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਗਿੱਲ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਚੀਮਾ, ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਜਸਬੀਰ ਕੌਰ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ਼ਾਇਨਾ ਕਪੂਰ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀਆਂ ਸਮੇਤ ਵੱਡੀ ਗਿਣਤੀ ਧੀਆਂ ਦੇ ਮਾਪੇ ਵੀ ਮੌਜੂਦ ਸਨ।

## ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਨੇ ਲੋਹੜੀ ਮਨਾਈ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਪੰਡੋਰੀ ਵਿਖੇ ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਵੱਲੋਂ ਇਕੱਠੇ ਹੋਈਏ ਖੁਸ਼ੀ ਮਨਾਈਏ ਰਲ ਮਿਲ ਸਾਰੇ ਤਿਉਹਾਰ ਮਨਾਈਏ ਮਿਸ਼ਨ ਤਹਿਤ ਧੀਆਂ ਦੀ ਲੋਹੜੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਪਿੰਡ ਦੇ ਦਰਵਾਜ਼ੇ 'ਤੇ ਬੀਬੀਆਂ ਅਤੇ ਭੈਣਾਂ ਦਾ ਇਕੱਠ ਹੋਇਆ, ਜਿਸ ਵਿੱਚ ਕਲੱਬ ਦੀਆਂ ਮੈਂਬਰ ਬੀਬੀਆਂ ਤੋਂ ਇਲਾਵਾ ਪਿੰਡ ਦੀਆਂ ਬੀਬੀਆਂ, ਭੈਣਾਂ ਤੇ ਬੱਚੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਇਸ ਦੌਰਾਨ ਇੱਕ ਸਾਲ ਤੋਂ ਘੱਟ ਉਮਰ ਦੀਆਂ ਧੀਆਂ ਨੂੰ ਕਲੱਬ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਕਲੱਬ ਦੇ ਪ੍ਰਧਾਨ ਹਰਵਿੰਦਰ ਸਿੰਘ ਸਿੱਧੂ ਨੇ ਲੋਹੜੀ ਦੀ ਵਧਾਈ ਦਿੰਦਿਆਂ ਸਮੂਹ ਬੀਬੀਆਂ, ਭੈਣਾਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਸਾਰੇ ਤਿਉਹਾਰ ਇਸੇ ਤਰ੍ਹਾਂ ਰਲ ਮਿਲ ਕੇ ਮਨਾਏ ਜਾਣੇ ਚਾਹੀਦੇ ਹਨ, ਤਾਂ ਜੁ ਭਾਈਚਾਰਕ ਸਾਂਝ ਹੋਰ ਮਜ਼ਬੂਤ ਹੋ ਸਕੇ। ਇਸ ਮੌਕੇ ਮੂੰਗਫਲੀ, ਰਿਓੜੀਆਂ ਤੇ ਕੱਪੜਿਆਂ ਦੀ ਸੇਵਾ ਕਰਨ ਵਾਲੇ ਸਪਿੰਦਰ ਸਿੰਘ ਬੋਪਾਰਾਏ ਦਾ ਵੀ ਕਲੱਬ ਵੱਲੋਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

# ਕੇਂਦਰ ਦੇ ਮਾਰੂ ਫ਼ੈਸਲਿਆਂ ਵਿਰੁੱਧ ਲਾਮਬੰਦੀ ਦਾ ਸੱਦਾ

### ਬਿਜਲੀ ਸੋਧ ਬਿੱਲ ਤੇ ਕਾਰਪੋਰੇਟ ਪੱਖੀ ਨੀਤੀਆਂ ਨਿੰਦਣਯੋਗ : ਲੱਡਾ, ਪੇਧਨੀ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਕੇਂਦਰ ਸਰਕਾਰ ਦੀਆਂ ਕਥਿਤ ਲੋਕ ਵਿਰੋਧੀ ਨੀਤੀਆਂ ਅਤੇ ਨਵੇਂ ਕਾਨੂੰਨਾਂ ਵਿਰੁੱਧ ਕਿਸਾਨੀ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਕਮਰ ਕੱਸ ਲਈ ਹੈ। ਬਲਾਕ ਧੂਰੀ ਦੀ ਇੱਕ ਅਹਿਮ ਮੀਟਿੰਗ ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ 'ਬਿਜਲੀ ਸੋਧ ਬਿੱਲ 2025' ਅਤੇ ਹੋਰ ਆਰਥਿਕ ਸੁਧਾਰਾਂ ਨੂੰ ਲੈ ਕੇ ਤਿੱਖੀ ਨਿਖੇਧੀ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਆਗੂ ਹਰਪਾਲ ਸਿੰਘ ਪੇਧਨੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪ੍ਰਸਤਾਵਿਤ ਬਿਜਲੀ ਸੋਧ ਬਿੱਲ ਆਮ ਜਨਤਾ, ਕਿਸਾਨਾਂ ਅਤੇ ਮਜ਼ਦੂਰਾਂ ਲਈ ਮਾਰੂ ਸਾਬਿਤ ਹੋਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨਰੇਗਾ ਦੇ ਬਜਟ ਵਿੱਚ ਕਟੌਤੀ, ਨਵੇਂ ਲੇਬਰ ਕੋਡ ਅਤੇ ਬੀਜ ਐਕਟ ਵਰਗੇ ਕਾਲੇ ਕਾਨੂੰਨ ਲਿਆ ਕੇ ਦੇਸ਼ ਦੇ ਕੁਦਰਤੀ ਸਰੋਤਾਂ ਅਤੇ ਕਿਰਤ ਨੂੰ ਕਾਰਪੋਰੇਟ ਘਰਾਣਿਆਂ ਦੀ ਝੋਲੀ ਵਿੱਚ ਪਾਉਣਾ ਚਾਹੁੰਦੀ ਹੈ। ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਇਹ ਬਿੱਲ ਲਾਗੂ ਹੁੰਦੇ ਹਨ, ਤਾਂ ਖੇਤੀਬਾੜੀ ਅਤੇ ਆਮ ਵਰਗ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਜਾਵੇਗਾ। ਮੀਟਿੰਗ ਦੌਰਾਨ ਪਿੰਡ ਜਿਉਂਦ ਅਤੇ ਚਾਉਕੇ ਦੇ ਗ੍ਰਿਫ਼ਤਾਰ ਕੀਤੇ ਗਏ ਕਿਸਾਨਾਂ ਦਾ ਮੁੱਦਾ ਵੀ ਭਖਿਆ।

ਜਥੇਬੰਦੀ ਨੇ ਸਰਕਾਰ ਦੇ ਇਸ ਵਤੀਰੇ ਨੂੰ ਜਮਹੂਰੀ ਹੱਕਾਂ ਦਾ ਘਾਣ ਦੱਸਦਿਆਂ ਮੰਗ ਕੀਤੀ ਕਿ ਗ੍ਰਿਫ਼ਤਾਰ ਕਿਸਾਨਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਦਿੱਤੇ ਜਾ ਰਹੇ ਧਰਨਿਆਂ ਵਿੱਚ ਧੂਰੀ ਬਲਾਕ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਮਜ਼ਦੂਰ ਸ਼ਮੂਲੀਅਤ ਕਰਨਗੇ। ਆਗੂਆਂ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਇਨ੍ਹਾਂ ਮਾਰੂ ਨੀਤੀਆਂ ਬਾਰੇ ਜਾਗਰੂਕ ਕੀਤਾ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਕਿਲਾ ਹਕੀਮਾਂ, ਮਹਿੰਦਰ ਸਿੰਘ ਭਸੌੜ ਅਤੇ ਕਿਰਪਾਲ ਸਿੰਘ ਧੂਰੀ ਸਮੇਤ ਵੱਡੀ ਗਿਣਤੀ ਵਿੱਚ ਜਥੇਬੰਦੀ ਦੇ ਆਗੂ ਅਤੇ ਵਰਕਰ ਹਾਜ਼ਰ ਸਨ। ਕਿਸਾਨ ਆਗੂਆਂ ਨੇ ਅਖੀਰ ਵਿੱਚ ਅਹਿਦ ਲਿਆ ਕਿ ਜਦੋਂ ਤੱਕ ਕੇਂਦਰ ਸਰਕਾਰ ਆਪਣੇ ਲੋਕ ਮਾਰੂ ਫ਼ੈਸਲੇ ਵਾਪਸ ਨਹੀਂ ਲੈਂਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।

## ਫ਼ਿਰੋਜ਼ਪੁਰ ਰੇਲਵੇ ਸਟੇਸ਼ਨ 'ਤੇ ਚਲਾਇਆ 'ਕਾਸੋ' ਸਰਚ ਆਪ੍ਰੇਸ਼ਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

26 ਜਨਵਰੀ ਨੂੰ ਮਨਾਏ ਜਾਣ ਵਾਲੇ ਗਣਤੰਤਰ ਦਿਵਸ ਦੇ ਸਬੰਧ ਵਿਚ ਦੇਸ਼ ਭਰ ਵਿਚ ਸੁਰੱਖਿਆ ਏਜੰਸੀਆਂ ਹਾਈ ਅਲਰਟ 'ਤੇ ਹਨ।

ਇਸੇ ਲੜੀ ਤਹਿਤ ਸੀਨੀਅਰ ਅਧਿਕਾਰੀਆਂ ਅਤੇ ਜੀ.ਆਰ.ਪੀ ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਬੁੱਧਵਾਰ ਨੂੰ 'ਕਾਸੋ' ਚਰਚ ਆਪਰੇਸ਼ਨ ਚਲਾਇਆ ਗਿਆ। ਇਸ ਸਰਚ ਆਪ੍ਰੇਸ਼ਨ ਦੀ ਅਗਵਾਈ ਜੀ.ਆਰ.ਪੀ. ਥਾਣਾ ਮੁੱਖੀ ਇੰਸਪੈਕਟਰ ਨਵੀਨ ਕੁਮਾਰ, ਥਾਣਾ ਸਦਰ ਫ਼ਿਰੋਜ਼ਪੁਰ ਦੇ ਮੁੱਖ ਅਫ਼ਸਰ ਅਤੇ ਆਰ.ਪੀ.ਐੱਫ. ਦੇ ਸਟਾਫ਼ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਪੁਲਿਸ ਅਤੇ ਰੇਲਵੇ ਸੁਰੱਖਿਆ ਬਲਾਂ ਨੇ ਸਟੇਸ਼ਨ ਦੇ ਸਾਰੇ ਪਲੇਟਫਾਰਮਾਂ, ਪਾਰਕਿੰਗ ਖੇਤਰ, ਪਾਰਸਲ ਘਰ ਅਤੇ ਵੇਟਿੰਗ ਹਾਲ ਦੀ ਬਾਰੀਕੀ ਨਾਲ ਜਾਂਚ ਕੀਤੀ। ਇਨ੍ਹਾਂ ਹੀ ਨਹੀਂ, ਰੇਲਵੇ ਟਰੈਕਾਂ ਦੇ ਆਲੇ-ਦੁਆਲੇ ਅਤੇ ਸਟੇਸ਼ਨ ਦੇ ਐਂਟਰੀ ਪੁਆਇੰਟਾਂ 'ਤੇ ਵੀ ਕਰੜੀ ਨਜ਼ਰ ਰੱਖੀ ਗਈ। ਸਰਚ ਆਪ੍ਰੇਸ਼ਨ ਦੌਰਾਨ ਰੇਲਵੇ ਸਟੇਸ਼ਨ 'ਤੇ ਮੌਜੂਦ ਯਾਤਰੀਆਂ ਦੇ ਸਾਮਾਨ ਦੀ ਮੈਟਲ ਡਿਟੈਕਟਰਾਂ ਅਤੇ ਹੋਰ ਆਧੁਨਿਕ ਉਪਕਰਨਾਂ ਨਾਲ ਚੈਕਿੰਗ ਕੀਤੀ ਗਈ।

## 12 ਹਜ਼ਾਰ ਤੋਂ ਵੱਧ ਲੋਕ ਸੀ ਐੱਮ ਦੀ ਯੋਗਸ਼ਾਲਾ ਤਹਿਤ ਹੋਏ ਰਜਿਸਟਰਡ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਦੀ ਸੀਐਮ ਦੀ ਯੋਗਸ਼ਾਲਾ ਮੁਹਿੰਮ ਜ਼ਿਲ੍ਹੇ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ।ਹਰ ਉਮਰ ਦੇ ਲੋਕਾਂ ਵੱਲੋਂ ਇਸ ਮੁਹਿੰਮ ਵਿਚ ਆਪਣੀ ਸਵੈ-ਇੱਛਾ ਤੇ ਉਤਸਾਹਪੂਰਵਕ ਭਾਗੀਦਾਰੀ ਦਿਖਾਉਂਦਿਆਂ ਹੋਇਆ ਵਧ-ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ।ਇਹ ਜਾਣਕਾਰੀ ਪ੍ਰੋਜੈਕਟ ਦੇ ਜ਼ਿਲ੍ਹਾ ਨੋਡਲ ਅਫਸਰ ਐਸ.ਡੀ.ਐਮ. ਕ੍ਰਿਸ਼ਨ ਪਾਲ ਰਾਜਪੂਤ ਨੇ ਦਿੱਤੀ। ਐਸ.ਡੀ.ਐਮ. ਨੇ ਦੱਸਿਆ ਕਿ 12 ਹਜ਼ਾਰ ਤੋਂ ਵੱਧ ਲੋਕਾਂ ਵੱਲੋਂ ਸੀ.ਐਮ. ਦੀ ਯੋਗਸ਼ਾਲਾ ਮੁਹਿੰਮ ਵਿਚ ਰਜਿਸਟ੍ਰੇਸ਼ਨ ਕਰਾਉਂਦਿਆਂ ਯੋਗਾ ਕਲਾਸਾਂ ਵਿਖੇ ਹਾਜ਼ਰੀ ਯਕੀਨੀ ਬਣਾਈ ਜਾ ਰਹੀ ਹੈ।ਜ਼ਿਲ੍ਹੇ ਅੰਦਰ 300 ਤੋਂ ਵੱਧ ਥਾਂਵਾਂ 'ਤੇ 30 ਟ੍ਰੇਨਰਾਂ ਤੇ 52 ਡਿਪਲੋਮਾ ਹੋਲਡਰਾਂ ਵੱਲੋਂ ਯੋਗਾ ਰਾਹੀਂ ਲੋਕਾਂ ਨੂੰ ਤੰਦਰੁਸਤ ਰੱਖਿਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਸਮੇਤ ਹਰ ਉਮਰ ਦੇ ਲੋਕਾਂ ਨੂੰ ਸਿਹਤਮੰਤ ਰੱਖਣ ਲਈ ਸੀ.ਐਮ. ਦੀ ਯੋਗਸ਼ਾਲਾ ਮੁਹਿੰਮ ਚਲਾਈ ਗਈ ਹੈ, ਜਿਸ ਦਾ ਹਰੇਕ ਨਾਗਰਿਕ ਨੂੰ ਲਾਹਾ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਯੋਗ ਅਭਿਆਸ ਰਾਹੀਂ ਅਸੀਂ ਆਪਣੇ ਆਪ ਨੂੰ ਚਿੰਤਾਮੁਕਤ ਕਰਦੇ ਹਾਂ, ਜਿਸ ਨਾਲ ਮਨ ਤੇ ਸਾਡੇ ਸ਼ਰੀਰ ਨੂੰ ਸ਼ਾਂਤੀ ਮਿਲਦੀ ਹੈ।ਇਸੇ ਤਰ੍ਹਾਂ ਯੋਗ ਕਰਨ ਨਾਲ ਅਸੀਂ ਸਰੀਰਕ ਅਤੇ ਮਾਨਸਿਕ ਪੱਖੋਂ ਤੰਦਰੁਸਤ ਹੁੰਦੇ ਹਾਂ। ਉਨ੍ਹਾਂ ਦੱਸਿਆ ਕਿ ਯੋਗਾ ਕਰਨ ਤੋਂ ਬਾਅਦ ਲੋਕਾਂ ਨੂੰ ਕਾਫੀ ਰਾਹਤ ਮਹਿਸੂਸ ਹੋਈ ਹੈ ਤੇ ਅਨੇਕਾਂ ਬਿਮਾਰੀਆਂ ਤੋਂ ਛੁਟਕਾਰਾ ਪਾ ਲਿਆ ਹੈ। ਜ਼ਿਲ੍ਹਾ ਕੋਆਰਡੀਨੇਟਰ ਰਾਧੇ ਸ਼ਾਮ ਨੇ ਕਿਹਾ ਕਿ ਯੋਗਾ ਸਿਖਣ ਦੇ ਚਾਹਵਾਨਾਂ ਲਈ ਪੰਜਾਬ ਸਰਕਾਰ ਨੇ ਹੈਲਪਲਾਈਨ ਨੰਬਰ 76694-00500 ਸਥਾਪਤ ਕੀਤਾ ਹੈ, ਜਿਸ 'ਤੇ ਮੁਫ਼ਤ ਯੋਗ ਕਲਾਸਾਂ ਆਪਣੇ ਮੁਹੱਲੇ 'ਚ ਲਾਉਣ ਲਈ ਲੋਕ ਮਿਸ ਕਾਲ ਕਰ ਸਕਦੇ ਹਨ।

## ਲੋਹੜੀ ਤੇ ਮਾਘੀ ਦੀ ਖੁਸ਼ੀ ਸਾਂਝੇਪਣ ਦੇ ਰੰਗਾਂ ਨਾਲ ਮਨਾਈ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਕੈਂਪਸ ਵਿੱਚ ਠੰਡ ਦੇ ਮੌਸਮ ਵਿੱਚ ਗਰਮੀ, ਰੰਗ ਤੇ ਤਿਉਹਾਰੀ ਉਤਸ਼ਾਹ ਨਾਲ ਜੀਵੰਤ ਹੋ ਗਿਆ, ਜਦੋਂ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਤੇ ਸਟਾਫ ਨੇ ਪ੍ਰੰਪਰਾਗਤ ਪੰਜਾਬੀ ਤਿਉਹਾਰ ਲੋਹੜੀ ਤੇ ਮਾਘੀ ਮਨਾਏ।ਇਹ ਤਿਉਹਾਰ ਪੰਜਾਬ ਦੀ ਸਮਿਰੱਧ ਸਾਂਸਕ੍ਰਿਤਿਕ ਵਿਰਾਸਤ ਅਤੇ ਇਕਤਾਵਾਦੀ ਭਾਵਨਾ ਨੂੰ ਦਰਸਾਉਂਦੇ ਹਨ।ਕਾਰਜਕ੍ਰਮ ਦੀ ਸ਼ੁਰੂਆਤ ਡਾ. ਸਿਕੰਦਰ ਸਿੰਘ, ਡੀਨ ਵਿਦਿਆਰਥੀ ਭਲਾਈ ਦੇ ਸਵਾਗਤ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਅਕਾਦਮਿਕ ਸੰਸਥਾਵਾਂ ਵਿੱਚ ਸੰਸਕ੍ਰਿਤਿਕ ਪ੍ਰੰਪਰਾਵਾਂ ਮਨਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੇ ਸਮਾਗਮ ਵਿਦਿਆਰਥੀਆਂ ਵਿੱਚ ਸਮਾਜਿਕ ਬੰਧਨ, ਸੰਸਕ੍ਰਿਤਿਕ ਜਾਗਰੂਕਤਾ ਅਤੇ ਭਾਵਨਾਤਮਕ ਸੁਖ-ਸਮਰੱਥਾ ਨੂੰ ਵਧਾਉਂਦੇ ਹਨ, ਨਾਲ ਹੀ ਯੂਨੀਵਰਸਿਟੀ ਸਮੁਦਾਇ ਵਿੱਚ ਸਹਿਯੋਗ, ਸ਼ਾਮਲ ਹੋਣ ਤੇ ਇੱਕ ਅਹਿਸਾਸ ਪੈਦਾ ਕਰਨ ਵਿੱਚ ਸਹਾਇਕ ਹੁੰਦੇ ਹਨ।ਉਤਸਵਾਂ ਦਾ ਮੁੱਖ ਆਕਰਸ਼ਣ ਪ੍ਰੋ. (ਡਾ.) ਪ੍ਰਿਤਪਾਲ ਸਿੰਘ, ਵਾਈਸ ਚਾਂਸਲਰ ਵੱਲੋਂ ਪਰੰਪਰਾਗਤ ਲੋਹੜੀ ਦੀ ਅੱਗ ਜਲਾਉਣਾ ਸੀ, ਜਿਨ੍ਹਾਂ ਸਾਰਿਆਂ ਨੂੰ ਤਿਉਹਾਰੀ ਮੁਬਾਰਕਾਂ ਦਿੱਤੀਆਂ।ਆਪਣੇ ਭਾਸ਼ਣ ਵਿੱਚ ਵਾਈਸ ਚਾਂਸਲਰ ਨੇ ਲੋਹੜੀ ਅਤੇ ਮਾਘੀ ਦੀ ਸਾਂਸਕ੍ਰਿਤਿਕ ਤੇ ਆਧਿਆਤਮਿਕ ਮਹੱਤਤਾ ਬਿਆਨ ਕੀਤੀ, ਇਹ ਦੱਸਿਆ ਕਿ ਇਹ ਤਿਉਹਾਰ ਕੁਦਰਤ ਦੀ ਸਮਿਰਧੀ ਲਈ ਧੰਨਵਾਦ, ਆਸ ਦਾ ਨਵੀਨੀਕਰਨ ਤੇ ਨਵੀਆਂ ਸ਼ੁਰੂਆਤਾਂ ਦਾ ਪ੍ਰਤੀਕ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਸਾਂਸਕ੍ਰਿਤਿਕ ਵਿਰਾਸਤ ਨਾਲ ਜੁੜੇ ਰਹਿਣ ਅਤੇ ਇਕਤਾ, ਆਪਸੀ ਸਤਿਕਾਰ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਮੁੱਲਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।ਸਮਾਗਮ ਨੂੰ ਇੱਕ ਵਿਸ਼ੇਸ਼ ਤੇ ਅਰਥਪੂਰਨ ਪਹਿਲ ਦਿੰਦਿਆਂ, ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਇਸ ਸਾਲ ਦੀ ਲੋਹੜੀ ਮਨਾਉਣ ਦੀ ਸਮਰਪਣ ਵਿਦਿਆਰਥੀਆਂ ਦੀਆਂ ਗਿਆਨ ਤੇ ਖੇਡਾਂ ਵਿੱਚ ਉਪਲਬਧੀਆਂ ਤੇ ਯੂਨੀਵਰਸਿਟੀ ਦੀ ਵਿਕਾਸ ਅਤੇ ਸਮੁਦਾਇਕ ਭਾਵਨਾ ਵਿੱਚ ਫੈਕਲਟੀ ਅਤੇ ਸਟਾਫ ਦੇ ਯੋਗਦਾਨ ਦੀ ਸਵੀਕਾਰਤਾ ਲਈ ਕੀਤੀ।

# ਡੀ ਬੀ ਯੂ ਦੇ ਚਾਂਸਲਰ ਵੱਲੋਂ ਸ੍ਰੀਲੰਕਾ ਦੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਦਾ ਐਲਾਨ




**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ ਨੂੰ ਆਪਣੇ ਕੈਂਪਸ ਦੀ ਵਿਸ਼ੇਸ਼ ਫੇਰੀ ਦੌਰਾਨ ਭਾਰਤ ਵਿੱਚ ਸ਼੍ਰੀਲੰਕਾ ਦੀ ਹਾਈ ਕਮਿਸ਼ਨਰ ਸ਼੍ਰੀਮਤੀ ਪ੍ਰਦੀਪਾ ਮਾਹਿਸ਼ਿਨੀ ਕੋਲੋਨ ਦੀ ਮੇਜ਼ਬਾਨੀ ਕਰਨ ਦਾ ਮਾਣ ਪ੍ਰਾਪਤ ਹੋਇਆ।ਇਹ ਫੇਰੀ ਪੰਜਾਬ ਦੇ ਪ੍ਰਸਿੱਧ ਤਿਉਹਾਰ ਲੋਹੜੀ ਦੇ ਮੌਕੇ ਨਾਲ ਹੋਈ, ਜੋ ਨਿੱਘ, ਨਵੀਂ ਸ਼ੁਰੂਆਤ ਅਤੇ ਭਾਰਤ-ਸ਼੍ਰੀਲੰਕਾ ਦਰਮਿਆਨ ਸਾਂਝੇ ਸੱਭਿਆਚਾਰਕ ਤੇ ਸੱਭਿਆਚਾਰਕ ਮੁੱਲਾਂ ਦੀ ਪ੍ਰਤੀਕ ਹੈ। ਫੇਰੀ ਦੌਰਾਨ ਹਾਈ ਕਮਿਸ਼ਨਰ ਨੇ ਦੇਸ਼ ਭਗਤ ਯੂਨੀਵਰਸਿਟੀ ਦੇ ਬੁੱਧ ਧਰਮ ਤੇ ਅੰਤਰ-ਧਰਮ ਅਧਿਐਨ ਲਈ ਅੰਤਰਰਾਸ਼ਟਰੀ ਕੇਂਦਰ ਦਾ ਦੌਰਾ ਵੀ ਕੀਤਾ।ਉਨ੍ਹਾਂ ਬੁੱਧ ਧਰਮ ਦੇ ਸ਼ਾਂਤੀ, ਦਇਆ, ਸਦਭਾਵਨਾ ਤੇ ਅੰਤਰ-ਧਰਮ ਸੰਵਾਦ ਵਰਗੇ ਸਦੀਵੀ ਮੁੱਲਾਂ ਨੂੰ ਪ੍ਰੋਤਸਾਹਿਤ ਕਰਨ ਲਈ ਯੂਨੀਵਰਸਿਟੀ ਦੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਭਾਰਤ ਤੇ ਸ਼੍ਰੀਲੰਕਾ ਜੋ ਡੂੰਘੀਆਂ ਬੌਧਿਕ ਅਤੇ ਸੱਭਿਆਚਾਰਕ ਜੜ੍ਹਾਂ ਸਾਂਝੀਆਂ ਕਰਦੇ ਹਨ, ਦਰਮਿਆਨ ਸੱਭਿਆਚਾਰਕ ਸਮਝ ਅਤੇ ਆਧਿਆਤਮਿਕ ਸੰਪਰਕ ਮਜ਼ਬੂਤ ਕਰਨ ਵਿੱਚ ਅਜਿਹੇ ਕੇਂਦਰ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਹਾਈ ਕਮਿਸ਼ਨਰ ਦਾ ਸਵਾਗਤ ਕਰਦਿਆਂ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਦੋਸਤੀ ਤੇ ਵਿਦਿਅਕ ਸਹਿਯੋਗ ਦੇ ਪ੍ਰਤੀਕ ਵਜੋਂ ਸ਼੍ਰੀਲੰਕਾ ਦੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਸਕਾਲਰਸ਼ਿਪ ਪਹਿਲਕਦਮੀ ਦਾ ਐਲਾਨ ਕੀਤਾ।ਇਸ ਤਹਿਤ ਯੂਨੀਵਰਸਿਟੀ ਵੱਲੋਂ ਸ਼੍ਰੀਲੰਕਾ ਦੇ ਯੋਗ ਵਿਦਿਆਰਥੀਆਂ ਲਈ ਚੁਣੇ ਹੋਏ ਨਿਯਮਤ ਕੈਂਪਸ ਪ੍ਰੋਗਰਾਮਾਂ ਵਿੱਚ ਦੋ ਪੂਰੀ-ਫ਼ੀਸ ਸਕਾਲਰਸ਼ਿਪਾਂ ਤੇ ਯੂਜੀਸੀ-ਹੱਕਦਾਰ ਔਨਲਾਈਨ ਪ੍ਰੋਗਰਾਮਾਂ ਲਈ ਪੂਰੀ ਸਕਾਲਰਸ਼ਿਪ ਦਿੱਤੀ ਜਾਵੇਗੀ। ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕਿਹਾ ਕਿ ਸਿੱਖਿਆ ਦੇਸ਼ਾਂ ਦਰਮਿਆਨ ਸਭ ਤੋਂ ਮਜ਼ਬੂਤ ਪੁਲ ਹੁੰਦੀ ਹੈ।

ਉਨ੍ਹਾਂ ਵਿਦਿਆਰਥੀ ਤੇ ਫੈਕਲਟੀ ਆਦਾਨ-ਪ੍ਰਦਾਨ, ਸੰਯੁਕਤ ਖੋਜ, ਨਵੀਨਤਾ ਤੇ ਸੱਭਿਆਚਾਰਕ ਸ਼ਮੂਲੀਅਤ ਰਾਹੀਂ ਸ਼੍ਰੀਲੰਕਾ ਨਾਲ ਅਕਾਦਮਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦੁਹਰਾਇਆ। ਸ਼੍ਰੀਮਤੀ ਪ੍ਰਦੀਪਾ ਮਾਹਿਸ਼ਿਨੀ ਕੋਲੋਨ ਨੇ ਇਸ ਪਹਿਲਕਦਮੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਿੱਖਿਆ ਸਦਾ ਹੀ ਭਾਰਤ-ਸ਼੍ਰੀਲੰਕਾ ਸੰਬੰਧਾਂ ਦੀ ਮਜ਼ਬੂਤ ਨੀਂਹ ਰਹੀ ਹੈ।ਸਕਾਲਰਸ਼ਿਪਾਂ ਤੇ ਅਕਾਦਮਿਕ ਸਹਿਯੋਗ ਵਰਗੀਆਂ ਪਹਿਲਕਦਮੀਆਂ ਸਿਰਫ਼ ਸਾਡੇ ਨੌਜਵਾਨਾਂ ਨੂੰ ਸਸ਼ਕਤ ਨਹੀਂ ਕਰਦੀਆਂ, ਸਗੋਂ ਦੋਹਾਂ ਦੇਸ਼ਾਂ ਦਰਮਿਆਨ ਲੋਕ-ਤੋਂ-ਲੋਕ ਸੰਬੰਧਾਂ, ਆਪਸੀ ਸਮਝ ਅਤੇ ਸਾਂਝੇ ਵਿਕਾਸ ਨੂੰ ਵੀ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਨੇ ਸਿੱਖਿਆ, ਸੱਭਿਆਚਾਰ ਅਤੇ ਮਨੁੱਖੀ ਸਰੋਤ ਵਿਕਾਸ ਦੇ ਖੇਤਰਾਂ ਵਿੱਚ ਸ਼੍ਰੀਲੰਕਾ ਪ੍ਰਤੀ ਭਾਰਤ ਦੇ ਨਿਰੰਤਰ ਸਮਰਥਨ ਦੀ ਪ੍ਰਸ਼ੰਸਾ ਕੀਤੀ ਤੇ ਦੋਹਾਂ ਦੇਸ਼ਾਂ ਦੀਆਂ ਅਕਾਦਮਿਕ ਸੰਸਥਾਵਾਂ ਦਰਮਿਆਨ ਡੂੰਘੇ ਸਹਿਯੋਗ ਦਾ ਸਵਾਗਤ ਕੀਤਾ।

## ਤਸਕਰ 4 ਕਿੱਲੋ 13 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਪੁਲਿਸ ਨੂੰ ਦੋ ਤਸਕਰਾਂ ਕੋਲੋਂ 4 ਕਿਲੋ 13 ਗ੍ਰਾਮ ਹੈਰੋਇਨ ਅਤੇ ਇਕ ਮੋਟਰਸਾਈਕਲ ਬਰਾਮਦ ਕਰਨ ਵਿਚ ਵੱਡੀ ਸਫਲਤਾ ਹਾਸਲ ਹੋਈ ਹੈ।

ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਥਾਣਾ ਮਮਦੋਟ ਦੀ ਪੁਲਿਸ ਦੇ ਇੰਸਪੈਕਟਰ ਗੁਰਪ੍ਰੀਤ ਸਿੰਘ ਦੀ ਅਗਵਾਈ ਵਿਚ ਉਨ੍ਹਾਂ ਦੀ ਪੁਲਿਸ ਪਾਰਟੀ ਵਿਸ਼ੇਸ਼ ਨਾਕਾਬੰਦੀ ਦੌਰਾਨ ਟੀ ਪੁਆਇੰਟ ਮਮਦੋਟ ਨੇੜੇ ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਮੌਜੂਦ ਸੀ। ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਪੋਲਸ ਪੁੱਤਰ ਮੇਜਰ ਸਿੰਘ ਅਤੇ ਜਸਪ੍ਰੀਤ ਸਿੰਘ ਉਰਫ ਜੱਸਾ ਪੁੱਤਰ ਰੂੜਾ ਵਾਸੀ ਬੁੱਕਣ ਖਾਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਬਿਨਾਂ ਨੰਬਰ ਮੋਟਰਸਾਈਕਲ ਹਾਂਡਾ 'ਤੇ ਸਵਾਰ ਹੋ ਕੇ ਆਏ। ਉਨ੍ਹਾਂ ਦੀ ਤਲਾਸ਼ੀ ਕੀਤੀ ਗਈ ਤਾਂ ਉਨ੍ਹਾਂ ਕੋਲੋਂ 4 ਕਿਲੋ 13 ਗ੍ਰਾਮ ਹੈਰਇਨ ਸਮੇਤ ਮੋਮੀ ਪਾਰਦਰਸ਼ੀ ਲਿਫਾਫਾ ਬਰਾਮਦ ਹੋਇਆ। ਪੁਲਿਸ ਨੇ ਦੱਸਿਆ ਕਿ ਉਕਤ ਖਿਲਾਫ ਮਾਮਲਾ ਦਰਜ ਲਿਆ ਗਿਆ ਹੈ ਅਤੇ ਉਨ੍ਹਾਂ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ।

## ਬਾਰ ਐਸੋਸੀਏਸ਼ਨ ਨੇ ਲੋਹੜੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ)**-ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਦੀ ਅਗਵਾਈ ਹੇਠ ਜੁਡੀਸ਼ੀਅਲ ਕੋਰਟ ਕੰਪਲੈਕਸ ਸਮਾਣਾ ਵਿਖੇ ਲੋਹੜੀ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਲੋਹੜੀ ਸਮਾਗਮ ਵਿੱਚ ਜੱਜ ਮਨਦੀਪ ਸਿੰਘ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਿਵੀਜ਼ਨ ਸਮਾਣਾ, ਜੱਜ ਰਾਜਵਿੰਦਰ ਕੌਰ, ਜੱਜ ਮੋਹਣੀ ਗੋਇਲ, ਜੱਜ ਡਿੰਪਲ ਗਰਗ, ਜੱਜ ਜਸਲੀਨ ਕੌਰ ਬਵੇਜਾ, ਸਰਕਾਰੀ ਵਕੀਲ ਗੌਰਵ ਕੋਹਲੀ ਅਤੇ ਸੁਖਪ੍ਰੀਤ ਸਿੰਘ ਭੱਟੀ ਤੋਂ ਇਲਾਵਾ ਸੁਖਦੀਪ ਕੌਰ ਪਤਨੀ ਜੱਜ ਮਨਦੀਪ ਸਿੰਘ ਉਚੇਚੇ ਤੌਰ 'ਤੇ ਪਹੁੰਚੇ, ਜਿੱਥੇ ਉਹਨਾਂ ਦਾ ਪ੍ਰਧਾਨ ਨਵਦੀਪ ਸਿੰਘ ਢਿੱਲੋਂ, ਮੀਤ ਪ੍ਰਧਾਨ ਸੰਦੀਪ ਜਿੰਦਲ, ਸੈਕਟਰੀ ਕਸ਼ਮੀਰ ਸਿੰਘ ਚੂੰਬਰ ਦੀ ਅਗਵਾਈ ਵਿੱਚ ਸਮੂਹ ਬਾਰ ਮੈਂਬਰਾਂ ਨਿੱਘਾ ਸਵਾਗਤ ਕੀਤਾ।ਪ੍ਰਧਾਨ ਅਐਡਵੋਕੇਟ ਨਵਦੀਪ ਸਿੰਘ ਢਿੱਲੋਂ ਨੇ ਲੋਹੜੀ ਸਮਾਗਮ ਵਿੱਚ ਪਹੁੰਚਣ 'ਤੇ ਜੱਜ ਸਾਹਿਬਾਨ ਅਤੇ ਬਾਰ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਨੂੰ ਨਵੇਂ ਸਾਲ ਅਤੇ ਲੋਹੜੀ ਦੀਆਂ ਵਧਾਈਆਂ ਦਿੱਤੀਆਂ।ਉਹਨਾਂ ਦੱਸਿਆ ਕਿ ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਨਵਾਂ ਸਾਲ ਅਤੇ ਲੋਹੜੀ ਦਾ ਤਿਉਹਾਰ ਇਕੱਠਾ ਮਨਾਇਆ ਜਾਂਦਾ ਹੈ। ਉਹਨਾਂ ਸਾਰਿਆਂ ਲਈ ਅਰਦਾਸ ਬੇਨਤੀ ਕੀਤੀ ਕਿ ਨਵਾਂ ਸਾਲ ਅਤੇ ਲੋਹੜੀ ਦਾ ਤਿਉਹਾਰ ਸਭਨਾਂ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ, ਹਰ ਘਰ ਵਿੱਚ ਖੁਸ਼ਹਾਲੀ ਹੋਵੇ, ਸਾਰਿਆਂ ਵਿੱਚ ਆਪਸੀ ਭਾਈਚਾਰਕ ਸਾਂਝ, ਪ੍ਰੇਮ ਪਿਆਰ ਬਣਿਆ ਰਹੇ, ਸਾਰੇ ਇੱਕ ਦੂਜੇ ਦਾ ਸਤਿਕਾਰ ਕਰਦੇ ਹੋਏ ਜੀਵਨ ਬਤੀਤ ਕਰਨ। ਉਹਨਾਂ ਇਹ ਵੀ ਕਿਹਾ ਕਿ ਬਾਰ ਅਤੇ ਬੈਂਚ ਦਾ ਆਪਸੀ ਤਾਲਮੇਲ ਬਹੁਤ ਵਧੀਆ ਚੱਲ ਰਿਹਾ ਹੈ ਤੇ ਅੱਗੇ ਵੀ ਇਸੇ ਤਰ੍ਹਾਂ ਚੱਲਦਾ ਰਹੇਗਾ। ਅਡੀਸ਼ਨਲ ਸਿਵਲ ਜੱਜ ਸੀਨੀਅਰ ਡਿਵੀਜ਼ਨ ਜੱਜ ਮਨਦੀਪ ਸਿੰਘ ਨੇ ਸਾਰੇ ਜੁਡੀਸ਼ੀਅਲ ਅਫਸਰਾਂ ਵੱਲੋਂ ਬਾਰ ਐਸੋਸੀਏਸ਼ਨ ਸਮਾਣਾ ਦਾ ਲੋਹੜੀ ਸਮਾਗਮ ਵਿੱਚ ਬੁਲਾਉਣ 'ਤੇ ਧੰਨਵਾਦ ਕੀਤਾ ਅਤੇ ਸਾਰੇ ਬਾਰ ਮੈਂਬਰਾਂ ਨੂੰ ਲੋਹੜੀ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ। ਸਟੇਜ ਦੀ ਭੂਮਿਕਾ ਐਡਵੋਕੇਟ ਕਸ਼ਮੀਰ ਸਿੰਘ ਚੂੰਬਰ ਨੇ ਨਿਭਾਈ।ਇਸ ਮੌਕੇ ਸੀਨੀਅਰ ਐਡਵੋਕੇਟ ਸਾਬਕਾ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਦਵਿੰਦਰ ਸਿੰਘ ਢਿੱਲੋਂ,ਰਾਜ ਕੁਮਾਰ ਭਾਨ, ਸਾਬਕਾ ਪ੍ਰਧਾਨ ਹਰਸਿਮਰਨ ਸਿੰਘ ਤੱਤਲਾ, ਪ੍ਰਿਥਪਾਲ ਸਿੰਘ ਰਵੇਲ, ਵਿਕਾਸ ਸ਼ਰਮਾ, ਗੁਰਵਿੰਦਰ ਸਿੰਘ ਗੋਲਣ, ਨਿਰਲੇਪ ਕੌਰ, ਰਵਿੰਦਰ ਸਹੋਤਾ, ਪਰਮਿੰਦਰ ਸਿੰਘ ਕੰਡਾ, ਗੁਰਵਿੰਦਰ ਸਿੰਘ ਕਾਲੇਕਾ, ਅਨਮੋਲ ਘਈ, ਮਾਨ ਸਿੰਘ ਗਿੱਲ, ਰੋਮੀ ਵਡੇਰਾ, ਐਚ ਪੀ ਸਿੰਘ, ਲਵਲੀ ਗਰਗ,ਅਰਵਿੰਦਰ ਸਿੰਘ ਸੇਖੋਂ, ਜਸਵਿੰਦਰ ਸਿੰਘ ਗੋਲਣ ਅਰੁਣਦੀਪ ਸੰਧੂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵਕੀਲ ਸਾਹਿਬਾਨ ਹਾਜ਼ਰ ਸਨ

# ਮੁਲਾਜ਼ਮਾਂ ਦੇ ਬੱਚਿਆਂ ਨੂੰ ਨਕਲ ਕਰਾ ਕੇ ਨੌਕਰੀ ਦਿਵਾਉਣ ਦੇ ਲੱਗੇ ਦੋਸ਼



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਅਧਿਆਪਕਾਂ ਤੇ ਪ੍ਰਿੰਸੀਪਲਾਂ ਦੇ ਬੱਚਿਆਂ ਨੂੰ ਨਕਲ ਕਰਾ ਕੇ ਨੌਕਰੀ ਹਾਸਲ ਕਰਾਉਣ ਵਿੱਚ ਕਾਮਯਾਬ ਹੋ ਗਏ ਹਨ। ਇਹ ਸਾਰੇ ਦੋਸ਼ ਬਠਿੰਡਾ ਦੀ ਜਿਲ੍ਹਾ ਲਾਇਬਰੇਰੀ ਵਿੱਚ ਨੌਕਰੀ ਲਈ ਤਿਆਰੀ ਕਰ ਰਹੇ ਨੌਜਵਾਨ ਅਵਤਾਰ ਸਿੰਘ, ਗੁਰਸੇਵਕ ਸਿੰਘ, ਜਸਕਰਨ ਸਿੰਘ, ਵਿਜੇ ਗੋਇਲ, ਅਰੁਣ ਕੁਮਾਰ ਜਸਵਿੰਦਰ ਸਿੰਘ, ਕੀਰਤੀ ਪਾਲ ਸਿੰਘ ਸਮੇਤ 50 ਦੇ ਕਰੀਬ ਨੌਜਵਾਨਾਂ ਨੇ ਲਾਏ ਹਨ।ਉਨ੍ਹਾਂ ਕਿਹਾ ਕਿ 21 ਦਸੰਬਰ 2025 ਨੂੰ 300 ਤੋਂ ਵੱਧ ਬੀ ਗ੍ਰੇਡ ਦੀਆਂ ਪੋਸਟਾਂ ਆਈਆਂ, ਜਿਸ ਵਿੱਚ 36 ਪੋਸਟਾਂ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਦੀਆਂ ਸਨ, ਜਿਸ 'ਚੋਂ ਪਹਿਲੇ 5 ਬੱਚੇ ਬਠਿੰਡੇ ਤੋਂ ਮੈਰਿਟ ਵਿੱਚ ਆਏ ਹਨ, ਜਿਨ੍ਹਾਂ ਦੇ ਮਾਂ-ਪਿਓ ਸਰਕਾਰੀ ਅਧਿਆਪਕ ਤੇ ਸਕੂਲ ਪ੍ਰਿੰਸੀਪਲ ਹਨ।ਇੱਕ ਲਿਖਤੀ ਸ਼ਿਕਾਇਤ ਸਾਹਮਣੇ ਆਈ ਹੈ, ਜਿਸ 'ਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਜਗਤਾਰ ਸਿੰਘ ਦਾ ਨਾਂਅ ਉਭਰ ਕੇ ਸਾਹਮਣੇ ਆਇਆ ਹੈ ਕਿ ਉਹ ਇਸ ਭਰਤੀ ਘੁਟਾਲੇ ਦੇ ਕਰਤਾ-ਧਰਤਾ ਹਨ।ਇਸ ਦੇ ਨਾਲ ਹੀ ਕਈ ਹੋਰ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਦੇ ਨਾਂਅ ਵੀ ਇਸ ਪੱਤਰ ਵਿੱਚ ਨਸ਼ਰ ਹੋਏ ਹਨ।

ਨੌਜਵਾਨਾਂ ਨੇ ਦੱਸਿਆ ਕਿ ਜਿਹੜੇ ਬਠਿੰਡੇ ਦੇ ਬੱਚੇ ਕਲਰਕ ਦਾ ਪੇਪਰ ਨਹੀਂ ਕੱਢ ਸਕੇ ਭਾਵ ਉਨ੍ਹਾਂ ਦੇ ਕਲਰਕ ਦੇ ਪੇਪਰ ਵਿੱਚੋਂ 40 ਨੰਬਰ ਆਏ ਹਨ, ਉਨ੍ਹਾਂ ਨੇ ਖਜ਼ਾਨਾ ਅਫਸਰ ਅਤੇ ਹੋਰ ਪੋਸਟਾਂ ਦੇ ਲਈ ਹੋਏ ਪੇਪਰ ਵਿੱਚੋਂ 120 ਨੰਬਰਾਂ ਵਿੱਚੋਂ 117 ਨੰਬਰ ਕਿਵੇਂ ਹਾਸਲ ਕਰ ਲਏ ? ਜਦੋਂਕਿ ਇਨ੍ਹਾਂ ਬੱਚਿਆਂ ਨੇ ਕਿਸੇ ਵੀ ਸੈਂਟਰ ਵਿੱਚੋਂ ਕੋਈ ਤਿਆਰੀ ਨਹੀਂ ਕੀਤੀ। ਨੌਜਵਾਨਾਂ ਨੇ ਕਿਹਾ ਕਿ ਜੋ ਪ੍ਰੀਖਿਆ ਕੇਂਦਰਾਂ ਵਿੱਚ ਅਧਿਆਪਕ ਜਾਂ ਸੁਪਰਡੈਂਟ ਹੁੰਦਾ ਹੈ, ਉਸ ਦੀ ਮਿਲੀਭੁਗਤ ਨਾਲ ਇਹ ਸਾਰੀ ਘਪਲੇਬਾਜ਼ੀ ਹੁੰਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪ੍ਰੀਖਿਆ ਕੇਂਦਰਾਂ ਵਿੱਚ ਲੱਗੇ ਜੈਮਰ ਦੀ ਖਰਾਬ ਹੁੰਦੇ ਹਨ ਤੇ ਗੈਰ- ਹਾਜ਼ਰ ਉਮੀਦਵਾਰਾਂ ਦੇ ਪੇਪਰਾਂ ਦੀਆਂ ਫੋਟੋਆਂ ਖਿੱਚ ਕੇ ਬਾਹਰ ਭੇਜੀਆਂ ਜਾਂਦੀਆਂ ਹਨ ਤੇ ਇੱਕ ਘਰ ਵਿੱਚ ਤਿਆਰੀ ਕਰਕੇ ਆਪਣਿਆਂ ਬੱਚਿਆਂ ਤੇ ਸਕੇ ਸਬੰਧੀਆਂ ਨੂੰ ਨਕਲ ਕਰਵਾਈ ਜਾਂਦੀ ਹੈ।ਨੌਜਵਾਨਾਂ ਨੇ ਇਸ ਭਰਤੀ ਸਬੰਧੀ ਡਿਪਟੀ ਕਮਿਸ਼ਨਰ ਬਠਿੰਡਾ ਰਾਜੇਸ਼ ਧੀਮਾਨ ਨੂੰ ਜਾਣਕਾਰੀ ਦੇਣੀ ਚਾਹੀ, ਪਰ ਉਨ੍ਹਾਂ ਕਿਹਾ ਕਿ ਉਹ ਇਸ ਸਬੰਧੀ ਵੀ ਪੀਐੱਸਐੱਸਐੱਸਬੀ ਨਾਲ ਹੀ ਸੰਪਰਕ ਕਰ ਸਕਦੇ ਹਨ ਤੇ ਨਾਲ ਹੀ ਬਠਿੰਡਾ 'ਚ ਉਦਘਾਟਨ ਕਰਨ ਦੇ ਲਈ ਪਹੁੰਚੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਦੀ ਕੋਸ਼ਿਸ਼ ਕੀਤੀ, ਪਰ ਨੌਜਵਾਨ ਕਾਮਯਾਬ ਨਹੀਂ ਹੋਏ।ਹੁਣ ਨੌਜਵਾਨਾਂ ਦਾ ਕਹਿਣਾ ਹੈ ਕਿ ਉਹ ਇਸ ਦੀ ਸ਼ਿਕਾਇਤ ਵਿਜੀਲੈਂਸ ਵਿਭਾਗ ਨੂੰ ਦੇਣਗੇ ਤੇ ਮਾਨਯੋਗ ਕੋਰਟ ਦਾ ਦਰਵਾਜ਼ਾ ਵੀ ਖੜਕਾਉਣਗੇ।ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਦੇ ਪ੍ਰਿੰਸੀਪਲ ਜਗਤਾਰ ਸਿੰਘ ਦਾ ਪੱਖ ਜਾਣਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਬੇਟੀ ਤੇ ਭਤੀਜਾ ਦਿੱਲੀ ਵਿੱਚ ਕੋਚਿੰਗ ਕਰ ਰਹੇ ਹਨ ਤੇ ਉਹ ਪੜ੍ਹੇ-ਲਿਖੇ ਨੌਜਵਾਨ ਹਨ।ਉਨ੍ਹਾਂ ਕਿਹਾ ਕਿ ਖਾਲਸਾ ਦੀਵਾਨ ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਦੀ ਕਮੇਟੀ ਵਾਲੇ 10-20 ਜਾਣਿਆਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦੇ ਖਿਲਾਫ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਇਤਰਾਜ਼ ਹੈ ਤਾਂ ਉਹ ਇਸ ਪੇਪਰ ਦੁਬਾਰਾ ਲੈ ਲਵੇ।

## ਯੂਨੀਵਰਸਿਟੀ ਕੈਂਪਸ ਵਿਚ ਲੋਹੜੀ ਮਨਾਈ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਯੂਨੀਵਰਸਿਟੀ ਕੈਂਪਸ ਵਿਚ ਲੋਹੜੀ ਦਾ ਤਿਉਹਾਰ ਬੜੀ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਅਸਿਸਟੈਂਟ ਰਜਿਸਟਰਾਰ ਅਸ਼ੋਕ ਕੁਮਾਰ ਰਾਜਪੂਤ ਦੀ ਯੋਗ ਰਹਿਨੁਮਾਈ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਯੂਨੀਵਰਸਿਟੀ ਦੇ ਸਮੁੱਚੇ ਸਟਾਫ਼ ਨੇ ਸ਼ਮੂਲੀਅਤ ਕੀਤੀ।ਇਸ ਖ਼ੁਸ਼ੀ ਦੇ ਮੌਕੇ 'ਤੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗਜ਼ਲਪ੍ਰੀਤ ਅਰਨੇਜਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਲੋਹੜੀ ਬਾਲ ਕੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ।ਆਪਣੇ ਸੰਬੋਧਨ ਵਿਚ ਡਾ. ਅਰਨੇਜਾ ਨੇ ਕਿਹਾ ਕਿ ਅਜਿਹੇ ਤਿਉਹਾਰ ਸਾਡੇ ਜੀਵਨ ਵਿਚ ਆਪਸੀ ਪ੍ਰੇਮ, ਭਾਈਚਾਰਕ ਸਾਂਝ ਅਤੇ ਸਦਭਾਵਨਾ ਦਾ ਸੁਨੇਹਾ ਦਿੰਦੇ ਹਨ।ਡਿਪਟੀ ਰਜਿਸਟਰਾਰ ਡਾ. ਜਵਾਲਾ ਪ੍ਰਸਾਦ, ਅਨਿਲ ਬੰਸਲ, ਡਾ. ਸੰਜੀਵ ਦੇਵਗਣ, ਅਮਨਪ੍ਰੀਤ, ਗਣੇਸ਼ ਪਾਠਕ, ਪੰਕਜ ਸਿੰਗਲਾ, ਡਾ. ਰਵਿੰਦਰਜੀਤ, ਹਰਸਵਿੰਦਰ ਸਿੰਘ ਚਾਹਲ, ਪ੍ਰਵੀਨ ਖੁੱਲਰ, ਡਾ. ਸੰਨੀ ਬਹਿਲ, ਡਾ. ਕੁਲਭੂਸ਼ਣ ਅਗਨੀਹੋਤਰੀ, ਜਤਿੰਦਰ ਅਗਰਵਾਲ, ਤੇਜਪਾਲ, ਡਾ. ਰਾਜੀਵ ਗਰਗ, ਅਮਨਦੀਪ ਚੋਪੜਾ, ਡਾ. ਰਵਿੰਦਰ ਬਹਿਲ, ਗੁਰਪ੍ਰੀਤ ਸਿੰਘ, ਸੰਜੀਵ ਸ਼ਾਹ ਅਤੇ ਯੂਨੀਵਰਸਿਟੀ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।

## ਅਗਰਵਾਲ ਸਭਾ ਨਾਭਾ ਨੇ ਲੋੜਵੰਦਾਂ ਨੂੰ ਵੰਡੀਆਂ ਰਜਾਈਆਂ



**ਨਾਭਾ (ਵਰਿੰਦਰ ਵਰਮਾ)**-ਅਗਰਵਾਲ ਸਭਾ ਨਾਭਾ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ, ਉੱਥੇ ਹੀ ਇਸ ਲੜੀ ਤਹਿਤ ਅਗਰਵਾਲ ਸਭਾ ਦੇ ਸਰਪ੍ਰਸਤ ਸੂਰਜ ਭਾਨ ਸਿੰਗਲਾ, ਚੇਅਰਮੈਨ ਅਸ਼ੋਕ ਬਾਂਸਲ, ਪ੍ਰਧਾਨ ਰਵਨੀਸ਼ ਗੋਇਲ ਅਤੇ ਸਕੱਤਰ ਐਡਵੋਕੇਟ ਭਾਰਤ ਭੂਸ਼ਣ ਜੈਨ ਨਿਤਿਨ ਦੀ ਅਗਵਾਈ ਹੇਠ ਨਵੇਂ ਸਾਲ ਮੌਕੇ ਅਤੇ ਮਕਰ ਸੰਕ੍ਰਾਂਤੀ ਦੇ ਪਵਿੱਤਰ ਤਿਉਹਾਰ 'ਤੇ ਮਹਾਰਾਜਾ ਅਗਰਸੈਨ ਪਾਰਕ ਪਟਿਆਲਾ ਗੇਟ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 101 ਲੋੜਵੰਦ ਲੋਕਾ ਨੂੰ ਰਜਾਈਆਂ ਵੰਡੀਆਂ ਗਈਆਂ। ਪ੍ਰਧਾਨ ਰਵਨੀਸ਼ ਗੋਇਲ ਤੇ ਜਨਰਲ ਸਕੱਤਰ ਐਡਵੋਕੇਟ ਭਾਰਤ ਭੂਸ਼ਣ ਜੈਨ ਨੇ ਕਿਹਾ ਕਿ ਸਭਾ ਦੀ ਸਥਾਪਨਾ ਤੋਂ ਪਹਿਲਾਂ ਵੀ ਅਜਿਹੇ ਪ੍ਰੋਜੈਕਟ ਕੀਤੇ ਗਏ ਸਨ ਤੇ ਇਹ ਭਵਿੱਖ ਵਿੱਚ ਵੀ ਅਗਰਵਾਲ ਸਭਾ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਜਾਰੀ ਰਹਿਣਗੇ।ਉਨ੍ਹਾਂ ਕਿਹਾ ਕਿ ਸਭਾ ਦੇ ਮੈਂਬਰਾਂ ਵੱਲੋਂ ਆਉਣ ਵਾਲੇ ਦਿਨਾਂ 'ਚ ਸਕੂਲਾਂ ਵਿੱਚ ਲੋੜਵੰਦ ਬੱਚਿਆਂ ਨੂੰ ਬੂਟ ਤੇ ਜੁਰਾਬਾਂ ਵੰਡਣ ਦਾ ਪ੍ਰਾਜੈਕਟ ਵੀ ਉਲੀਕਿਆ ਜਾ ਰਿਹਾ ਹੈ।ਇਸ ਮੌਕੇ ਜੀਵਨ ਪ੍ਰਕਾਸ਼ ਬਾਂਸਲ, ਸਾਬਕਾ ਸਿਵਲ ਸਰਜਨ ਡਾ. ਆਈ. ਡੀ. ਗੋਇਲ, ਜਿਲ੍ਹਾ ਪ੍ਰਧਾਨ ਅਗਰਵਾਲ ਸਭਾ ਪਟਿਆਲਾ ਓਮ ਪ੍ਰਕਾਸ਼ ਗਰਗ, ਕੈਸ਼ੀਅਰ ਐਡਵੋਕੇਟ ਨਰੇਸ਼ ਸਿੰਗਲਾ ਨੇ ਕਿਹਾ ਕਿ ਠੰਡ ਦੇ ਮੌਸਮ ਵਿੱਚ ਲੋੜਵੰਦਾਂ ਕੋਲ਼ ਰਜਾਈ ਨਾ ਹੋਣ ਕਾਰਨ ਅਗਰਵਾਲ ਸਭਾ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ ਤਾਂ ਜੁ ਲੋੜਵੰਦ ਦੀ ਮਦਦ ਕੀਤੀ ਜਾ ਸਕੇ।ਉਨ੍ਹਾਂ ਕਿਹਾ ਕਿ ਇਸ ਦਿਹਾੜੇ ਮੌਕੇ ਅਗਰਵਾਲ ਸਭਾ ਦੇ ਮੈਂਬਰਾਂ ਵੱਲੋਂ ਅਤੁੱਟ ਲੰਗਰ ਵਰਤਾਇਆ ਗਿਆ ਹੈ।

## ਵਿਧਾਇਕ ਰਾਏ ਦੇ ਦਫਤਰ 'ਚ ਲੋਹੜੀ ਦਾ ਤਿਉਹਾਰ ਮਨਾਇਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਲਖਬੀਰ ਸਿੰਘ ਰਾਏ ਦੇ ਦਫਤਰ ਵਿਖੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਸਾਹਿਬਾਨ ਵੱਲੋਂ ਲੋਹੜੀ ਦਾ ਤਿਉਹਾਰ ਬਹੁਤ ਹੀ ਧੂਮਧਾਮ ਦੇ ਨਾਲ ਮਨਾਇਆ ਗਿਆ। ਨੌਜਵਾਨਾਂ ਨੇ ਜਿੱਥੇ ਲੋਹੜੀ ਦੇ ਗੀਤ ਗਾਏ, ਉਥੇ ਹੀ ਅੱਗ ਬਾਲ ਕੇ ਸੇਕੀ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੇਸ਼ ਵਿਦੇਸ਼ ਦੇ ਲੋਕਾਂ ਨੂੰ ਲੋਹੜੀ ਦੀਆਂ ਵਧਾਈਆਂ ਦਿੱਤੀਆਂ। ਉਹਨਾਂ ਕਿਹਾ ਕਿ ਅੱਜ ਉਹਨਾਂ ਦੇ ਦਫਤਰ ਵਿਖੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਸਾਹਿਬਾਨ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਾਹਿਬਾਨ, ਬਲਾਕ ਸੰਮਤੀ ਮੈਂਬਰ ਸਾਹਿਬਾਨ, ਸਰਪੰਚ ਸਾਹਿਬਾਨ, ਪੰਚ ਸਾਹਿਬਾਨ, ਆਪ ਦੇ ਮਹਿਲਾ ਵਿੰਗ ਦੀਆਂ ਔਰਤਾਂ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਇਕੱਠੇ ਹੋ ਕੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ ਹੈ। ਉਹਨਾਂ ਕਿਹਾ ਕਿ ਅਸੀਂ ਮੁੱਖ ਮੰਤਰੀ ਭਗਵੰਤ ਮਾਨ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਲੋਹੜੀ ਦੇ ਤਿਉਹਾਰ ਉੱਤੇ ਉਹਨਾਂ ਨੂੰ 10 ਲੱਖ ਰੁਪਏ ਤੱਕ ਦੀ ਬੀਮਾ ਯੋਜਨਾ ਦਾ ਲਾਭ ਮੁਹੱਈਆ ਕਰਵਾਇਆ ਹੈ। ਉਹਨਾਂ ਕਿਹਾ ਕਿ ਇਸ ਯੋਜਨਾ ਦੇ ਨਾਲ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਸਲਾਨਾ ਇਲਾਜ ਮਿਲੇਗਾ। ਸਰਕਾਰੀ ਹਸਪਤਾਲਾਂ ਤੋਂ ਇਲਾਵਾ ਬਹੁਤ ਸਾਰੇ ਪ੍ਰਾਈਵੇਟ ਹਸਪਤਾਲ ਵੀ ਇਸ ਸਕੀਮ ਦੇ ਤਹਿਤ ਇਲਾਜ ਕਰਨਗੇ ਤਾਂ ਜੋ ਕਿਸੇ ਵੀ ਮਰੀਜ਼ ਨੂੰ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਜਲਾਲ, ਮੋਹਿਤ ਸੂਦ, ਬਲਜੀਤ ਸਿੰਘ, ਬਹਾਦਰ ਜਲਾਲ, ਰਮੇਸ਼ ਕੁਮਾਰ ਸੋਨੂੰ, ਦਫਤਰ ਸਕੱਤਰ ਬਹਾਦਰ ਖਾਨ, ਨਿੱਜੀ ਸਕੱਤਰ ਮਾਨਵ ਟਿਵਾਣਾ, ਨੌਰੰਗ ਸਿੰਘ, ਰਾਜ ਦਵਿੰਦਰ ਸਿੰਘ ਲਾਡੀ, ਕੁਲਵਿੰਦਰ ਡੇਰਾ, ਅਮਰਿੰਦਰ ਸਿੰਘ ਮੰਡੋਫਲ, ਲਖਵਿੰਦਰ ਸਿੰਘ ਜਾਗੋ ਬਲਦੇਵ ਸਿੰਘ ਭੱਲ ਮਾਜਰਾ, ਕੌਂਸਲਰ ਆਸ਼ਾਰਾਣੀ, ਕੌਂਸਲਰ ਦਵਿੰਦਰ ਕੌਰ, ਪ੍ਰਿਤਪਾਲ ਸਿੰਘ ਜੱਸੀ, ਅਮਰੀਕ ਸਿੰਘ ਬਾਲਪੁਰ, ਜਗਜੀਤ ਸਿੰਘ ਰਿਊਣਾ, ਜਗਪਾਲ ਸਿੰਘ, ਬਲਜਿੰਦਰ ਸਿੰਘ ਗੋਲਾ, ਦਿਲਪ੍ਰੀਤ ਸਿੰਘ ਭੱਟੀ, ਗੌਰਵ ਅਰੋੜਾ, ਚਮਨ ਕੁਰੈਸ਼ੀ, ਤਰਸੇਮ ਉਪਲ, ਰਜੇਸ਼ ਉੱਪਲ, ਸਰਪੰਚ ਸਤਪਾਲ ਸਿੰਘ, ਸਰਪੰਚ ਰਜਿੰਦਰ ਸਿੰਘ ਖਰੌੜੀ, ਹਰਮਿੰਦਰ ਸਿੰਘ ਕੰਗ, ਬਲਵੀਰ ਸੋਢੀ, ਸੁਨੀਤ ਕੁਮਾਰ, ਬਿਕਰਮਜੀਤ ਸਿੰਘ ਵਿੱਕੀ ਆਦਿ ਵੀ ਹਾਜ਼ਰ ਸਨ।

## ਮਯੰਕ ਫਾਊਂਡੇਸ਼ਨ ਵੱਲੋਂ ਸਕੂਲ ਬੱਸ ਡਰਾਈਵਰਾਂ ਲਈ ਵਰਕਸ਼ਾਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਯੰਕ ਫਾਊਂਡੇਸ਼ਨ, ਫਿਰੋਜ਼ਪੁਰ ਵੱਲੋਂ ਰੀਜਨਲ ਟਰਾਂਸਪੋਰਟ ਆਫਿਸ (ਆਰ ਟੀ ਓ), ਫਿਰੋਜ਼ਪੁਰ ਦੇ ਸਹਿਯੋਗ ਨਾਲ ਸਕੂਲ ਬੱਸ ਡਰਾਈਵਰਾਂ ਲਈ ਇਕ ਓਰੀਐਂਟੇਸ਼ਨ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਸੜਕ ਸੁਰੱਖਿਆ ਬਾਰੇ ਜਾਗਰੂਕਤਾ ਵਧਾਉਣਾ ਅਤੇ ਸਕੂਲੀ ਬੱਚਿਆਂ ਲਈ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣਾ ਸੀ। ਪ੍ਰੋਗਰਾਮ ਦੇ ਤਹਿਤ ਕਾਲੀਆ ਆਈ ਹਸਪਤਾਲ ਦੇ ਸਹਿਯੋਗ ਨਾਲ ਇੱਕ ਅੱਖਾਂ ਦਾ ਜਾਂਚ ਕੈਂਪ ਵੀ ਲਗਾਇਆ ਗਿਆ। ਇਸ ਵਰਕਸ਼ਾਪ ਵਿਚ ਫਿਰੋਜ਼ਪੁਰ ਉਪ-ਮੰਡਲ ਦੇ ਵੱਖ-ਵੱਖ ਸਕੂਲਾਂ ਤੋਂ ਲਗਭਗ 80 ਸਕੂਲ ਬੱਸ ਡਰਾਈਵਰਾਂ ਨੇ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਦੌਰਾਨ ਰਾਕੇਸ਼ ਕੁਮਾਰ ਨੇ ਸਾਰੇ ਭਾਗੀਦਾਰਾਂ ਦਾ ਸਵਾਗਤ ਕਰਦਿਆਂ ਮਯੰਕ ਫਾਊਂਡੇਸ਼ਨ ਦੇ ਉਦੇਸ਼ਾਂ ਅਤੇ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਸੜਕ ਸੁਰੱਖਿਆ ਅਤੇ ਸਮਾਜਿਕ ਭਲਾਈ ਦੇ ਖੇਤਰ ਵਿਚ ਫਾਊਂਡੇਸ਼ਨ ਵੱਲੋਂ ਕੀਤੇ ਜਾ ਰਹੇ ਲਗਾਤਾਰ ਉਪਰਾਲਿਆਂ 'ਤੇ ਰੋਸ਼ਨੀ ਪਾਈ। ਮਯੰਕ ਫਾਊਂਡੇਸ਼ਨ ਦੇ ਜੁਆਇੰਟ ਸਕੱਤਰ ਅਸ਼ਵਨੀ ਸ਼ਰਮਾ ਵੱਲੋਂ ਤਕਨੀਕੀ ਸੈਸ਼ਨ ਲਿਆ ਗਿਆ, ਜਿਸ ਵਿਚ ਸੜਕ ਚਿੰਨ੍ਹਾਂ, ਟਰੈਫਿਕ ਮਾਰਕਿੰਗ ਅਤੇ ਆਮ ਡਰਾਈਵਿੰਗ ਵਿਵਹਾਰ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਹਾਦਸਿਆਂ ਦੀ ਰੋਕਥਾਮ ਅਤੇ ਅਨੁਸ਼ਾਸਿਤ ਡਰਾਈਵਿੰਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਸਾਬਕਾ ਪੁਲਿਸ ਅਧਿਕਾਰੀ ਲਖਵੀਰ ਸਿੰਘ ਨੇ ਸੁਰੱਖਿਅਤ ਸਕੂਲ ਟਰਾਂਸਪੋਰਟ ਨੀਤੀ ਬਾਰੇ ਜਾਣਕਾਰੀ ਪੂਰਕ ਸੈਸ਼ਨ ਦਿੱਤਾ। ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੀ ਮਹੱਤਤਾ ਨੂੰ ਉਭਾਰਦੇ ਹੋਏ ਦੀਪਕ ਸ਼ਰਮਾ ਨੇ ਸੜਕ ਹਾਦਸਿਆਂ ਵਿੱਚ ਵਧ ਰਹੇ ਮ੍ਰਿਤਕਾਂ ਅਤੇ ਇਸ ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਬਾਰੇ ਚਿੰਤਾ ਜਤਾਈ ਅਤੇ ਡਰਾਈਵਰਾਂ ਨੂੰ ਸੁਰੱਖਿਅਤ ਅਤੇ ਜ਼ਿੰਮੇਵਾਰ ਡਰਾਈਵਿੰਗ ਅਪਣਾਉਣ ਲਈ ਪ੍ਰੇਰਿਤ ਕੀਤਾ। ਰੀਜਨਲ ਟਰਾਂਸਪੋਰਟ ਆਫਿਸ ਦੀ ਨੁਮਾਇੰਦਗੀ ਕਰਦੇ ਹੋਏ ਇੰਦਰਜੀਤ ਸਿੰਘ ਬਰਾੜ ਨੇ ਡਰਾਈਵਰਾਂ ਨੂੰ ਵੱਖ-ਵੱਖ ਟਰੈਫਿਕ ਨਿਯਮਾਂ, ਕਾਇਦਿਆਂ ਅਤੇ ਸਕੂਲ ਬੱਸ ਚਲਾਉਣ ਸਮੇਂ ਲਾਜ਼ਮੀ ਦਸਤਾਵੇਜ਼ਾਂ ਬਾਰੇ ਜਾਣਕਾਰੀ ਦਿੱਤੀ । ਪ੍ਰੋਗਰਾਮ ਦਾ ਸਮਾਪਨ ਮਯੰਕ ਫਾਊਂਡੇਸ਼ਨ ਦੇ ਸਕੱਤਰ ਰਾਜੀਵ ਸੇਤੀਆ ਵੱਲੋਂ ਧੰਨਵਾਦ ਪ੍ਰਸਤਾਵ ਨਾਲ ਕੀਤਾ ਗਿਆ।

## ਅੱਜ ਦੇ ਧਰਨੇ 'ਚ ਭਾਰੀ ਗਿਣਤੀ ਵਰਕਰ ਸ਼ਮੂਲੀਅਤ ਕਰਨਗੇ : ਖੇੜਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)**-ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਸਮਰਾਲਾ ਦੀ ਮੀਟਿੰਗ ਪਿੰਡ ਝੜੌਦੀ ਵਿਖੇ ਅਸ਼ੋਕ ਖੇੜਾ ਤੇ ਹਰਦੇਵ ਸਿੰਘ ਬਾਗ ਦੀ ਅਗਵਾਈ ਹੇਠ ਕੀਤੀ ਗਈ। ਸੂਬਾਈ ਆਗੂ ਕਾਮਰੇਡ ਨਿੱਕਾ ਸਿੰਘ ਖੇੜਾ ਨੇ ਕਿਹਾ ਕਿ 10 ਪੱਤਰਕਾਰਾਂ 'ਤੇ ਦਰਜ ਕੀਤੇ ਮੁਕੱਦਮਿਆਂ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਲੋਕਤੰਤਰ ਦੇ ਤੀਜੇ ਥੰਮ੍ਹ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੀ ਕੇਂਦਰ ਸਰਕਾਰ ਦੇ ਰਾਹ ਤੁਰੀ ਹੋਈ ਹੈ ਤੇ ਸਰਕਾਰ ਖਿਲਾਫ਼ ਬੋਲਣ ਵਾਲਿਆਂ 'ਤੇ ਮਾਮਲੇ ਦਰਜ ਕਰਕੇ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਆਗੂ ਨਿੱਕਾ ਖੇੜਾ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਲੋਕ ਪੱਖੀ ਕਾਨੂੰਨਾਂ ਨੂੰ ਇੱਕ-ਇੱਕ ਕਰਕੇ ਖ਼ਤਮ ਕਰਨ ਵਿੱਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 16 ਜਨਵਰੀ ਨੂੰ ਸੂਬੇ ਭਰ ਦੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਧਰਨੇ ਦਿੱਤੇ ਜਾ ਰਹੇ ਹਨ, ਜਿਸ ਵਿੱਚ ਪਿੰਡ-ਪਿੰਡ ਜਾ ਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਧਰਨੇ ਵਿੱਚ ਭਾਰੀ ਗਿਣਤੀ 'ਚ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਬਾਬੂ ਸਿੰਘ ਝੜੌਦੀ, ਸਕੱਤਰ ਪ੍ਰਕਾਸ਼ ਸਿੰਘ ਉਧੋਵਾਲ, ਚੱਤਰ ਸਿੰਘ ਲੁਬਾਣਗੜ੍ਹ, ਮੰਗਤ ਮਾਛੀਵਾੜਾ ਸਾਹਿਬ, ਸ਼ਾਮ ਰੂੜੇਵਾਲ, ਬਲਕਾਰ ਸਿੰਘ ਜੁਲਫ਼ਗੜ੍ਹ, ਹਰਜੀਤ ਸਿੰਘ ਬੁੱਲੇਵਾਲ, ਗੁਰਿੰਦਰ ਸਿੰਘ, ਗੁਰਦੀਪ ਸਿੰਘ, ਗੁਰਪ੍ਰੀਤ ਕੌਰ, ਰਮਨਦੀਪ ਕੌਰ, ਚੰਦਨ ਮੋਹਨ ਤੇ ਅਨਮੋਲ ਸਿੰਘ ਹਾਜ਼ਰ ਸਨ।

16-Jan-PAGE-11-Jan-26.qxd 1/15/2026 10:54 PM Page 1



# ਖੱਬੀਆਂ ਪਾਰਟੀਆਂ ਨੇ ਟਰੰਪ ਦਾ ਪੁਤਲਾ ਫੂਕਿਆ



ਪਠਾਨਕੋਟ ( ਦਵਿੰਦਰ ਸਿੰਘ ) ਪਠਾਨਕੋਟ ਵਿਖੇ ਬਾਲਮੀਕੀ ਚੌਂਕ ਵਿਖੇ ਅਮਰੀਕੀ ਰਾਸ਼ਟਰਪਤੀ ਦਾ ਪੁਤਲਾ ਫੂਕਿਆ ਗਿਆ। ਜਿਸਦੀ ਅਗਵਾਈ ਸੀਪੀਐਮ ਵਲੋਂ ਜਿਲਾ ਸਕੱਤਰ ਸੁਰਿੰਦਰ ਸਹਿਗਲ, ਅਤੇ ਸੀਪੀਆਈ ਦੇ ਜਿਲਾ ਸਕੱਤਰ ਪ੍ਰਕਾਸ਼ ਸਿੰਘ ਨੇ ਕੀਤੀ। ਇਸ ਵੇਲੇ ਕਾ ਬਿਕਰਮਜੀਤ, ਸੁਧਾ ਰਾਣੀ, ਦੇਵੀ ਸੈਣੀ, ਚਮਨ ਲਾਲ, ਰਾਜੇਸ਼ ਜਸਰੋਟੀਆ, ਕਾ ਸਤ ਪ੍ਰਕਾਸ਼, ਕਾ ਇਕਬਾਲ ਸਿੰਘ, ਅਮਰੀਕ ਸਿੰਘ, ਸੁਰੇਸ਼ ਕੁਮਾਰ ਜਗਦੀਸ਼ ਰਾਜ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਅਮਰੀਕੀ ਧੱਕੇਸ਼ਾਹੀ ਦੀ ਸਖ਼ਤ ਨਿੰਦਾ ਕੀਤੀ। ਉਹਨਾਂ ਨੇ ਕਿਹਾ ਕਿ 3 ਜਨਵਰੀ ਨੂੰ ਅਮਰੀਕੀ ਰਾਸ਼ਟਰਪਤੀ ਦੇ ਹੁਕਮ ਨਾਲ ਵੈਨਜ਼ੂਏਲਾ ਦੇ ਰਾਸ਼ਟਰਪਤੀ ਅਤੇ ਉਹਨਾਂ ਦੀ ਧਰਮ ਪਤਨੀ ਨੂੰ ਗ੍ਰਿਫਤਾਰ ਕਰ ਲਿਆ। ਅਤੇ ਜਬਰਨ ਉਹਨਾਂ ਨੂੰ ਅਮਰੀਕਾ ਲਿਜਾਇਆ ਗਿਆ। ਅਤੇ ਨਸ਼ਾ ਤਸਕਰੀ ਦੇ ਦੋਸ਼ਾਂ ਤਹਿਤ ਉਹਨਾਂ ਤੇ ਮੁਕਦਮਾ ਦਰਜ ਕਰਕੇ ਜੇਲ ਵਿੱਚ ਸੁੱਟ ਦਿੱਤਾ। ਜਦੋਂ ਕਿ ਵੈਨਜ਼ੂਏਲਾ ਦਾ ਰਾਸ਼ਟਰਪਤੀ ਉਸ ਦੇਸ ਦਾ ਚੁਣਿਆ ਹੋਇਆ ਰਾਸ਼ਟਰਪਤੀ ਹੈ। ਇਹ ਜੁਲਮ ਵੈਨਜ਼ੂਏਲਾ ਦੀ ਪ੍ਰਭੂਸੱਤਾ ਤੇ ਅਜਾਦ ਹਸਤੀ ਦਾ ਸਰੇਆਮ ਉਲੰਘਣਾ ਹੈ। ਜਿਹੜਾ ਕਿ ਸੰਯੁਕਤ ਰਾਸ਼ਟਰ ਦੇ ਨਿਯਮਾਂ ਦੀ ਸਰੇਆਮ ਉਲੰਘਣਾ ਹੈ। ਅਜਿਹਾ ਕਰਕੇ ਉਹ ਵੈਨਜ਼ੂਏਲਾ ਦੇ ਤੇਲ ਦੇ ਅਥਾਹ ਭੰਡਾਰ ਤੇ ਕਬਜਾ ਕਰ ਰਿਹਾ ਹੈ। ਹੁਣ ਉਸ ਦੀ ਨਜ਼ਰ ਗਰੀਨਲੈਂਡ ਦੇ ਖਣਿਜ ਪਦਾਰਥਾਂ ਤੇ ਹੈ। ਅਤੇ ਅਮਰੀਕਨ ਸਾਮਰਾਜ ਕਿਸੇ ਨਾਂ ਕਿਸੇ ਤਰੀਕੇ ਨਾਲ ਗਰੀਨਲੈਂਡ ਤੇ ਕਬਜਾ ਕਰਨ ਦੀਆਂ ਧਮਕੀਆਂ ਦੇ ਰਿਹਾ ਹੈ। ਉਹ ਇਰਾਨ ਨੂੰ ਵੀ ਨਤੀਜੇ ਭੁਗਤਣ ਦੀਆਂ ਧਮਕੀਆਂ ਦੇ ਰਿਹਾ ਹੈ। ਇਸ ਤਰਾ ਅਮਰੀਕਨ ਸਾਮਰਾਜ ਬੇਲਗਾਮ ਹੋ ਗਿਆ ਹੈ। ਇਨਸਾਫਪਸੰਦ ਲੋਕਾਂ ਅਤੇ ਦੇਸਾ ਨੂੰ ਉਸਨੂੰ ਰੋਕਣਾ ਚਾਹੀਦਾ ਹੈ ਅਤੇ ਉਸਦਾ ਵਿਰੋਧ ਕਰਨਾ ਚਾਹੀਦਾ ਹੈ।

# ਕ੍ਰਾਂਤੀ ਚੈਤੰਨਯ ਵਿਰੁੱਧ ਰਾਜਧ੍ਰੋਹ ਦਾ ਕੇਸ ਰੱਦ ਕੀਤਾ ਜਾਵੇ : ਜਮਹੂਰੀ ਫਰੰਟ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਨੇ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ (ਏ ਪੀ ਸੀ ਐੱਲ ਸੀ) ਦੇ ਆਗੂਆਂ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰਨ ਅਤੇ ਜਥੇਬੰਦੀ ਦੇ ਮੀਤ ਪ੍ਰਧਾਨ ਕ੍ਰਾਂਤੀ ਚੈਤੰਨਯ ਨੂੰ ਗ੍ਰਿਫ਼ਤਾਰ ਕਰਕੇ ਰਿਮਾਂਡ ਲੈਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਇੱਥੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਤਿਰੂਪਤੀ ਸ਼ਹਿਰ ਵਿੱਚ ਕਮੇਟੀ ਦੀ 20ਵੀਂ ਸਟੇਟ ਕਾਨਫਰੰਸ (10-11 ਜਨਵਰੀ) ਸਮੇਂ ਲਗਾਏ ਫਲੈਕਸ ਬੈਨਰਾਂ ਨੂੰ ਮੁੱਦਾ ਬਣਾ ਕੇ ਸਨਾਤਨ ਧਰਮ ਰੱਖਿਆ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਨਾਗਰਿਕ ਆਜ਼ਾਦੀਆਂ ਦੇ ਆਗੂਆਂ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰਵਾਉਣਾ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਉੱਪਰ ਹਮਲਾ ਹੈ। ਕ੍ਰਾਂਤੀ ਤੋਂ ਇਲਾਵਾ, ਕਈ ਹੋਰ ਏ ਪੀ ਸੀ ਐੱਲ ਸੀ ਮੈਂਬਰਾਂ ਅਤੇ ਇੱਕ ਪ੍ਰਿੰਟਰ ਨੂੰ ਵੀ ਕੇਸ ਵਿਚ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹਿੰਦੂਤਵਵਾਦੀ ਅਨਸਰਾਂ ਦੀਆਂ ਧਮਕੀਆਂ ਅਤੇ ਖ਼ਲਲ ਪਾਉਣ ਦੇ ਬਾਵਜੂਦ 350 ਤੋਂ ਵੱਧ ਹੱਕਾਂ ਦੇ ਝੰਡਾਬਰਦਾਰਾਂ ਨੇ ਕਾਨਫਰੰਸ ਵਿੱਚ ਹਿੱਸਾ ਲੈ ਕੇ ਇਸ ਨੂੰ ਸਫ਼ਲ ਬਣਾਇਆ ਅਤੇ ਪ੍ਰੋ. ਹਰਗੋਪਾਲ, ਪ੍ਰੋ. ਡੀ. ਨਰਸਿੰਹਾ ਰੈੱਡੀ, ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਅਤੇ ਰਿਟਾਇਰਡ ਜਸਟਿਸ ਬੀ. ਚੰਦਰ ਕੁਮਾਰ ਸਮੇਤ ਨਾਮਵਰ ਸ਼ਖ਼ਸੀਅਤਾਂ ਵੱਲੋਂ ਸੰਬੋਧਨ ਕੀਤਾ ਗਿਆ। ਫਰੰਟ ਦੇ ਸੂਬਾ ਕਮੇਟੀ ਆਗੂਆਂ ਯਸ਼ਪਾਲ ਝਬਾਲ, ਐਡਵੋਕੇਟ ਅਮਰਜੀਤ ਬਾਈ ਅਤੇ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਦੇਸ਼ ਭਰ ਵਿੱਚ ਫਾਸ਼ੀਵਾਦੀ ਖ਼ਤਰੇ ਵਿਰੁੱਧ ਆਵਾਜ਼ ਉਠਾਉਣ, ਭਾਰਤ ਦੇ ਲੋਕਾਂ ਨੂੰ ਇਸ ਬਾਰੇ ਚੇਤੰਨ ਕਰਨ ਅਤੇ ਹਿੰਦੂਤਵ ਫਾਸ਼ੀਵਾਦੀਆਂ ਵੱਲੋਂ ਕਤਲ ਕੀਤੇ ਲੋਕਪੱਖੀ ਬੁੱਧੀਜੀਵੀਆਂ ਤੇ ਕਲਮਕਾਰਾਂ ਨਰੇਂਦਰ ਦਾਭੋਲਕਰ, ਗੋਵਿੰਦ ਪਾਨਸਰੇ, ਐਮ.ਐਮ. ਕਲਬੁਰਗੀ ਅਤੇ ਗੌਰੀ ਲੰਕੇਸ਼ ਦੀਆਂ ਤਸਵੀਰਾਂ ਲਗਾ ਕੇ ਉਨ੍ਹਾਂ ਲਈ ਨਿਆਂ ਦੀ ਮੰਗ ਕਰਨਾ ਭਾਰਤ ਦੇ ਨਿਆਂਪਸੰਦ ਲੋਕਾਂ ਦਾ ਜਮਹੂਰੀ ਹੱਕ ਹੈ। ਹਿੰਦੂਤਵਵਾਦੀ ਹਕੂਮਤ ਨੇ ਰਾਜਨੀਤਕ ਵਿਰੋਧ ਸਮੇਤ ਪ੍ਰਗਟਾਵੇ ਦੇ ਮੁੱਢਲੇ ਜਮਹੂਰੀ ਹੱਕਾਂ ਨੂੰ ਵੀ ਸਭ ਤੋਂ ਸੰਗੀਨ ਜੁਰਮ ਬਣਾ ਦਿੱਤਾ ਹੈ ਅਤੇ ਫਿਰਕੂ ਫਾਸ਼ੀਵਾਦੀ ਰਾਜ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਜ਼ਬਾਨਬੰਦੀ ਕਰਨ ਲਈ ਉਨ੍ਹਾਂ ਵਿਰੁੱਧ ਰਾਜਧ੍ਰੋਹ ਦੇ ਪਰਚੇ ਦਰਜ ਕਰਵਾਉਣਾ ਸਰਾਸਰ ਤਾਨਾਸ਼ਾਹੀ ਹੈ।ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਕ੍ਰਾਂਤੀ ਚੇਤੰਨਯ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਰਾਜਧ੍ਰੋਹ ਦਾ ਬੇਬੁਨਿਆਦੀ ਕੇਸ ਤੁਰੰਤ ਵਾਪਸ ਲਿਆ ਜਾਵੇ ਅਤੇ ਪ੍ਰਗਟਾਵੇ ਤੇ ਸੰਘਰਸ਼ ਦੇ ਹੱਕਾਂ ਉੱਪਰ ਹਮਲੇ ਬੰਦ ਕੀਤੇ ਜਾਣ।

# ਸ਼ੈਲਰ ਐਸੋਸੀਏਸ਼ਨ ਦੀਆਂ ਮੁਸ਼ਕਲਾਂ ਸੰਬੰਧੀ ਮੀਟਿੰਗ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਸ਼ੈਲਰ ਐਸੋਸੀਏਸ਼ਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਹਰੂਵਾਲ ਤੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਨਾਭਾ ਦੀ ਰਹਿਨੁਮਾਈ ਹੇਠ ਗੁਰੂ ਰਾਮਦਾਸ ਰਾਈਸ ਮਿਲ ਗੋਹਤ ਪੋਖਰ ਵਿਖੇ ਹੋਈ ਜਿਸ ਵਿੱਚ ਜ਼ਿਲ੍ਹੇ ਭਰ ਦੇ ਸ਼ੈਲਰ ਮਾਲਕਾਂ ਨੇ ਉਚੇਚੇ ਤੌਰ ’ਤੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਸ਼ੈਲਰ ਮਾਲਕਾਂ ਨੂੰ ਆਉਂਦੀਆਂ ਮੁਸ਼ਕਿਲਾਂ ਸਬੰਧੀ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਹਰੂਵਾਲ ਤੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ੈਲਰ ਮਾਲਕਾਂ ਵੱਲੋਂ ਫੋਰਟੀਫਾਈਫ ਚੌਲ ਖਰੀਦਣ ਵਾਸਤੇ ਅਗੇਤੇ ਪੈਸੇ ਜਮ੍ਹਾ ਕਰਵਾਉਣ ਦੇ ਬਾਅਦ ਵੀ ਫੋਰਟੀਫਾਈਡ ਚੌਲ ਨਹੀਂ ਮਿਲ ਰਹੇ ਪਰ ਇਹ ਚੌਲ ਉਨ੍ਹਾਂ ਨੂੰ ਮਜਬੂਰਨ ਦੁੱਗਣੇ ਰੇਟਾਂ ਵਿੱਚ ਖਰੀਦਣੇ ਪੈ ਰਹੇ ਹਨ। ਇਸ ਨਾਲ ਸਰਕਾਰੀ ਬੈਗਨਾਂ ਵੀ ਨਹੀਂ ਲੱਗ ਰਹੀਆਂ ਤੇ ਲੇਬਰ ਵੀ ਵਿਹਲੀ ਬੈਠਣ ਕਾਰਨ ਸ਼ੈਲਰ ਮਾਲਕਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਹਾਲਾਤ ਰਹੇ ਤਾਂ ਪੰਜਾਬ ਦਾ ਸ਼ੈਲਰ ਉਦਯੋਗ ਬਿਲਕੁਲ ਤਬਾਹ ਹੋ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਸਿੱਧੇ ਤੌਰ ਤੇ ਕੇਂਦਰ ਤੇ ਪੰਜਾਬ ਸਰਕਾਰ ਦੀ ਬਣਦੀ ਹੈ। ਸ਼ੈਲਰ ਮਾਲਕਾਂ ਦੀਆਂ ਖਾਸ ਤੌਰ ’ਤੇ ਮੁਸ਼ਕਿਲਾਂ ਸੁਣਨ ਵਾਸਤੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸੁਖਜਿੰਦਰ ਸਿੰਘ ਵਿਸ਼ੇਸ਼ ਤੌਰ ’ਤੇ ਪਹੁੰਚੇ। ਜਿਨ੍ਹਾਂ ਸ਼ੈਲਰ ਮਾਲਕਾਂ ਦੀਆਂ ਮੁਸ਼ਕਿਲਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਦਯੋਗ ਨੂੰ ਬਚਾਉਣ ਲਈ ਫੋਰਟੀਫਾਈਡ ਚੌਲਾਂ ਦਾ ਹੱਲ ਕੀਤਾ ਜਾਵੇ ਨਹੀਂ ਤਾਂ ਸਿੱਧੇ ਤੌਰ ’ਤੇ ਫੋਰਟੀਫਾਈਡ ਤੋਂ ਬਿਨਾਂ ਚੌਲ ਲਗਾਏ ਜਾਣ ਜਿਸ ਨਾਲ ਸ਼ੈਲਰ ਮਾਲਕਾਂ ਦਾ ਬਚਾਅ ਹੋ ਸਕੇ।

ਇਸ ਮੌਕੇ ਬਲਵਿੰਦਰ ਸਿੰਘ ਸਾਬੀ, ਸੁਖਜਿੰਦਰ ਸਿੰਘ ਸ਼ਿੰਦਾ, ਯਾਦਵਿੰਦਰ ਸਿੰਘ ਧੂਰ, ਕਸ਼ਮੀਰ ਸਿੰਘ ਗੁਰਾਇਆ, ਇਕਬਾਲ ਸਿੰਘ ਕਾਹਨੂੰਵਾਨ, ਅਮਲੋਕ ਸਿੰਘ ਗਜਨੀਪੁਰ, ਸਿਕੰਦਰਪਾਲ ਬਟਾਲਾ, ਜਰਨੈਲ ਸਿੰਘ ਰੰਧਾਵਾ, ਹੀਰਾ ਲਾਲ, ਸ਼ਿੰਗਾਰੀ ਰਾਮ ਬਟਾਲਾ, ਰਕੇਸ਼ ਕੁਮਾਰ, ਕੁਲਵੰਤ ਸਿੰਘ ਬਾਜਵਾ, ਮਤੇਨ ਕੁਮਾਰ ਬਟਾਲਾ, ਅਮਰੀਕ ਸਿੰਘ ਬਿਸ਼ਨਕੋਟ, ਯਾਦਵਿੰਦਰ ਸਿੰਘ, ਬਲਵਿੰਦਰ ਸਿੰਘ, ਰਵੀ ਹਾਂਡਾ, ਇੰਦਰਜੀਤ ਟੋਲੀ, ਸੁੱਚਾ ਸਿੰਘ ਕਲਾਨੌਰ, ਕਸ਼ਮੀਰ ਸਿੰਘ ਅਤੇ ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

# ਸ਼ੈਰੀ ਕਲਸੀ ਨੇ ਵਾਰਡ ਨੰਬਰ 22 ’ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



ਬਟਾਲਾ ( ਡਾਕਟਰ ਮਲਵਿੰਦਰ ਸਿੰਘ)ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਵਲੋਂ ਬਟਾਲਾ ਸ਼ਹਿਰ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਵਾਰਡ ਨੰਬਰ 22 ਵਿੱਚ ਵਾਰਡ ਵਾਸੀਆਂ ਦੀ ਮੌਜੂਦਗੀ ਵਿੱਚ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ।ਇਸ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਵਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ ਨੂੰ ਸਲਾਹਿਆ ਤੇ ਕਿਹਾ ਵਿਧਾਇਕ ਸ਼ੈਰੀ ਕਲਸੀ ਖੁਦ ਲੋਕਾਂ ਨੂੰ ਮਿਲਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰ ਰਹੇ ਹਨ, ਜਿਸ ਕਾਰਨ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਗਈ ਹੈ।ਇਸ ਮੌਕੇ ਵਾਰਡ ਵਾਸੀਆਂ ਵਲੋਂ ਦਿੱਤੇ ਪਿਆਰ ਲਈ ਧੰਨਵਾਦ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਹ ਬਟਾਲੇ ਦੇ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਵਚਨਬੱਧ ਹਨ ਅਤੇ ਉਹ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜਰ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਲੋਕਹਿੱਤ ਵਿੱਚ ਭਲਾਈ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ, ਵਿਕਾਸ ਕਾਰਜ ਨਿਰੰਤਰ ਜਾਰੀ ਹਨ ਅਤੇ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।ਹਲਕਾ ਬਟਾਲਾ ਦੇ ਵਿਕਾਸ ਦੀ ਗੱਲ ਕਰਦਿਆਂ ਉਨਾਂ ਕਿਹਾ ਕਿ ਹਲਕੇ ਅੰਦਰ ਚਹੁਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ ਅਤੇ ਕਰੋੜਾਂ ਰੁਪਏ ਦੇ ਵਿਕਾਸ ਕੰਮ ਕਰਵਾਏ ਜਾ ਚੁੱਕੇ ਹਨ। ਬਟਾਲਾ ਹਲਕੇ ਦੀ ਵਿਕਾਸ ਪੱਖੋ ਨੁਹਾਰ ਬਦਲੀ ਜਾ ਰਹੀ ਹੈ ਅਤੇ ਪਿੰਡ ਵਾਸੀਆਂ ਦੀ ਮੰਗ ਮੁਤਾਬਿਕ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

# ‘ਜੀ ਰਾਮ ਜੀ’ ਕਾਨੂੰਨ ਦੀਆਂ ਕਾਪੀਆਂ ਸਾੜ ਕੇ ਪ੍ਰਗਟਾਇਆ ਰੋਸ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) - ਮਨਰੇਗਾ ਵਰਕਰਜ਼ ਯੂਨੀਅਰਨ (ਸੀਟੂ) ਵੱਲੋਂ ਪ੍ਰਧਾਨ ਕਾਮਰੇਡ ਤਰਸੇਮ ਸਿੰਘ ਟਪਿਆਲਾ ਦੀ ਪ੍ਰਧਾਨਗੀ ਹੇਠ ਬੀ ਡੀ ਪੀ ਓ ਦਫ਼ਤਰ, ਚੌਗਾਵਾਂ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਮੀਤ ਪ੍ਰਧਾਨ ਸੀਟੂ ਸੁੱਚਾ ਸਿੰਘ ਅਜਨਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਖ਼ਤਮ ਕਰਕੇ ਵਿਕਸਤ ਭਾਰਤ ‘ਜੀ ਰਾਮ ਜੀ’ ਨਵੀਂ ਸਕੀਮ ਲਾਗੂ ਕਰ ਦਿੱਤੀ ਗਈ ਹੈ ਜਿਸ ਨਾਲ ਸੂਬਾ ਸਰਕਾਰ ’ਤੇ ਵਿੱਤੀ ਬੋਝ ਪਵੇਗਾ। ਪਹਿਲਾਂ 90 ਫ਼ੀਸਦੀ ਕੇਂਦਰ ਸਰਕਾਰ ਤੇ 10 ਫ਼ੀਸਦੀ ਸੂਬਾ ਸਰਕਾਰ ਦਿੰਦੀ ਸੀ। ਪਿੰਡ ਦਾ ਸਰਪੰਚ ਹੀ ਪਿੰਡ ਦੀ ਸਫ਼ਾਈ ਤੇ ਭਲਾਈ ਲਈ ਵਰਕਰਾਂ ਨੂੰ ਕੰਮ ’ਤੇ ਲਗਾ ਦਿੰਦਾ ਸੀ। ਪਰ ਹੁਣ ਪਹਿਲਾਂ ਬਜਟ ਆਵੇਗਾ ਤੇ ਕੰਮ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਕਰਜ਼ਾਈ ਹੈ। ਇਸ ਕਰਕੇ ਇਸ ਨੇ ਆਪਣੇ ਕੋਲੋਂ 40 ਫ਼ੀਸਦੀ ਫੰਡ ਨਹੀਂ ਪਾਉਣਾ ਤਾਂ ਵਰਕਰਾਂ ਨੂੰ ਕੰਮ ਨਹੀਂ ਮਿਲੇਗਾ। ਇਸ ਨਾਲ ਗਰੀਬ ਪਰਿਵਾਰਾਂ ਦੇ ਚੁੱਲ੍ਹੇ ਠੰਢੇ ਹੋ ਜਾਣਗੇ। ਇਸ ਦਾ ਵਿਰੋਧ ਕਰਨ ਲਈ 16 ਜਨਵਰੀ ਨੂੰ ਸਾਰੇ ਦੇਸ਼ ਵਿਚ ਡੀ.ਸੀ ਦਫ਼ਤਰਾਂ ਅੱਗੇ ਰੋਸ ਧਰਨੇ ਦਿੱਤੇ ਜਾਣਗੇ। ਇਸ ਲਈ ਵੱਧ ਤੋਂ ਵੱਧ ਵਰਕਰ ਸਵੇਰੇ 16 ਜਨਵਰੀ ਨੂੰ ਡੀ.ਸੀ. ਦਫ਼ਤਰ, ਅੰਮ੍ਰਿਤਸਰ ਪੁੱਜਣ ਤਾਂ ਜੋ ਕਾਲੇ ਕਾਨੂੰਨ ਵਾਪਸ ਕਰਵਾਉਣ ਲਈ ਕੇਂਦਰ ਸਰਕਾਰ ’ਤੇ ਦਬਾਅ ਬਣਾਇਆ ਜਾ ਸਕੇ। ਇਸ ਮੌਕੇ ਚਰਨਜੀਤ ਮਜੀਠਾ, ਕਿਰਪਾ ਰਾਮ, ਸੁਖਦੇਵ ਸਿੰਘ, ਅਮਰਜੀਤ ਕੌਰ, ਰਾਜ ਕੌਰ ਬਰਾੜ, ਸੁੱਖਵਿੰਦਰ ਕੌਰ, ਅਮਰਜੀਤ , ਪਰਕਾਸ਼ ਕੌਰ ਆਦਿ ਨੇ ਵੀ ਸੰਬੋਧਨ ਕੀਤਾ। ਅੰਤ ਵਿਚ ਵਿਕਸਤ ਭਾਰਤ ਜੀ ਰਾਮ ਜੀ ਕਾਨੂੰਨ ਦੀਆਂ ਕਾਪੀਆਂ ਸਾੜ ਕੇ ਕੇਂਦਰ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ।

# ਰੋਟਰੀ ਕਲੱਬ ਨਾਰਥ ਦੇ ਅਹੁਦੇਦਾਰਾਂ ਵੱਲੋਂ ਰੋਟਰੀ ਮੁਫ਼ਤ ਕੇ ਡੀ ਡਾਇਲਸਿਸ ਸੈਂਟਰ ਦਾ ਨਿਰੀਖਣ




ਅੰਮ੍ਰਿਤਸਰ (ਅਰੋੜਾ)-ਰੋਟਰੀ ਕਲੱਬ ਅੰਮ੍ਰਿਤਸਰ ਨਾਰਥ ਵੱਲੋਂ ਕਲੱਬ ਦੇ ਪ੍ਰਧਾਨ ਇੰਜੀ. ਵਰੁਣ ਕੱਕੜ, ਸਕੱਤਰ ਇੰਜੀ. ਪਰਮੀਤ ਸਿੰਘ ਖੇੜਾ, ਕਲੱਬ ਦੇ ਪੈਟਰਨ ਇੰਡੀਅਨ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਕੁਲਦੀਪ ਸਿੰਘ ਅਰੋੜਾ ਦੀ ਪ੍ਰਧਾਨਗੀ ਹੇਠ ਆਪਣੇ ਦੇਸ਼ ਅਤੇ ਸਮਾਜ ਭਲਾਈ ਕੰਮਾਂ ਨੂੰ ਅੱਗੇ ਵਧਾਉਂਦੇ ਹੋਏ ਰੋਟਰੀ ਗਲੋਬਲ ਗ੍ਰਾਂਟ ਦੇ ਤਹਿਤ ਚਲਾਏ ਜਾ ਰਹੇ ਕੇ. ਡੀ ਰੋਟਰੀ ਡਾਇਲਸਿਸ ਸੈਂਟਰ ਮਜੀਠਾ ਰੋਡ ਦਾ ਨਿਰੀਖਣ ਕੀਤਾ। ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਡਾਇਲਸਿਸ ਕਰਵਾ ਰਹੇ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀ ਚੰਗੀ ਸਿਹਤ ਦੀ ਕਾਮਨਾ ਕੀਤੀ।

ਲੋਹੜੀ ਦੇ ਮੌਕੇ ਸੈਂਟਰ ਦੇ ਸਟਾਫ਼ ਨੂੰ ਮਠਿਆਈ ਅਤੇ ਲੋਹੜੀ ਦੀ ਸਮੱਗਰੀ ਵੰਡੀ ਅਤੇ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਬਿਨਾਂ ਸਵਾਰਥ ਦੇ ਲਈ ਉਨ੍ਹਾਂ ਨੂੰ ਨਗਦ ਪੁਰਸਕਾਰ ਵੀ ਦਿੱਤੇ ਗਏ।

ਇਸ ਮੌਕੇ ਡਾਇਲਸਿਸ ਸੈਂਟਰ ਦੇ ਸਥਾਈ ਮੈਂਬਰ ਰੋਟਰੀ ਦੇ ਸਾਬਕਾ ਸਹਾਇਕ ਗਵਰਨਰ ਆਰ.ਐਸ ਚੱਠਾ, ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ ਅਤੇ ਰੋਟਰੀ ਕਲੱਬ ਨਾਰਥ ਦੇ ਹੋਰ ਮੈਂਬਰ ਵੀ ਮੌਜੂਦ ਸਨ।

# ਗੁ: ਜਨਮ ਅਸਥਾਨ ਬਾਬਾ ਸੈਣ ਭਗਤ ਠੱਠੀ ਸੋਹਲ ਵਿਖੇ ਮਹਾਰਾਸ਼ਟਰ ਤੋਂ ਨਤਮਸਤਕ ਹੋਣ ਲਈ ਪੁੱਜੀਆਂ ਸੰਗਤਾਂ



ਝਬਾਲ,(ਹਰਜਿੰਦਰ ਸਿੰਘ ਸੋਨੀ) ਗੁਰਦੁਆਰਾ ਜਨਮ ਅਸਥਾਨ ਬਾਬਾ ਸੈਣ ਭਗਤ ਠੱਠੀ ਸੋਹਲ ਜ਼ਿਲ੍ਹਾ ਤਰਨ ਤਾਰਨ ਵਿਖੇ ਦਰਸ਼ਨ ਦੀਦਾਰੇ ਕਰਨ ਲਈ ਸੰਗਤਾਂ ਵੱਡੀ ਗਿਣਤੀ ਵਿੱਚ ਮਹਾਰਾਸ਼ਟਰ ਤੋਂ ਪੁੱਜੀਆਂ।

ਇਸ ਮੌਕੇ ਜਿੱਥੇ ਮਹਾਰਾਸ਼ਟਰ ਦੀ ਸੰਗਤਾਂ ਨੇ ਬਾਬਾ ਸੈਣ ਭਗਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਵਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ ਉੱਥੇ ਹੀ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ, ਸਰੋਵਰ, ਦੀਵਾਨ ਹਾਲ, ਲੰਗਰ ਹਾਲ ਅਤੇ ਸੁੰਦਰ ਪਾਰਕ, ਰਿਹਾਇਸ਼ ਲਈ ਕਮਰੇ, ਅਧੁਨਿਕ ਤਕਨੀਕ ਨਾਲ ਬਣੇ ਇਸ਼ਨਾਨ ਘਰ, ਸਾਫ ਸੁਥਰੇ ਪਖਾਨੇ ਅਤੇ ਮੁੱਖ ਸੇਵਾਦਾਰ ਭਾਈ ਤਰਲੋਚਨ ਸਿੰਘ ਸੋਹਲ ਦੀ ਅਗਵਾਈ ਵਾਲੀ ਪ੍ਰਬੰਧਕ ਕਮੇਟੀ ਵੱਲੋ ਚਲਾਏ ਜਾ ਰਹੇ ਸਚੁੱਜੇ ਪ੍ਰਬੰਧ ਦੀ ਭਰਪੂਰ ਸ਼ਲਾਘਾ ਕਰਦਿਆਂ।

ਇਸ ਮਹਾਨ ਪਵਿੱਤਰ ਇਤਿਹਾਸਕ ਅਸਥਾਨ ਦੇ ਦਰਸ਼ਨ ਕਰਨ ਤੇ ਆਪਣੇ ਆਪ ਨੂੰ ਵਡਭਾਗੇ ਦੱਸਿਆ, ਜਦਕਿ ਜਥੇਦਾਰ ਭਾਈ ਤਰਲੋਚਨ ਸਿੰਘ ਸੋਹਲ ਨੇ ਦੱਸਿਆ ਕਿ ਬਾਬਾ ਜੀ ਦੇ ਇਸ ਪਵਿੱਤਰ ਅਸਥਾਨ ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਤਮਸਤਕ ਹੋ ਕੇ ਗੁਰੂ ਘਰ ਤੋਂ ਖੁਸੀਆ ਪ੍ਰਾਪਤ ਕਰਨ ਲਈ ਪਹੁੰਚਦੀਆਂ ਹਨ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਤਰਲੋਚਨ ਸਿੰਘ ਸੋਹਲ, ਭਾਈ ਅਮਰਜੀਤ ਸਿੰਘ ਸੋਹਲ, ਭਾਈ ਹੁਸਨਦੀਪ ਸਿੰਘ ਸੋਹਲ, ਭਾਈ ਚੈਚਲ ਸਿੰਘ ਸੋਹਲ, ਭਾਈ ਰਜਵੰਤ ਸਿੰਘ ਸੋਹਲ ਆਦਿ ਗੁਰਦੁਆਰਾ ਕਮੇਟੀ ਵੱਲੋਂ ਸੁਨੀਲ ਖੰਡਾਗਲੇ, ਅਰੁਣ ਸਿਰਸਨਗਰ, ਗਣਪਤ ਸਿਰਸਨਗਰ, ਸੰਕਰ ਰਾਣੇਕਰ, ਜੇਤੀਆ ਨੰਦ ਜਿਉਕਰ,ਬਾਪ ਰਾਣੇਕਰ, ਜਤਿਨ ਕੁਲਕਰਨੀ, ਮੁਕਰੰਦ ਬਾਲੀਕਰ, ਖੁਸ਼ਹਾਲ ਸਿੰਘ ਚੀਮਾ ਸਮੇਤ ਸੰਗਤਾਂ ਨੂੰ ਬਾਬਾ ਸੈਣ ਭਗਤ ਜੀ ਦੀ ਜੀਵਨੀ ਅਧਾਰਿਤ ਇਤਿਹਾਸ ਦੀਆ ਧਾਰਮਿਕ ਕਿਤਾਬਾਂ ਤੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# 19 ਤੇ 22 ਨੂੰ ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ ਬਟਾਲਾ ਵਿਖੇ ਰਿਹਰਸਲ

ਬਟਾਲਾ ( ਡਾਕਟਰ ਮਲਵਿੰਦਰ ਸਿੰਘ ) ਸਥਾਨਕ ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਖੇਡ ਸਟੇਡੀਅਮ ਵਿਖੇ ਹਰ ਸਾਲ ਦੀ ਤਰਾਂ ਇਸ ਵਾਰ ਵੀ 26 ਜਨਵਰੀ ਨੂੰ ਗਣਤੰਤਰ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਅਰਜਨ ਸਿੰਘ ਗਰੇਵਾਰ ਤਹਿਸੀਲਦਾਰ ਬਟਾਲਾ ਨੇ ਕਿਹਾ ਕਿ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਕੂਲ ਕੱਲ 16 ਜਨਵਰੀ ਨੂੰ ਸਵੇਰੇ 10 ਵਜ਼ੇ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਪਹੁੰਚਣ ਅਤੇ ਆਪਣਾ ਨਾਮ ਦਰਜ ਕਰਵਾਉਣ। ਜਿੰਨਾ ਸਕੂਲਾਂ ਦੇ ਨਾਮ ਦਰਜ ਹੋਣਗੇ ਉਨ੍ਹਾਂ ਸਕੂਲਾਂ ਦੀਆਂ ਟੀਮਾਂ ਹੀ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈ ਸਕਣਗੀਆਂ।

ਉਨਾਂ ਅੱਗੇ ਦੱਸਿਆ ਕਿ ਮਾਰਚ ਪਾਸਟ (ਬੈਂਡ) ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੀ ਰਿਹਰਸਲ 19 ਅਤੇ 22 ਜਨਵਰੀ ਨੂੰ ਪੁਲਿਸ ਲਾਈਨ ਬਟਾਲਾ ਵਿਖੇ ਸਵੇਰੇ 10.00 ਵਜੇ ਹੋਵੇਗੀ। ਇਸੇ ਤਰਾਂ ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ 19 ਅਤੇ 22 ਜਨਵਰੀ ਨੂੰ ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ, ਬਟਾਲਾ ਵਿਖੇ ਸਵੇਰੇ 10.00 ਵਜੇ ਹੋਵੇਗੀ।ਫੁੱਲ ਡਰੈੱਸ ਰਿਹਰਸਲ 24 ਜਨਵਰੀ ਨੂੰ ਪੋਲੀਟੈਕਨਿਕ ਕਾਲਜ ਬਟਾਲਾ ਵਿੱਚ ਹੋਵੇਗੀ।

# ਸੀਨੀਅਰ ਸਿਟੀਜ਼ਨ ਦਿਵਸ ਅੱਜ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ, ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ‘ਸਾਡੇ ਬਜ਼ੁਰਗ, ਸਾਡਾ ਮਾਣ’ ਮੁਹਿੰਮ ਤਹਿਤ ਬਜ਼ੁਰਗਾਂ ਦੇ ਸਤਿਕਾਰ ਅਤੇ ਉਨ੍ਹਾਂ ਦੀ ਸਹੂਲਤ ਲਈ 16 ਜਨਵਰੀ ਨੂੰ ਸਵੇਰੇ 10 ਵਜੇ ਕਿਸਾਨ ਵਿਕਾਸ ਚੈਂਬਰ, (ਕਾਲਕਟ ਭਵਨ) ਏਅਰਪੋਰਟ ਚੌਂਕ, ਐੱਸ.ਏ.ਐੱਸ. ਨਗਰ ਵਿਖੇ ਰਾਜ ਪੱਧਰੀ ‘ਸੀਨੀਅਰ ਸਿਟੀਜਨ ਦਿਵਸ’ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਬਲਜੀਤ ਕੌਰ, ਕੈਬਨਿਟ ਮੰਤਰੀ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਕੇ ਬਹੁ-ਮੰਤਵੀ ਸੇਵਾ ਕੈਂਪਾਂ ਦੀ ਸ਼ੁਰੂਆਤ ਕਰਵਾਉਣਗੇ।ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਮਾਗਮ ਦੌਰਾਨ ਬਜ਼ੁਰਗਾਂ ਦੀ ਸਿਹਤ ਸੁਵਿਧਾ ਲਈ ਵੱਖ-ਵੱਖ ਸਿਹਤ ਵਿਭਾਗਾਂ ਵੱਲੋਂ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਸ ਮੌਕੇ ਅੱਖਾਂ ਦਾ ਮੁਫ਼ਤ ਮੈਡੀਕਲ ਚੈਕਅਪ ਅਤੇ ਅਪਰੇਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਸਿਹਤ ਨਾਲ ਸਬੰਧਤ ਹੋਰ ਮੁਫ਼ਤ ਚੈਕਅਪ ਕੀਤੇ ਜਾਣਗੇ। ਇਸ ਮੌਕੇ ਆਯੁਰਵੈਦਿਕ, ਹੋਮਿਓਪੈਥਿਕ ਵਿਭਾਗਾਂ ਵੱਲੋਂ ਲਗਾਏ ਜਾਣ ਵਾਲੇ ਵਿਸ਼ੇਸ਼ ਕੈਂਪ ਤੋਂ ਇਲਾਵਾ ਬਜ਼ੁਰਗਾਂ ਨੂੰ ਸਰੀਰਕ ਤੌਰ ’ਤੇ ਤੰਦਰੁਸਤ ਰੱਖਣ ਲਈ ਯੋਗਾ ਕੈਂਪ ਵੀ ਲਗਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਨੈਸ਼ਨਲ ਅਤੇ ਸਟੇਟ ਪੈਨਸ਼ਨ ਸਕੀਮਾਂ ਅਧੀਨ ਬੁਢਾਪਾ ਪੈਨਸ਼ਨ ਸਬੰਧੀ ਮੌਕੇ ਤੇ ਫਾਰਮ ਭਰਵਾਏ ਜਾਣਗੇ, ਤਾਂ ਜੋ ਕੋਈ ਵੀ ਯੋਗ ਬਜ਼ੁਰਗ ਲਾਭ ਤੋਂ ਵਾਂਝਾ ਨਾ ਰਹੇ।ਉਨ੍ਹਾਂ ਇਹ ਵੀ ਕਿਹਾ ਕਿ ਸਮਾਗਮ ਦੌਰਾਨ ਅਟਲ ਵਯੋ ਅਭਿਉਦਯ ਯੋਜਨਾ ਅਧੀਨ ਅਲੀਮਕੋ ਵੱਲੋਂ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ, ਜਿੱਥੇ ਲੋੜਵੰਦਾਂ ਨੂੰ ਮੌਕੇ ’ਤੇ ਹੀ ਸਹਾਇਕ ਉਪਕਰਣ ਜਿਵੇਂ ਕਿ ਨਿਗ੍ਹਾ ਵਾਲੀਆਂ ਐਨਕਾਂ, ਸੁਣਨ ਵਾਲੀਆਂ ਮਸ਼ੀਨਾਂ, ਵਾਕਿੰਗ ਏਡਜ਼, ਸਰਵਾਈਕਲ ਕਾਲਰ, ਬੈਲਟਾਂ ਅਤੇ ਵ੍ਹੀਲਚੇਅਰਾਂ ਆਦਿ ਮੁਫ਼ਤ ਵੰਡੀਆਂ ਜਾਣਗੀਆਂ। ਇਨ੍ਹਾਂ ਮੁਫ਼ਤ ਸੇਵਾਵਾਂ ਦਾ ਲਾਭ ਲੈਣ ਲਈ ਲਾਭਪਾਤਰੀ ਦਾ ਆਧਾਰ ਕਾਰਡ ਅਤੇ ਆਮਦਨ ਸਰਟੀਫਿਕੇਟ ਦੇਣਾ ਲਾਜ਼ਮੀ ਹੋਵੇਗਾ, ਜਿਸ ਵਿੱਚ ਪ੍ਰਤੀ ਮਹੀਨਾ 15000 ਤੋਂ ਵੱਧ ਆਮਦਨ ਨਹੀ ਹੋਣੀ ਚਾਹੀਦੀ। ਇਸ ਤੋਂ ਇਲਾਵਾ ਸੀਨੀਅਰ ਸਿਟੀਜ਼ਨ ਕਾਰਡ ਬਣਾਉਣ ਅਤੇ ਸੀਨੀਅਰ ਸਿਟੀਜ਼ਨ ਹੋਮਜ਼ ਸਬੰਧੀ ਜਾਣਕਾਰੀ ਦੇਣ ਲਈ ਵਿਸ਼ੇਸ਼ ਜਾਗਰੂਕਤਾ ਡੈਸਕ ਸਥਾਪਿਤ ਕੀਤੇ ਜਾਣਗੇ।

# ਆਰਤੀ ਸ਼ਿਵ ਦੁਰਗਾ ਮੰਦਰ ’ਚ ਅੱਖਾਂ ਦਾ ਮੁਫ਼ਤ ਚੈਕਅੱਪ ਕੈਂਪ ਭਲਕੇ



ਅੰਮ੍ਰਿਤਸਰ (ਅਰੋੜਾ)-ਪਰਮ ਸੰਤ ਅਦਵੈਤ ਸਵਰੂਪ ਮਾਤਾ ਆਰਤੀ ਦੇਵਾ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਸਤਿਆ ਸਾਈ ਸੇਵਾ ਸੰਮਤੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਮਾਤਾ ਆਰਤੀ ਦੇਵਾ ਦੇ 47ਵੇਂ ਪ੍ਰਕਾਸ਼ ਉਤਸਵ ਦੇ ਮੌਕੇ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਸ਼ਨੀਵਾਰ 17 ਜਨਵਰੀ ਨੂੰ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ 1 ਵਜੇ ਤੱਕ ਲਗਾਇਆ ਜਾ ਰਿਹਾ ਹੈ। ਕੈਂਪ ਵਿੱਚ ਡਾ. ਓਮ ਪ੍ਰਕਾਸ਼ ਮਾਲ ਰੋਡ ਅੱਖਾਂ ਦੇ ਹਸਪਤਾਲ ਦੇ ਮਹਿਰ ਡਾਕਟਰ ਅੱਖਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਦਵਾਈਆਂ ਆਦਿ ਵੀ ਵੰਡਣਗੇ। ਆਰਤੀ ਸ਼ਿਵ ਦੁਰਗਾ ਮੰਦਰ ਟਰੱਸਟ ਦੇ ਸਮੂਹ ਅਹੁਦੇਦਾਰਾਂ ਅਤੇ ਸੇਵਾਦਾਰਾਂ ਨੇ ਸਮੂਹ ਸੰਗਤ ਨੂੰ ਨਿਵੇਦਨ ਕੀਤਾ ਕਿ ਉਹ ਠੀਕ ਸਮੇਂ ਤੇ ਆ ਕੇ ਆਪਣੀਆਂ ਅੱਖਾਂ ਦਾ ਚੈੱਕਅਪ ਕਰਵਾ ਕੇ ਮਾਤਾ ਆਰਤੀ ਦੇਵਾ ਦਾ ਆਸ਼ੀਰਵਾਦ ਪ੍ਰਾਪਤ ਕਰਨ। ਉਕਤ ਸੂਚਨਾ ਆਰਤੀ ਸ਼ਿਵ ਦੁਰਗਾ ਮੰਦਰ ਦੇ ਪ੍ਰਮੁੱਖ ਸੇਵਕ ਸੁਮਿਤ ਸ਼ਾਸਤਰੀ ਵੱਲੋਂ ਦਿੱਤੀ ਗਈ ।

# ਟ੍ਰੈਫਿਕ ਪੁਲਸ ਵੱਲੋਂ ਜਾਗਰੂਕਤਾ ਸੈਮੀਨਾਰ




ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐਸ ਏ ਐਸ ਨਗਰ ਸ੍ਰੀ ਹਰਮਨਦੀਪ ਸਿੰਘ ਹਾਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਟ੍ਰੈਫਿਕ ਪੁਲਿਸ ਮੋਹਾਲੀ ਵੱਲੋ ਕੌਮੀ ਰਾਸ਼ਟਰੀ ਸੜਕ ਸੁਰੱਖਿਆ ਅਭਿਆਨ (2026) ਜ਼ੀਰੋ ਮੌਤ ਰਹਿਤ ਪ੍ਰਣਾਲੀ ਯੋਜਨਾ ਲਾਗੂ ਮਿਤੀ 1 ਜਨਵਰੀ ਤੋਂ ਲੈ ਕੇ ਮਿਤੀ 31 ਜਨਵਰੀ ਤਹਿਤ ਹਰ ਸਾਲ ਦੀ ਤਰ੍ਹਾਂ ਜ਼ਿਲ੍ਹਾ ਐਸ.ਏ.ਐਸ ਨਗਰ ਦੀ ਟ੍ਰੈਫਿਕ ਪੁਲਿਸ ਵੱਲੋਂ ਮਨਾਇਆ ਜਾ ਰਿਹਾ ਹੈ ਜਿਸਦੀ ਲੜੀ ਵਿੱਚ ਕਰਨੈਲ ਸਿੰਘ, ਉਪ ਕਪਤਾਨ ਪੁਲਿਸ ਟ੍ਰੈਫਿਕ ਵੱਲੋਂ ਟ੍ਰੈਫਿਕ ਇੰਚਾਰਜ ਜੋਨ 3 ਇੰਸਪੈਕਟਰ ਸੰਜੀਵ ਕੁਮਾਰ ਅਤੇ ਟ੍ਰੈਫਿਕ ਕਰਮਚਾਰੀਆਂ ਦੀ ਮਦਦ ਨਾਲ ਆਈਸਰ ਲਾਈਟ ਪੁਆਇੰਟ ਤੇ ਪੁਹੰਚ ਕੇ ਵੱਖ-ਵੱਖ ਸਕੂਲਾ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ।

ਇਸ ਸੈਮੀਨਾਰ ਦੌਰਾਨ ਟ੍ਰੈਫਿਕ ਨਿਯਮਾਂ ਦੇ ਉਲੰਘਣਾ ਕਰਨ ਵਾਲੇ ਵਹੀਕਲ ਚਾਲਕਾਂ ਨੂੰ ਕਰਨੈਲ ਸਿੰਘ ਵੱਲੋ ਅਪੀਲ ਕੀਤੀ ਗਈ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨਾ ਕੀਤੀ ਜਾਵੇ, ਇਸ ਨਾਲ ਆਮ ਪਬਲਿਕ ਦਾ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ।

# ਹਾਰਡਵੇਅਰ ਦੀ ਦੁਕਾਨ ਨੂੰ ਅੱਗ, ਲੱਖਾਂ ਦਾ ਨੁਕਸਾਨ

ਗੁਰਦਾਸਪੁਰ (ਜਨਕ ਮਹਾਜਨ)-ਬੀਤੀ ਰਾਤ ਬਹਿਰਾਮਪੁਰ ਵਿਖੇ ਸਾਈਦਾਸ ਹਾਰਡਵੇਅਰ ਦੀ ਦੁਕਾਨ ਨੂੰ ਅੱਗ ਲੱਗਣ ਨਾਲ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦੁਕਾਨ ਮਾਲਕ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦੇ ਨਾਲ ਉਨ੍ਹਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਕਾਫੀ ਜੱਦੋ ਜਹਿਦ ਤੋਂ ਬਾਅਦ ਅੱਗ ’ਤੇ ਬੜੀ ਮੁਸ਼ਕਿਲ ਦੇ ਨਾਲ ਕਾਬੂ ਪਾਇਆ। ਉਨ੍ਹਾਂ ਦੱਸਿਆ ਕਿ ਦੁਕਾਨ ਅੰਦਰ ਟੈਂਕੀਆਂ, ਪਾਈਪਾਂ ਤੋਂ ਇਲਾਵਾ ਹੋਰ ਬਹੁਤ ਸਾਰਾ ਜ਼ਰੂਰੀ ਸਮਾਨ ਪਿਆ ਸੀ ਜੋ ਸੜ ਕੇ ਸਵਾਹ ਹੋ ਗਿਆ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਉਨ੍ਹਾਂ ਦੇ ਹੋਏ ਨੁਕਸਾਨ ਦਾ ਉਨ੍ਹਾਂ ਨੂੰ ਮੁਆਵਜ਼ਾ ਦਿਵਾਇਆ ਜਾਵੇ।

# ਜੈਤੇਗ ਸਿੰਘ ਅਨੰਤ ਦਾ ਸ਼ਰਧਾਂਜਲੀ ਸਮਾਗਮ ਅੱਜ



ਪਟਿਆਲਾ (ਨ ਜ ਸ)-ਪ੍ਰਸਿੱਧ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਦੀ ਯਾਦ ਵਿੱਚ ਸ਼ਰਧਾਂਜ਼ਲੀ ਸਮਾਗਮ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ, ਪੰਜਾਬੀ ਸਾਹਿਤ ਸਭਾ ਪਟਿਆਲਾ, ਗਲੋਬਲ ਪੰਜਾਬੀ ਫਾਉਂਡੇਸ਼ਨ ਅਤੇ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਇੰਡੀਅਨ ਚੈਪਟਰ ਵੱਲੋਂ ਸਾਂਝੇ ਤੌਰ ’ਤੇ 16 ਜਨਵਰੀ ਨੂੰ ਦੁਪਹਿਰ 12.00 ਵਜੇ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਤ ਕੀਤਾ ਜਾ ਰਿਹਾ ਹੈ।

ਇਸ ਦਾ ਪ੍ਰਗਟਾਵਾ ਹਰਿਦਰਸ਼ਨ ਮੈਮੋਰੀਅਲ ਇੰਟਰ-ਨੈਸ਼ਨਲ ਟਰੱਸਟ ਕੈਨੇਡਾ ਦੇ ਇੰਡੀਆ ਚੈਪਟਰ ਦੇ ਇਨਚਾਰਜ ਉਜਾਗਰ ਸਿੰਘ ਤੇ ਜੋਤਿੰਦਰ ਸਿੰਘ ਨੇ ਕਰਦਿਆਂ ਕਿਹਾ ਕਿ ਜੈਤੇਗ ਸਿੰਘ ਅਨੰਤ ਦੇ ਯੋਗਦਾਨ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ।

# ਹੰਸਲੀ ਪੁਲ ਜਲੰਧਰ ਰੋਡ ਤੋਂ ਲੈ ਕੇ ਮਾਤਾ ਸੁਲੱਖਣੀ ਜੀ ਗੇਟ ਤੱਕ ਸਟਰੀਟ ਲਾਈਟਾਂ ਲੋਕ ਅਰਪਨ



ਬਟਾਲਾ ( ਡਾਕਟਰ ਮਲਵਿੰਦਰ ਸਿੰਘ ) ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਖਾਸ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਉਨ੍ਹਾਂ ਵਲੋਂ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ ਤੇ ਖੂਬਸੂਰਤ ਲਾਈਟਾਂ ਲਗਾਈਆਂ ਗਈਆਂ ਹਨ।

ਹੰਸਲੀ ਪੁੱਲ ਜਲੰਧਰ ਰੋਡ ਤੋਂ ਲੈ ਕੇ ਮਾਤਾ ਸੁਲੱਖਣੀ ਜੀ ਗੇਟ ਤੱਕ ਸਟਰੀਟ ਲਾਈਟਾਂ ਦਾ ਲੋਕ ਅਰਪਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿ ਕਲਸੀ ਨੇ ਦੱਸਿਆ ਕਿ ਬਟਾਲਾ ਸ਼ਹਿਰ ਵਿੱਚ ਮੁੱਖ ਰੋਡਾਂ ਤੇ ਲਾਈਟਾਂ ਲਗਾਈਆਂ ਗਈਆਂ ਹਨ, ਜਿਸ ਨਾਲ ਸ਼ਹਿਰ ਦੀ ਖੂਬਸੂਰਤੀ ਨੂੰ ਚਾਰ ਚੰਨ ਲੱਗ ਗਏ ਹਨ।

ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਵਲੋਂ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਸ਼ਹਿਰ ਅੰਦਰ ਵਿਕਾਸ ਕੰਮ ਤੇਜਗਤੀ ਨਾਲ ਚੱਲ ਰਹੇ ਹਨ।

ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਸ਼ਹਿਰ ਦੀਆਂ ਸਾਰੀਆਂ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ। ਸ਼ਹਿਰ ਅੰਦਰ ਚੌਂਕਾਂ ਨੂੰ ਚੋੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ। ਸ਼ਹਿਰ ਦੀ ਲਾਇਬ੍ਰੇਰੀ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਹੈ। ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਕੇਂਦਰ ਬਟਾਲਾ ਵਿਖੇ ਸ਼ਿਵ ਬਟਾਲਵੀ ਦਾ ਆਦਮ ਕੱਦ ਬੁੱਤ ਲਗਾਇਆ ਗਿਆ ਹੈ। ਸ਼ਹਿਰ ਅੰਦਰ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ ਅਤੇ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ।

ਇਸ ਮੌਕੇ ਗੱਲ ਕਰਦਿਆਂ ਸ਼ਹਿਰ ਵਾਸੀਆਂ ਤੇ ਦੁਕਾਨਦਾਰਾਂ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਲਈ ਜਿਕਰਯੋਗ ਉਪਰਾਲੇ ਕੀਤੇ ਗਏ ਹਨ ਅਤੇ ਵਿਧਾਇਕ ਸ਼ੈਰੀ ਕਲਸੀ ਵਲੋਂ ਲੋਕਾਂ ਨੂੰ ਲਗਾਤਾਰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ ਅਤੇ ਲਾਈਟਾਂ ਲੱਗਣ ਨਾਲ ਹਨੇਰੇ ਵਿੱਚ ਆਵਾਜਾਈ ਦੀ ਵੱਡੀ ਸਹੂਲਤ ਮਿਲੀ ਹੈ।

# ਮੁੱਖ ਮੰਤਰੀ ਪੰਜਾਬ ਨੂੰ ਇਜ਼ਰਾਈਲ ਦੌਰੇ ਦੀ ਪ੍ਰਵਾਨਗੀ ਨਾ ਦੇਣਾ ਨਿੰਦਣਯੋਗ : ਮਾਨ

ਫ਼ਤਹਿਗੜ੍ਹ ਸਾਹਿਬ, 15 ਜਨਵਰੀ (ਪ੍ਰਮੋਦ ਭਾਰਦਵਾਜ)-ਇੰਡੀਆ ਦਾ ਵਿਧਾਨ ਸੂਬਿਆਂ ਤੇ ਸੈਂਟਰ ਦੇ ਅਧਿਕਾਰਾਂ ਦੀ ਸਹੀ ਦਿਸ਼ਾ ਵੱਲ ਆਜ਼ਾਦਾਨਾ ਕੰਮ ਕਰਨ ਤੇ ਫੈਸਲੇ ਲੈਣ ਦੀ ਖੁੱਲ੍ਹ ਦਿੰਦਾ ਹੈ।ਸੂਬਿਆਂ ਤੇ ਸੈਂਟਰ ਦੇ ਅਧਿਕਾਰਾਂ ਦੀ ਵਿਧਾਨਕ ਵੰਡ ਦਾ ਪ੍ਰਬੰਧ ਹੈ, ਪਰ ਸੈਂਟਰ ਦੀ ਮੋਦੀ ਦੀ ਬੀਜੇਪੀ ਤੇ ਆਰ.ਐੱਸ.ਐੱਸ. ਸਰਕਾਰ ਵੱਲੋਂ ਪੰਜਾਬ ਸੂਬੇ ਦੇ ਮਸਲਿਆਂ ਨੂੰ ਹੱਲ ਕਰਨ ਲਈ ਜੇਕਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਸੂਬੇ ਦੀ ਮਾਲੀ ਹਾਲਤ ਨੂੰ ਠੀਕ ਕਰਨ, ਖੇਤੀ ਪ੍ਰਧਾਨ ਸੂਬੇ ਦੇ ਪਾਣੀਆਂ ਦੇ ਮਸਲੇ ਨੂੰ ਹੱਲ ਕਰਨ ਹਿੱਤ ਪਾਣੀਆਂ ਦੀ ਸਹੀ ਢੰਗ ਨਾਲ ਸੰਭਾਲ ਦੀ ਤਕਨੀਕ ਪ੍ਰਾਪਤ ਕਰਨ ਦੀ ਸੋਚ ਅਧੀਨ ਇਜ਼ਰਾਈਲ ਜਾ ਕੇ ਉਥੋਂ ਦੀ ਸਰਕਾਰ ਨਾਲ ਇਸ ਵਿਸ਼ੇ ’ਤੇ ਵਿਚਾਰ ਵਟਾਂਦਰਾ ਕਰਨ ਦੀ ਇੱਛਾ ਰੱਖਦੇ ਹਨ ਤਾਂ ਸੈਂਟਰ ਦੀ ਮੋਦੀ ਹਕੂਮਤ ਨੇ ਉਨ੍ਹਾ ਨੂੰ ਇਜ਼ਰਾਈਲ ਦੇ ਤਹਿਸ਼ੁਦਾ ਦੌਰੇ ਵਿੱਚ ਰੁਕਾਵਟ ਪਾ ਕੇ ਤਾਨਾਸ਼ਾਹੀ ਸੋਚ ਅਧੀਨ ਅਮਲ ਕੀਤਾ ਹੈ, ਇਹ ਅਤਿ ਨਿੰਦਣਯੋਗ ਪੰਜਾਬ ਵਿਰੋਧੀ ਕਾਰਵਾਈ ਹੈ, ਜਿਸ ਦੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੋਇਆ ਪੰਜਾਬ ਸੂਬੇ ਤੇ ਪੰਜਾਬੀਆਂ ਲਈ ਅਪਣਾਈ ਜਾ ਰਹੀ ਮੰਦਭਾਵਨਾ ਭਰੀ ਸੋਚ ਦੇ ਨਿਕਲਣ ਵਾਲੇ ਭਿਆਨਕ ਨਤੀਜਿਆਂ ਲਈ ਸੈਂਟਰ ਦੀ ਸਰਕਾਰ ਨੂੰ ਖ਼ਬਰਦਾਰ ਵੀ ਕਰਦਾ ਹੈ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਸੈਂਟਰ ਸਰਕਾਰ ਵੱਲੋਂ ਪੰਜਾਬ ਦੇ ਮੁੱਖ ਸ੍ਰ. ਭਗਵੰਤ ਸਿੰਘ ਮਾਨ ਦੇ ਇਜ਼ਰਾਈਲ ਮੁਲਕ ਦੇ ਦੌਰੇ ਨੂੰ ਪ੍ਰਵਾਨਗੀ ਨਾ ਦੇਣ ਉਤੇ ਅਤੇ ਪੰਜਾਬ ਸੂਬੇ ਪ੍ਰਤੀ ਨਫ਼ਰਤ ਭਰੀਆਂ ਕਾਰਵਾਈਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਅਤੇ ਨਿਕਲਣ ਵਾਲੇ ਨਤੀਜਿਆਂ ਲਈ ਖ਼ਬਰਦਾਰ ਕਰਦੇ ਹੋਏ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਜਦੋ ਸੈਂਟਰ ਨੇ ਗਵਾਂਢੀ ਮੁਲਕ ਪਾਕਿਸਤਾਨ ਜਾ ਕਿਸੇ ਹੋਰ ਨਾਲ ਜੰਗ ਲਗਾਉਣੀ ਹੁੰਦੀ ਹੈ ਤਾਂ ਹਥਿਆਰਾਂ ਤੇ ਹੋਰ ਜੰਗੀ ਸਮਾਨ ਦੀ ਤਕਨੀਕ ਪ੍ਰਾਪਤ ਕਰਨੀ ਹੁੰਦੀ ਹੈ ਤਾਂ ਉਹ ਇਜ਼ਰਾਈਲ ਤੋਂ ਪ੍ਰਾਪਤ ਕਰਦੇ ਆ ਰਹੇ ਹਨ, ਜਦੋਂਕਿ ਅਜਿਹੀਆਂ ਜੰਗਾਂ ਯੁੱਧਾਂ ਨਾਲ ਦੋਵੇਂ ਪੰਜਾਬ ਦੇ ਨਿਵਾਸੀਆਂ ਦੀ ਜ਼ਿੰਦਗਾਨੀਆਂ ਨਾਲ ਮਨੁੱਖਤਾ ਵਿਰੋਧੀ ਖਿਲਵਾੜ ਹੁੰਦਾ ਹੈ, ਪਰ ਜਦੋਂ ਪੰਜਾਬੀਆਂ ਦੀ ਬਿਹਤਰੀ ਕਰਨ ਅਧੀਨ ਉਨ੍ਹਾਂ ਦੇ ਖੇਤੀ ਨਾਲ ਸਬੰਧਤ ਮਸਲਿਆਂ ਪਾਣੀ, ਡੀਜ਼ਲ, ਖਾਦਾਂ ਤੇ ਦਵਾਈਆਂ ਆਦਿ ਦੀ ਰੱਖ ਰਖਾਓ, ਸੰਭਾਲ ਦੀ ਤਕਨੀਕ ਸਬੰਧੀ ਉਪਰੋਕਤ ਮੁਲਕ ਨਾਲ ਮੁਲਾਕਾਤਾਂ ਕਰਨ ਲਈ ਦੌਰੇ ’ਤੇ ਜਾਣਾ ਹੁੰਦਾ ਹੈ ਤਾਂ ਇਹ ਹੁਕਮਰਾਨ ਅਜਿਹੇ ਦੌਰਿਆਂ ਦੀ ਪ੍ਰਵਾਨਗੀ ਹੀ ਨਹੀਂ ਦਿੰਦੇ।ਅਜਿਹਾ ਪੰਜਾਬ ਵਿਰੋਧੀ ਵਿਵਹਾਰ ਕਰਕੇ ਪੰਜਾਬੀਆਂ ਨੂੰ ਹੁਕਮਰਾਨ ਕਿ ਸੰਦੇਸ਼ ਦੇਣਾ ਚਾਹੁੰਦੇ ਹਨ ? ਪੰਜਾਬੀਆਂ ਨੂੰ ਇਸ ਵਿਸ਼ੇ ’ਤੇ ਸਖ਼ਤ ਕਦਮ ਚੁੱਕਣ ਲਈ ਤੇ ਇਥੋਂ ਦੇ ਹਾਲਾਤਾਂ ਨੂੰ ਵਿਸਫੋਟਕ ਬਣਾਉਣ ਦੇ ਮਨੁੱਖਤਾ ਵਿਰੋਧੀ ਅਮਲ ਕਿਉਂ ਕਰ ਰਹੇ ਹਨ ?

# ਕੌਮੀ ਲੋਕ ਅਦਾਲਤ 14 ਮਾਰਚ ਨੂੰ



ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ 14 ਮਾਰਚ ਨੂੰ ਅਗਲੀ ਰਾਸ਼ਟਰੀ ਲੋਕ ਅਦਾਲਤ ਲਗਾਈ ਜਾਵੇਗੀ, ਜਿਸ ਦੌਰਾਨ ਵੱਖ-ਵੱਖ ਕਿਸਮਾਂ ਦੇ ਮਾਮਲਿਆਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਜਾਵੇਗਾ। ਇਹ ਜਾਣਕਾਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ ਐਲ ਐਸ ਏ), ਐਸ ਏ ਐਸ ਨਗਰ ਦੀ 31.12.2025 ਤੱਕ ਦੀ ਤਿਮਾਹੀ ਦੀ ਸਮੀਖਿਆ ਲਈ ਅੱਜ ਸ਼੍ਰੀ ਅਤੁਲ ਕਸਾਨਾ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਐਸ ਏ ਐਸ ਨਗਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਦਿੱਤੀ ਗਈ।

ਮੀਟਿੰਗ ਵਿੱਚ ਸ਼੍ਰੀ ਹਰਦੀਪ ਸਿੰਘ, ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ-1; ਮਿਸ ਸੁਰਭੀ ਪ੍ਰਸ਼ਾਰ, ਸਕੱਤਰ, ਡੀ ਐਲ ਐਸ ਏ ਐਸ ਏ ਐਸ ਨਗਰ; ਡਾ. ਅੰਕਿਤਾ ਕਾਂਸਲ, ਸਹਾਇਕ ਕਮਿਸ਼ਨਰ (ਜਨਰਲ); ਸ਼੍ਰੀ ਮੋਹਿਤ ਅੱਗਰਵਾਲ, ਐਸਪੀ (ਹੈੱਡਕੁਆਰਟਰ); ਸ਼੍ਰੀ ਸਨੇਹਪ੍ਰੀਤ ਸਿੰਘ, ਪ੍ਰਧਾਨ, ਜ਼ਿਲ੍ਹਾ ਬਾਰ ਐਸੋਸੀਏਸ਼ਨ; ਅਤੇ ਸ਼੍ਰੀ ਰਵੀ ਇੰਦਰ ਸਿੰਘ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹਾਜ਼ਰ ਰਹੇ।

# ਸਿਹਤ ਵਿਭਾਗ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਸਿਵਲ ਸਰਜਨ



ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਸਿਵਲ ਸਰਜਨ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਪੰਜ ਮੈਡੀਕਲ ਅਫਸਰਾਂ (ਸਪੈਸ਼ਲਿਸਟਾਂ) ਨੂੰ ਇੰਪੈਨਲਮੈਂਟ ਪੱਤਰ ਸੌਂਪੇ। ਇਨ੍ਹਾਂ ਵਿੱਚੋਂ ਚਾਰ ਮੈਡੀਕਲ ਅਫਸਰ (ਸਪੈਸ਼ਲਿਸਟ) ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਤਾਇਨਾਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਦੋ ਮੈਡੀਸਨ ਸਪੈਸ਼ਲਿਸਟ, ਇੱਕ ਐਨਸਥੀਸੀਆ ਸਪੈਸ਼ਲਿਸਟ ਤੇ ਇੱਕ ਇਸਤਰੀ ਰੋਗਾਂ ਦੇ ਮਾਹਰ ਸ਼ਾਮਲ ਹਨ। ਇਸ ਤੋਂ ਇਲਾਵਾ ਲੈਫ. ਜਨਰਲ ਬਿਕਰਮਜੀਤ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਵਿਖੇ ਵੀ ਇੱਕ ਇਸਤਰੀ ਰੋਗਾਂ ਦੇ ਮਾਹਰ ਡਾਕਟਰ ਦੀ ਨਿਯੁਕਤੀ ਕੀਤੀ ਗਈ ਹੈ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਨਵੇਂ ਨਿਯੁਕਤ ਮੈਡੀਕਲ ਅਫਸਰਾਂ (ਸਪੈਸ਼ਲਿਸਟਾਂ) ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਜ਼ਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿੱਚ ਆਪਣੀ ਡਿਊਟੀ ਇਮਾਨਦਾਰੀ, ਨਿਸ਼ਠਾ ਅਤੇ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿਹਤ ਵਿਭਾਗ ਆਮ ਲੋਕਾਂ ਨੂੰ ਉੱਚ ਮਿਆਰੀ ਅਤੇ ਸੁਲਭ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਨਵੇਂ ਸਪੈਸ਼ਲਿਸਟਾਂ ਦੀ ਨਿਯੁਕਤੀ ਨਾਲ ਜ਼ਿਲ੍ਹੇ ਵਿੱਚ ਇਲਾਜ ਸੇਵਾਵਾਂ ਹੋਰ ਮਜ਼ਬੂਤ ਹੋਣਗੀਆਂ।ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਸਿਹਤ ਅਫਸਰ ਡਾ. ਰੇਣੂ ਮਿੱਤਲ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਹਰਪਿੰਦਰ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ, ਜ਼ਿਲ੍ਹਾ ਡੈਂਟਲ ਹੈਲਥ ਅਫਸਰ ਡਾ ਰਾਜ ਕੁਮਾਰੀ, ਸੀਨੀਅਰ ਸਹਾਇਕ ਤੇ ਸਿਵਲ ਸਰਜਨ ਦੇ ਪੀ.ਏ. ਅਜੇ ਕੁਮਾਰ ਸਮੇਤ ਹੋਰ ਸਿਹਤ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਰੌਨਕਪ੍ਰੀਤ ਕੌਰ ਤਰਨ ਤਾਰਨ



ਜੈਸਮੀਨ ਕੌਰ ਨਾਭਾ

# ਮੋਹਾਲੀ ਪੁਲਸ ਵੱਲੋਂ 3 ਦੋਸ਼ੀਆਂ ਨੂੰ ਗ੍ਰਿਫਤਾਰ

### 3 ਨਜਾਇਜ਼ ਹਥਿਆਰ ਸਮੇਤ ਕਾਰਤੂਸ ਤੇ ਟਾਟਾ ਸਫਾਰੀ ਬਰਾਮਦ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਜ਼ਿਲ੍ਹਾ ਐੱਸ ਏ ਐੱਸ ਨਗਰ ਪੁਲਿਸ ਦੇ ਸੀ ਆਈ ਏ ਸਟਾਫ ਦੀ ਟੀਮ ਵੱਲੋਂ 3 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਕਾਰ ਮਾਰਕਾ ਟਾਟਾ ਸਫਾਰੀ ਵਿੱਚੋਂ 3 ਨਜਾਇਜ਼ ਹਥਿਆਰ ਸਮੇਤ ਕਾਰਤੂਸ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਐੱਸ ਐੱਸ ਪੀ ਹਰਮਨਦੀਪ ਸਿੰਘ ਹਾਂਸ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਮਿਤੀ 12 ਜਨਵਰੀ 2026 ਨੂੰ ਸੀ.ਆਈ.ਏ. ਸਟਾਫ ਦੀ ਪੁਲਿਸ ਪਾਰਟੀ ਨੇੜੇ ਪਿੰਡ ਥਾਨਪੁਰ, ਖਰੜ ਮੌਜੂਦ ਸੀ। ਜਿੱਥੇ ਸੀ.ਆਈ.ਏ. ਸਟਾਫ ਦੀ ਪੁਲਿਸ ਪਾਰਟੀ ਨੂੰ ਮੁਖਬਰੀ ਮਿਲੀ ਕਿ ਸਹਿਜਪ੍ਰੀਤ ਸਿੰਘ ਪੁੱਤਰ ਸਮਰਜੀਤ ਸਿੰਘ ਵਾਸੀ ਪਿੰਡ ਸਫਰੀ ਵਿੰਡ ਜ਼ਿਲ੍ਹਾ ਅੰਮ੍ਰਿਤਸਰ ਹਾਲ ਵਾਸੀ ਮਕਾਨ ਨੰ: 487 ਸੰਨੀ ਅਰਬਨ ਹੋਮਜ਼ ਖਰੜ, ਅਮਨਪ੍ਰੀਤ ਸਿੰਘ ਉਰਫ ਆਸ਼ੂ ਪੁੱਤਰ ਸਪਿੰਦਰ ਸਿੰਘ ਪਿੰਡ ਰਾਏਪੁਰ ਕਲਾਂ, ਜ਼ਿਲ੍ਹਾ ਮੋਹਾਲੀ ਅਤੇ ਸਚਿਨ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਮਹਰਮ ਰਾਏ ਜ਼ਿਲ੍ਹਾ ਫਾਜ਼ਿਲਕਾ ਹਾਲ ਵਾਸੀ ਮਕਾਨ ਨੰ: 483 ਫਲੈਟ ਸੰਨੀ ਅਰਬਨ ਹੋਮਜ਼, ਖਰੜ, ਪਾਸ ਨਜਾਇਜ਼ ਹਥਿਆਰ ਹਨ ਤੇ ਨਜਾਇਜ਼ ਹਥਿਆਰਾਂ ਨਾਲ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਲਈ ਕਾਰ ਨੰ: "*16-40-6539 ਮਾਰਕਾ ਟਾਟਾ ਸਫਾਰੀ ਵਿੱਚ ਸਵਾਰ ਹੋ ਕੇ ਆਮਿਰਾ ਗਰੀਨਜ਼ ਖਰੜ-ਕੁਰਾਲੀ ਰੋਡ ਵਾਲੀ ਸਾਈਡ ਘੁੰਮ ਰਹੇ ਹਨ। ਜਿਸ ਤੇ ਉਕਤ ਦੋਸ਼ੀਆਂ ਵਿਰੁੱਧ ਮੁਕੱਦਮਾ ਥਾਣਾ ਸਿਟੀ ਖਰੜ ਦਰਜ ਰਜਿਸਟਰ ਕੀਤਾ ਗਿਆ। ਦੋਸ਼ੀਆਂ ਨੂੰ ਨੇੜੇ ਆਮਰਿਤਾ ਗਰੀਨਜ਼ ਸੋਸਾਇਟੀ ਖਰੜ ਤੋਂ ਗ੍ਰਿਫਤਾਰ ਕਰਕੇ ਨਜਾਇਜ ਅਸਲਾ ਅਤੇ ਐਮੂਨੀਸ਼ਨ ਬ੍ਰਾਮਦ ਕੀਤਾ ਗਿਆ।ਦੋਸ਼ੀ ਸਚਿਨ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਮਹਰਮ ਰਾਏ ਥਾਣਾ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਹਾਲ ਵਾਸੀ ਮਕਾਨ ਨੰ: 483 ਸੰਨੀ ਅਰਬਨ ਹੋਮਜ਼ ਖਰੜ, ਥਾਣਾ ਸਿਟੀ ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ ਜਿਸ ਦੀ ਉਮਰ ਕ੍ਰੀਬ 22 ਸਾਲ ਹੈ, ਜੋ ਬਾਰਾਂ ਕਲਾਸਾਂ ਪਾਸ ਹੈ ਅਤੇ ਅਨ-ਮੈਰਿਡ ਹੈ। ਦੋਸ਼ੀ ਦੇ ਖਿਲਾਫ ਥਾਣਾ ਮਲੋਆ ਚੰਡੀਗੜ ਵਿਖੇ ਲੜਾਈ ਝਗੜੇ ਦਾ ਮੁਕੱਦਮਾ ਦਰਜ ਹੈ।ਦੋਸ਼ੀ ਸਹਿਜਪ੍ਰੀਤ ਸਿੰਘ ਪੁੱਤਰ ਸਮਰਜੀਤ ਸਿੰਘ ਵਾਸੀ ਪਿੰਡ ਸਫਰੀ ਵਿੰਡ, ਥਾਣਾ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਹਾਲ ਵਾਸੀ ਮਕਾਨ ਨੰ: 487 ਸੰਨੀ ਅਰਬਨ ਹੋਮਜ਼ ਖਰੜ, ਥਾਣਾ ਸਿਟੀ ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ ਜਿਸਦੀ ਉਮਰ ਕ੍ਰੀਬ 20 ਸਾਲ ਹੈ, ਜੋ ਬਾਰਾਂ ਕਲਾਸਾਂ ਪਾਸ ਹੈ ਅਤੇ ਅਨ-ਮੈਰਿਡ ਹੈ। ਦੋਸ਼ੀ ਦੇ ਖਿਲਾਫ ਪਹਿਲਾਂ ਕੋਈ ਮੁਕੱਦਮਾ ਦਰਜ ਨਹੀਂ ਹੈ।ਦੋਸ਼ੀ ਅਮਨਪ੍ਰੀਤ ਸਿੰਘ ਉਰਫ ਆਸ਼ੂ ਪੁੱਤਰ ਸਪਿੰਦਰ ਸਿੰਘ ਵਾਸੀ ਪਿੰਡ ਰਾਏਪੁਰ ਕਲਾਂ ਥਾਣਾ ਸੋਹਾਣਾ, ਜ਼ਿਲ੍ਹਾ ਐੱਸ ਏ ਐੱਸ ਨਗਰ ਜਿਸ ਦੀ ਉਮਰ ਕ੍ਰੀਬ 20 ਸਾਲ ਹੈ, ਜੋ ਬਾਰਾਂ ਕਲਾਸਾਂ ਪਾਸ ਹੈ ਅਤੇ ਅਨ-ਮੈਰਿਡ ਹੈ। ਦੋਸ਼ੀ ਦੇ ਖਿਲਾਫ ਪਹਿਲਾਂ ਕੋਈ ਮੁਕੱਦਮਾ ਦਰਜ ਨਹੀਂ ਹੈ।ਦੋਸ਼ੀ ਪੁਲਿਸ ਰਿਮਾਂਡ ਅਧੀਨ ਹਨ। ਜਿਨਾਂ ਪਾਸੋਂ ਹੋਰ ਵੀ ਬ੍ਰਾਮਦਗੀ ਹੋਣ ਦੀ ਉਮੀਦ ਹੈ।

# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਮੀਟਿੰਗ

**ਜਲੰਧਰ (ਰਾਜੇਸ਼ ਥਾਪਾ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਦੀ ਹਾਜ਼ਰੀ 'ਚ ਹੋਈ, ਪਾਰਟੀ ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਨੇ ਗੰਭੀਰ ਵਿਚਾਰ-ਚਰਚਾ ਕਰਨ ਪਿੱਛੋਂ ਦੇਸ਼-ਦੁਨੀਆ ਤੇ ਸੂਬੇ 'ਚ ਵਾਪਰ ਰਹੇ ਰਾਜਸੀ ਘਟਨਾਕ੍ਰਮ ਬਾਰੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਇਹ ਜਾਣਕਾਰੀ ਇੱਥੋਂ ਜਾਰੀ ਇਕ ਬਿਆਨ ਰਾਹੀਂ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦਿੱਤੀ ਹੈ। ਸਕੱਤਰੇਤ ਨੇ ਨੋਟ ਕੀਤਾ ਹੈ ਕਿ ਆਰ ਐੱਸ ਐੱਸ, ਭਾਰਤ ਦੀ ਕੇਂਦਰੀ ਸੱਤਾ 'ਤੇ ਆਪਣੀ ਹੱਥਠੋਕਾ ਮੋਦੀ ਸਰਕਾਰ ਦੇ ਕਾਬਜ਼ ਹੋਣ ਦਾ ਪੂਰਾ ਲਾਹਾ ਲੈਂਦਾ ਹੋਇਆ, ਤਾਨਾਸ਼ਾਹੀ ਤਰਜ਼ ਦਾ, ਧਰਮ ਅਧਾਰਤ ਪਿਛਾਖੜੀ ਰਾਜ ਕਾਇਮ ਕਰਨ ਦਾ ਆਪਣਾ ਫਿਰਕੂ-ਫਾਸ਼ੀ ਨਿਸ਼ਾਨਾ ਪੂਰਾ ਕਰਨ ਲਈ, ਦੇਸ਼ ਭਰ 'ਚ ਫਿਰਕੂ ਵੰਡ ਤਿੱਖੀ ਕਰਨ ਲੱਗਾ ਹੋਇਆ ਹੈ। ਫਿਰਕੂ ਇਕਸੁਰਤਾ ਤੇ ਦੇਸ਼ ਦੀ ਏਕਤਾ-ਅਖੰਡਤਾ ਲਈ ਬੇਹੱਦ ਘਾਤਕ ਇਹ ਏਜੰਡਾ ਸਿਰੇ ਚਾੜ੍ਹਨ ਲਈ ਸੰਘ ਪਰਿਵਾਰ ਦੇ ਖੂਨੀ ਟੋਲੇ ਮੁਸਲਮਾਨਾਂ ਤੇ ਈਸਾਈਆਂ 'ਤੇ ਕਾਤਲਾਨਾ ਹਮਲੇ ਕਰ ਰਹੇ ਹਨ। ਸੰਘੀ ਗੁਰਗੇ ਦੀਆਂ ਇਨ੍ਹਾਂ ਕਰਤੂਤਾਂ ਨਾਲ ਪੂਰੇ ਸੰਸਾਰ 'ਚ ਭਾਰਤ ਦੀ ਸਾਖ ਧੁੰਮਲ ਹੋ ਰਹੀ ਹੈ ਅਤੇ ਵਿਦੇਸ਼ਾਂ 'ਚ ਵਸਦੇ ਭਾਰਤੀਆਂ ਖ਼ਿਲਾਫ਼ ਘ੍ਰਿਣਾ ਵਧ ਰਹੀ ਹੈ। ਮੀਟਿੰਗ ਵੱਲੋਂ ਆਉਣ ਵਾਲੀ 12 ਫਰਵਰੀ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਲਾਮਿਸਾਲ ਕਾਮਯਾਬ ਕਰਨ ਦੀ ਅਪੀਲ ਕਰਦਿਆਂ ਮਨਰੇਗਾ ਕਾਨੂੰਨ ਦੀ ਬਹਾਲੀ ਲਈ ਅਤੇ ਬਿਜਲੀ ਸੋਧ ਬਿਲ 2025, ਪ੍ਰਸਤਾਵਿਤ ਬੀਜ ਬਿਲ ਅਤੇ ਮੋਦੀ ਸਰਕਾਰ ਦੇ ਅਜਿਹੇ ਹੋਰ ਹੱਲਿਆਂ ਖ਼ਿਲਾਫ਼ ਲੋਕ ਲਾਮਬੰਦੀ ਅਤੇ ਘੋਲ ਨਿਰੰਤਰ ਜਾਰੀ ਰੱਖਣ ਦੀ ਠੋਸ ਵਿਉਂਤਬੰਦੀ ਕੀਤੀ ਹੈ।ਆਰੰਭ ਵਿਚ ਵਿਛੜੇ ਸਾਥੀਆਂ ਅਵਤਾਰ ਸਿੰਘ ਗੁਰਦਾਸਪੁਰ, ਮਾਨ ਸਿੰਘ ਮੁਹਾਵਾ, ਬਲਵਿੰਦਰ ਕੋਟ ਮੁਹੰਮਦ ਤੇ ਕਾਬਲ ਸਿੰਘ ਮੱਲ੍ਹਾ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਸਾਥੀ ਰਤਨ ਸਿੰਘ ਰੰਧਾਵਾ ਨੇ ਕੀਤੀ।



# ਹਰਜੋਤ ਬੈਂਸ ਨੇ ਗੁਰਦੁਆਰਾ ਕੁਸ਼ਟ ਨਿਵਾਰਨ ਭਾਤਪੁਰ ਸਾਹਿਬ ਵਿਖੇ ਟੇਕਿਆ ਮੱਥਾ

**ਨੰਗਲ ਭਲਾਣ (ਹਰਭਜਨ ਸਿੰਘ ਚਿੱਕੋ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਇਤਿਹਾਸਕ ਗੁਰਦੁਆਰਾ ਕੁਸ਼ਟ ਨਿਵਾਰਨ ਭਾਤਪੁਰ ਸਾਹਿਬ ਛੇਵੀਂ ਪਾਤਸ਼ਾਹੀ ਵਿਖੇ ਮਾਘੀ ਦੇ ਸ਼ੁੱਭ ਦਿਹਾੜੇ ਮੌਕੇ ਮੱਥਾ ਟੇਕਿਆ ਅਤੇ ਸਮੁੱਚੀ ਲੋਕਾਈ ਦੀ ਤੰਦਰੁਸਤੀ ਅਤੇ ਖੁਸ਼ਹਾਲੀ ਦੀ ਅਰਦਾਸ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਉਨ੍ਹਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੀ ਸੇਵਾ ਦਾ ਮੌਕਾ ਮਿਲਿਆ ਹੈ, ਇਹ ਸਮੁੱਚਾ ਇਲਾਕਾ ਗੁਰੂ ਸਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ ਅਤੇ ਹਰ ਖੇਤਰ ਵਿੱਚ ਧਾਰਮਿਕ ਇਤਿਹਾਸਕ, ਪਵਿੱਤਰ ਅਸਥਾਨ ਹਨ, ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਗੁਰਧਾਮਾ ਵਿਚ ਨਤਮਸਤਕ ਹੋਣ ਦਾ ਮੌਕਾ ਮਿਲਦਾ ਹੈ ਤੇ ਇਨ੍ਹਾਂ ਧਾਰਮਿਕ ਅਸਥਾਨਾਂ ਨੂੰ ਜਾਣ ਵਾਲੇ ਮਾਰਗਾਂ ਤੇ ਇਸ ਸਮੁੱਚੇ ਇਲਾਕੇ ਦਾ ਸਰਵਪੱਖੀ ਵਿਕਾਸ ਕਰਨ ਦਾ ਅਵਸਰ ਪ੍ਰਦਾਨ ਹੋਇਆ ਹੈ।



# ਮਨਰੇਗਾ ਦੀ ਬਹਾਲੀ ਲਈ ਰੋਸ ਮੀਟਿੰਗਾਂ ਦਾ ਸਿਲਸਿਲਾ ਜਾਰੀ

**ਬਲਾਚੌਰ (ਜਸਵਿੰਦਰ ਬੈਂਸ)**- ਪਿੰਡਾਂ ਵਿੱਚ ਮਨਰੇਗਾ ਕਾਨੂੰਨ ਦੀ ਬਹਾਲੀ ਲਈ, ਚਾਰ ਲੇਬਰ ਕੋਡ ਰੱਦ ਕਰਵਾਉਣ ਲਈ ਅਤੇ ਬਿਜਲੀ ਸੋਧ ਬਿਲ 2025 ਰੱਦ ਕਰਵਾਉਣ ਲਈ ਕਿਸਾਨਾਂ, ਮਜ਼ਦੂਰਾਂ ਅਤੇ ਕਿਰਤੀ ਲੋਕਾਂ ਦੀਆਂ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਹ ਜਾਣਕਾਰੀ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਮੰਚ ਪੰਜਾਬ ਨੇ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਦਿੱਤੀ। ਉਹਨਾਂ ਦੱਸਿਆ ਕਿ ਸਾਥੀ ਮਨੋਹਰ ਲਾਲ ਟੌਂਸਾ, ਬੀਬੀ ਚਰਨਜੀਤ ਕੌਰ ਨਵਾਂ ਸ਼ਹਿਰ, ਸਾਥੀ ਕਰਨੈਲ ਸਿੰਘ ਭੱਲਾ, ਸਤਪਾਲ ਸਿੰਘ, ਬੀਬੀ ਸ਼ਸ਼ੀਰਾਣਾ, ਮੋਹਨ ਲਾਲ ਕੈਥ, ਅਤੇ ਸੰਤੋਖ ਸਿੰਘ ਦੀ ਅਗਵਾਈ ਵਿੱਚ ਪਿੰਡਾਂ ਵਿੱਚ ਰੋਸ ਮੀਟਿੰਗਾਂ ਕਰਕੇ ਵੱਡੇ ਸੰਘਰਸ਼ ਲਈ ਲਾਮਬੰਦੀ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ 16 ਜਨਵਰੀ ਨੂੰ ਰੋਸ ਦਿਵਸ,20 ਜਨਵਰੀ ਨੂੰ ਕੇਂਦਰੀ ਮੰਤਰੀ ਨੂੰ ਮੰਗ ਪੱਤਰ, 30 ਜਨਵਰੀ ਨੂੰ ਰੋਸ ਮੁਜਾਰੇ ਅਤੇ 12 ਫਰਵਰੀ ਨੂੰ ਦੇਸ਼ ਵਿਆਪੀ ਹੜਤਾਲ ਕੀਤੀ ਜਾਵੇਗੀ । ਸਾਥੀ ਰਾਣਾ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਮਨਰੇਗਾ ਕਾਨੂੰਨ ਨੂੰ ਤੁਰੰਤ ਬਹਾਲ ਕਰੇ, ਕਿਸਾਨਾਂ ਮਜ਼ਦੂਰਾਂ ਸਿਰ ਚੜੇ ਕਰਜੇ ਨੂੰ ਖਤਮ ਕਰੇ, ਚਾਰ ਲੇਬਰ ਕੋਡ ਖਤਮ ਕੀਤੇ ਜਾਣ ਅਤੇ ਬਿਜਲੀ ਸੋਧ ਬਿਲ 2025 ਰੱਦ ਕੀਤਾ ਜਾਵੇ।



# ਬਜ਼ੁਰਗ ਸਮਾਜ ਦਾ ਕੀਮਤੀ ਸਰਮਾਇਆ : ਡੀ ਸੀ



**ਜਲੰਧਰ (ਸੁਰਿੰਦਰ ਕੁਮਾਰ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਓਲਡ ਏਜ ਹੋਮ ਵਿਖੇ ਪਹੁੰਚ ਕੇ ਉਥੇ ਰਹਿ ਰਹੇ ਬਜ਼ੁਰਗਾਂ ਨਾਲ ਲੋਹੜੀ ਦਾ ਤਿਉਹਾਰ ਮਨਾਇਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਬਜ਼ੁਰਗਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਾ ਹਾਲ-ਚਾਲ ਜਾਣਿਆ ਅਤੇ ਉਨ੍ਹਾਂ ਨੂੰ ਕੰਬਲ, ਮੂੰਗਫਲੀ, ਰਿਓੜੀਆਂ ਆਦਿ ਦੀ ਵੰਡ ਕੀਤੀ। ਡਾ. ਅਗਰਵਾਲ ਨੇ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦਾ ਕੀਮਤੀ ਸਰਮਾਇਆ ਹਨ ਅਤੇ ਉਨ੍ਹਾਂ ਦਾ ਤਜਰਬਾ ਨਵੀਂ ਪੀੜ੍ਹੀ ਲਈ ਮਾਰਗਦਰਸ਼ਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਆਪਣੇ ਸਾਰੇ ਨਾਗਰਿਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਖਾਸ ਕਰ ਬਜ਼ੁਰਗਾਂ ਦੀ ਦੇਖਭਾਲ ਅਤੇ ਸਹਾਇਤਾ ਲਈ ਹਰ ਸਮੇਂ ਤਤਪਰ ਹੈ। ਇਸ ਤੋਂ ਪਹਿਲਾਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸੁਰਜੀਤ ਲਾਲ ਨੇ ਓਲਡ ਏਜ ਹੋਮ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦਾ ਸਵਾਗਤ ਕੀਤਾ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ।ਇਸ ਮੌਕੇ ਅਕਾਊਟੈਂਟ ਨੇਕ ਰਾਮ, ਐਡਵੋਕੇਟ ਰਾਕੇਸ਼ ਕੁਮਾਰ, ਮੈਨੇਜਰ ਰਾਮਲਾਲ, ਸੁਰਿੰਦਰ ਸਿੰਘ, ਸੁਰੇਖਾ ਸ਼ਰਮਾ ਆਦਿ ਵੀ ਮੌਜੂਦ ਸਨ।

# ਸਿਹਤ ਵਿਭਾਗ ਵੱਲੋਂ ਸੀਤ ਲਹਿਰ ਤੋਂ ਬਚਾਅ ਲਈ ਐਡਵਾਇਜ਼ਰੀ ਜਾਰੀ

**ਫਗਵਾੜਾ (ਡਾ. ਰਮਨ)**- ਸੀਤ ਲਹਿਰ ਦੇ ਕਹਿਰ ਕਾਰਨ ਸਿਹਤ ਸੰਬੰਧੀ ਸਮੱਸਿਆਵਾਂ ਵੱਧ ਜਾਂਦੀਆਂ ਹਨ। ਇਸ ਨੂੰ ਮੁੱਖ ਰੱਖਦਿਆਂ ਸਿਹਤ ਵਿਭਾਗ ਵੱਲੋਂ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ। ਸਿਵਲ ਹਸਪਤਾਲ ਫਗਵਾੜਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ ਸਿਮਰਦੀਪ ਕੌਰ ਨੇ ਦੱਸਿਆ ਕਿ ਇਸ ਮੌਸਮ ਦੌਰਾਨ ਬਜ਼ੁਰਗਾਂ, ਬੱਚਿਆਂ, ਗਰਭਵਤੀ ਮਹਿਲਾਵਾਂ, ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ਆਦਿ ਦਾ ਖਾਸ ਖਿਆਲ ਰੱਖਣਾ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਠੰਡ ਨਾਲ ਪ੍ਰਭਾਵਤ ਹੋਣ 'ਤੇ ਸਰੀਰ ਠੰਡਾ ਪੈ ਸਕਦਾ ਹੈ, ਬਹੁਤ ਜ਼ਿਆਦਾ ਕਾਂਬਾ, ਯਾਦਾਸ਼ਤ ਕਮਜ਼ੋਰ ਹੋ ਜਾਣਾ, ਬੇਹੋਸ਼ੀ, ਕਮਜ਼ੋਰੀ ਆਦਿ ਲੱਛਣ ਹੋ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮੌਸਮ ਦੌਰਾਨ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮੱਰਥਾ ਘੱਟ ਜਾਂਦੀ ਹੈ। ਇਸ ਲਈ ਸੰਤੁਲਤ ਖੁਰਾਕ ਲਈ ਜਾਏ ਤੇ ਵਿਟਾਮਿਨ ਸੀ ਭਰਪੂਰ ਖਾਧ ਪਦਾਰਥ ਲਏ ਜਾਣ। ਮੌਸਮੀ ਫਲਾਂ ਅਤੇ ਸਬਜ਼ੀਆਂ ਲਈਆਂ ਜਾਣ ਤੇ ਬਾਹਰ ਦੇ ਜੰਕ ਫੂਡ ਤੋਂ ਬਚਿਆ ਜਾਏ। ਇਹੀ ਨਹੀਂ ਭੋਜਨ ਹਮੇਸ਼ਾ ਤਾਜ਼ਾ ਬਣਿਆ ਹੀ ਲਿਆ ਜਾਏ। ਗਰਮ ਪਾਣੀ, ਸੂਪ ਆਦਿ ਦਾ ਸੇਵਨ ਕੀਤਾ ਜਾਏ। ਸ਼ਰਾਬ ਦੇ ਸੇਵਨ ਤੋਂ ਬਚਿਆ ਜਾਵੇ।



# ਰਵਿਦਾਸੀਆ ਧਰਮ ਮਾਨਵਤਾ ਲਈ ਵਿਸ਼ਵ ਸ਼ਾਂਤੀ ਤੇ ਭਾਈਚਾਰੇ ਦਾ ਪ੍ਰਤੀਕ : ਸੰਤ ਸੁਰਿੰਦਰ ਦਾਸ ਬਾਵਾ

**ਅਲਾਵਲਪੁਰ, (ਮਦਨ ਬੰਗੜ)**- ਰਵਿਦਾਸੀਆ ਧਰਮ ਪ੍ਰਚਾਰ ਸਥਾਨ ਕਾਹਨਪੁਰ ਵਿਖੇ ਅੰਮ੍ਰਿਤ ਵੇਲੇ ਤੋਂ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪ ਬੀਬੀ ਵਿੱਦਿਆ ਸੁਪਤਨੀ ਸਵ: ਅਮਰਨਾਥ ਸਮੂਹ ਪਰਿਵਾਰ ਯੂ ਕੇ ਵਾਲਿਆਂ ਵੱਲੋਂ ਕਰਵਾਏ ਗਏ। ਉਪਰੰਤ ਆਰਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸੰਤ ਸੁਰਿੰਦਰ ਦਾਸ ਬਾਵਾਂ ਜੀ ਨੇ ਮਾਘੀ ਪੂਰਬ ਦਾ ਇਤਿਹਾਸਿਕ ਮਹੱਤਵ ਅਤੇ ਸਤਸੰਗ ਸੰਗਤਾਂ ਨੂੰ ਸਰਵਣ ਕਰਾਏ। ਇਸ ਮੌਕੇ ਉਹਨਾਂ ਮਾਨਵਤਾ ਨਾਲ ਪਿਆਰ, ਗਿਆਨ ਦੀ ਪ੍ਰਾਪਤੀ ਕਰਨ, ਨਸ਼ਿਆਂ ਦੇ ਤਿਆਗ ਕਰਨ, ਮਾਤਾ ਪਿਤਾ ਦੀ ਸੇਵਾ ਕਰਨ ਅਤੇ ਰਹਿਬਰਾਂ ਦੀ ਮੂਲ ਵਿਚਾਰਧਾਰਾ ਤੇ ਦ੍ਰਿੜ ਰਹਿਣ ਸੰਤਾਂ ਦੀ ਸੰਗਤ ਦੇ ਹਰਿ ਦੇ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਵਿਸ਼ਵ ਭਰ ਵਿੱਚ ਰਵਿਦਾਸੀਆ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਤੇ ਚਾਨਣਾ ਪਾਇਆ। ਜਗਤ ਗੁਰੂ ਰਵਿਦਾਸ ਮਹਾਰਾਜ ਤੇ ਸੰਤ ਮਹਾਂਪੁਰਸ਼ਾਂ ਦੇ ਆਸ਼ੀਰਵਾਦ ਨਾਲ ਰਵਿਦਾਸੀਆ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਸਮਰਪਿਤ ਪੈਰੋਕਾਰਾਂ,ਗੀਤਕਾਰਾਂ, ਕਵੀਆਂ, ਲੇਖਕਾਂ, ਗਾਇਕਾਂ,ਬੁੱਧੀਜੀਵੀਆਂ, ਪਾਠੀਆਂ ਤੇ ਕੀਰਤਨੀ ਜੱਥੇ ਵੱਲੋਂ ਦੋ ਵਡਮੁੱਲਾ ਯੋਗਦਾਨ ਪਾ ਰਹੇ ਹਨ । ਇਸ ਮੌਕੇ ਤੇ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਸਟੀਕ ਫਰੈਂਚ ਭਾਸ਼ਾ ਵਿੱਚ ਮੂਲ ਟੀਕਾਕਾਰ ਸੰਤ ਸੁਰਿੰਦਰ ਦਾਸ ਬਾਵਾ ਜੀ ਸੰਤ ਸਮਾਜ ਅਤੇ ਸੰਗਤਾਂ ਵੱਲੋਂ ਰਿਲੀਜ਼ ਕੀਤੀ ਗਈ । ਇਸ ਮੌਕੇ ਸੰਤ ਹਰਵਿੰਦਰ ਦਾਸ ,ਸੰਤ ਤਰਸੇਮ ਸਿੰਘ ਆਦਮਪੁਰ, ਜਗਤ ਗੁਰੂ ਰਵਿਦਾਸ ਸੰਗੀਤ ਅਕੈਡਮੀ ਕਾਹਨਪੁਰ ,ਬੰਗੜ ਬ੍ਰਦਰਜ ਜੀਵਨ ਸੋਹਲ ਆਦਿ ਹਾਜ਼ਰੀ ਲਗਵਾਈ ਗਈ। ਗੁਰੂ ਕਾ ਅਟੁੱਟ ਲੰਗਰ ਵਰਤਿਆ। ਸਟੇਜ ਸਕੱਤਰ ਦੀ ਸੇਵਾ ਸੁਖਵਿੰਦਰ ਗੋਲਡੀ ਨੇ ਬਖੂਬੀ ਨਿਭਾਈ ।



# ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਕਰਨੈਲ ਸਿੰਘ

ਕਪੂਰਥਲਾ (ਮਨਜੀਤ ਮਾਨ, ਪ੍ਰੀਤ ਸੰਗੋਜਲਾ)-ਹਮੀਰਾ ਫੈਕਟਰੀ ਦੀ ਦੀਵਾਰ ਅੰਦਰੋਂ ਖਾਲੀ ਪਲਾਟ ਵਿਚੋਂ ਜੋ ਸ਼ਮਸ਼ੇਰ ਸਿੰਘ ਵਾਸੀ ਜੰਲਧਰ ਦੀ ਲਾਸ਼ ਬਰਾਮਦ ਹੋਈ ਸੀ ਉਸ ਬਾਰੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਸਬ ਡਵੀਜਨ ਭੁਲੱਥ ਡੀ ਐਸ ਪੀ ਭੁਲੱਥ ਕਰਨੈਲ ਸਿੰਘ ਨੇ ਦੱਸਿਆ ਕਿ 6 ਜਨਵਰੀ ਨੂੰ ਸੁਭਾਨਪੁਰ ਪੁਲਸ ਨੂੰ ਦਰਖਾਸਤ ਦਿੱਤੀ ਗਈ ਜਿਸ ਵਿਚ ਪਰਵਾਰਕ ਮੈਂਬਰ ਨੇ ਦੱਸਿਆ ਕਿ ਸ਼ਮਸ਼ੇਰ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਬਾਸੀਦਪੁਰਾ ਜਲੰਧਰ ਜੋ ਜੰਲਧਰ ਕਿਸੇ ਨਿੱਜੀ ਸਕੂਲ ਦੀ ਬੱਸ ਦੀ ਡਰਾਈਵਰੀ ਕਰਦਾ ਸੀ ਤੇ 6 ਜਨਵਰੀ ਨੂੰ ਕਿਸੇ ਫਾਈਨੈਂਸਰ ਕੰਪਨੀ ਦੇ ਨਾਲ ਬਟਾਲਾ ਗੱਡੀ ਚੁੱਕਣ ਗਿਆ ਸੀ ਪਰ ਉਹ ਘਰ ਨਹੀਂ ਪਹੁੰਚਿਆ। ਜਦੋਂ ਉਸ ਦੀ ਭਾਲ ਕਰਨੀ ਸ਼ੁਰੂ ਕੀਤੀ ਤਾਂ ਪਤਾ ਲੱਗਿਆ ਕਿ ਉਸ ਨੂੰ ਲਾਸਟ ਟਾਈਮ ਪਿੰਡ ਹਮੀਰਾ ਵਿਖੇ ਦੇਖਿਆ ਗਿਆ ਸੀ। ਸੁਭਾਨਪੁਰ ਪੁਲਸ ਨੇ ਉਸ ਦੀ ਬਹੁਤ ਭਾਲ ਕੀਤੀ ਪਰ ਉਹ ਹਮੀਰਾ ਵਾਲੇ ਪਾਸੇ ਨਹੀਂ ਦੇਖਿਆ। 13 ਜਨਵਰੀ ਨੂੰ ਪਤਾ ਲੱਗਿਆ ਕਿ ਜਗਤਜੀਤ ਫੈਕਟਰੀ ਹਮੀਰਾ ਦਾ ਖ਼ਾਲੀ ਪਲਾਟ ਹੈ ਉਸ ਵਿੱਚ ਕੋਈ ਲਾਸ਼ ਪਈ ਹੋਈ ਹੈ ਜਦੋਂ ਅਸੀਂ ਪੁਹੰਚੇ ਤਾਂ ਲਾਸ਼ ਕੋਲ ਉਸਦੇ ਪਰਵਾਰਿਕ ਮੈਂਬਰ ਵੀ ਮੌਜੂਦ ਸਨ। ਅਸੀਂ ਲਾਸ਼ ਨੂੰ ਸਿਵਲ ਹਸਪਤਾਲ ਕਪੂਰਥਲਾ ਪੋਸਟ ਮਾਰਟਮ ਲਈ ਭੇਜ ਦਿੱਤਾ। ਪੋਸਟ ਮਾਰਟਮ ਰਿਪੋਰਟ ਆਉਣ ਤੋਂ ਬਾਅਦ ਮੌਤ ਦੇ ਕਾਰਨ ਦਾ ਪਤਾ ਲੱਗੇਗਾ। ਇਸ ਮੌਕੇ ਡੀ ਐਸ ਪੀ ਭੁਲੱਥ ਕਰਨੈਲ ਸਿੰਘ ਨੇ ਦੱਸਿਆ ਕਿ ਸ਼ਮਸ਼ੇਰ ਸਿੰਘ ਦੇ ਪਰਿਵਾਰਿਕ ਮੈਂਬਰ ਦਾ ਕਹਿਣਾ ਸੀ ਕਿ ਇਸ ਦੀ ਮੌਤ ਨਸ਼ਾ ਕਰਨ ਨਾਲ ਹੋਈ ਹੈ ਜਦਕਿ ਇਸ ਗੱਲ ਦੀ ਪੁਸ਼ਟੀ ਪੋਸਟਮਾਰਟਮ ਦੀ ਰਿਪੋਰਟ ਆਉਣ ਮਗਰੋਂ ਹੋਵੇਗੀ। ਨਾਲ ਹੀ ਦੱਸਿਆ ਕਿ ਹਮੀਰਾ ਦੇ ਆਸ ਪਾਸ ਜੋ ਲੋਕ ਨਸ਼ਾ ਵੇਚਣ ਦਾ ਕੰਮ ਕਰਦੇ ਹਨ ਜ਼ਿਲ੍ਹਾ ਕਪੂਰਥਲਾ ਦੇ ਮੁੱਖੀ ਐਸ ਐਸ ਪੀ ਸ੍ਰੀ ਗੌਰਵ ਤੂਰਾਂ ਦੀਆਂ ਹਦਾਇਤਾਂ ਤੇ ਉਹਨਾਂ ਲੋਕਾਂ 'ਤੇ ਬਣਦੀ ਜੁਰਮ ਅਨੁਸਾਰ ਕਰਵਾਈ ਕਰਦਿਆਂ ਥਾਣਾ ਸੁਭਾਨਪੁਰ ਪੁਲਿਸ ਵਲੋਂ 40 ਦੇ ਕਰੀਬ ਮੁਕਦਮੇ ਦਰਜ ਵੀ ਕੀਤੇ ਹਨ ਜੋ ਲੋਕ ਨਸ਼ਾ ਪੀੜ੍ਹਤ ਹਨ ਉਹਨਾਂ ਨੂੰ ਪੰਜਾਬ ਸਰਕਾਰ ਵੱਲੋਂ ਜੋ ਨਸ਼ਾ ਛੁਡਾਊ ਕੇਂਦਰ ਹਨ ਉਹਨਾਂ ਵਿੱਚ ਭਰਤੀ ਵੀ ਕਰਵਾਇਆ ਗਿਆ ਹੈ ।



# ਸਿਸਵਾਂ-ਮਿਰਜ਼ਾਪੁਰ ਜੰਗਲ ਖੇਤਰ ਬਣਿਆ ਈਕੋ-ਟੂਰਿਜ਼ਮ ਦਾ ਧੁਰਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮੋਹਾਲੀ ਜੰਗਲਾਤ ਡਿਵੀਜ਼ਨ (ਮੰਡਲ) ਵੱਲੋਂ ਸਿਸਵਾਂ-ਮਿਰਜ਼ਾਪੁਰ ਜੰਗਲ ਖੇਤਰ ਵਿੱਚ ਵਾਤਾਵਰਣ ਸੁਰੱਖਿਆ ਅਤੇ ਈਕੋ-ਟੂਰਿਜ਼ਮ ਨੂੰ ਉਤਸ਼ਾਹਿਤ ਕਰਨ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਨੂੰ ਲੋਕਾਂ ਵੱਲੋਂ ਬਹੁਤ ਹੀ ਉਤਸ਼ਾਹਪੂਰਵਕ ਸਹਿਯੋਗ ਮਿਲ ਰਿਹਾ ਹੈ।ਸਿਸਵਾਂ ਤੋਂ ਮਿਰਜ਼ਾਪੁਰ ਨੇਚਰ ਟ੍ਰੈਕ, ਜੋ ਲਗਭਗ 5 ਕਿਲੋਮੀਟਰ ਲੰਮਾ ਹੈ ਅਤੇ ਇਸ ਨੂੰ ਪੂਰਾ ਕਰਨ ਵਿੱਚ ਤਕਰੀਬਨ 1.5 ਘੰਟੇ ਲੱਗਦੇ ਹਨ, ਕੁਦਰਤੀ ਸੁੰਦਰਤਾ, ਹਰੇ-ਭਰੇ ਜੰਗਲਾਤੀ ਦ੍ਰਿਸ਼ਾਂ, ਸੁੰਦਰ ਦ੍ਰਿਸ਼ਟਿਕੋਣਾਂ ਅਤੇ ਵਾਚ ਟਾਵਰਾਂ ਕਰਕੇ ਲੋਕਾਂ ਵਿੱਚ ਬਹੁਤ ਮਕਬੂਲ ਬਣ ਚੁੱਕਾ ਹੈ।ਸਿਸਵਾਂ ਡੈਮ ਵਿਖੇ ਬੋਟਿੰਗ ਦੀ ਸਹੂਲਤ, ਸੁਚੱਜੀਆਂ ਕੈਂਟੀਨ ਸੇਵਾਵਾਂ ਅਤੇ ਤਿੰਨ ਈਕੋ-ਹੱਟਾਂ ਸੈਲਾਨੀਆਂ ਨੂੰ ਸ਼ਾਨਦਾਰ ਅਨੁਭਵ ਪ੍ਰਦਾਨ ਕਰ ਰਹੀਆਂ ਹਨ। ਇਹ ਸਾਰੀਆਂ ਸਹੂਲਤਾਂ ਲੋਕਾਂ ਵਿੱਚ ਕਾਫ਼ੀ ਪ੍ਰਸਿੱਧ ਹੋ ਰਹੀਆਂ ਹਨ।



# ਅੱਖਾਂ ਦਾ ਮੁਫਤ ਅਪਰੇਸ਼ਨ ਕੈਂਪ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਪਿੰਡ ਜੇਜੋਂ ਦੋਆਬਾ ਵਿਖੇ ਸਥਿਤ ਡੇਰਾ ਰਤਨਪੁਰੀ ਵਿਖੇ ਧੰਨ-ਧੰਨ 108 ਸਵਾਮੀ ਰਤਨ ਦਾਸ ਜੀ ਮਹਾਰਾਜ ਅਤੇ ਧੰਨ- ਧੰਨ 108 ਸਵਾਮੀ ਹਰਚਰਨ ਦਾਸ ਮਹਾਰਾਜ ਦੀ ਨਿੱਘੀ ਯਾਦ ਵਿੱਚ ਮਾਘੀ ਦੀ ਸੰਗਰਾਂਦ ਨੂੰ ਮੁੱਖ ਰੱਖਦਿਆਂ ਧਾਰਮਿਕ ਸਮਾਗਮ ਕੀਤਾ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਇਸ ਅਸਥਾਨ ਦੀ ਮੁੱਖ ਸੰਚਾਲਕਾ ਸੰਤ ਬੀਬੀ ਮੀਨਾ ਦੇਵੀ ਜੀ ਤੇ ਗੱਦੀ ਨਸ਼ੀਨ ਸੰਤ ਬਾਬਾ ਅਮਨਦੀਪ ਜੀ ਵੱਲੋ ਸਮੁੱਚੀ ਮਨੁੱਖਤਾ ਦੀ ਸੁੱਖ ਸ਼ਾਂਤੀ ਦੀ ਅਰਦਾਸ ਕੀਤੀ ਗਈ। ਇਸ ਤੋਂ ਬਾਅਦ ਐੱਨ ਆਰ ਆਈਜ਼ ਤੇ ਸਮੂਹ ਸਾਧ ਸੰਗਤ ਡੇਰਾ ਰਤਨਪੁਰੀ ਜੇਜੋ ਦੋਆਬਾ ਦੇ ਸਹਿਯੋਗ ਨਾਲ ਮੁਫਤ ਅਪਰੇਸ਼ਨ ਕੈਂਪ ਲਗਾਇਆ ਗਿਆ। ਇਸ ਮੌਕੇ ਦ੍ਰਿਸ਼ਟੀ ਆਈ ਕੇਅਰ ਹਸਪਤਾਲ ਬੰਗਾ ਦੀ ਡਾਕਟਰੀ ਟੀਮ ਜਿਸ ਵਿੱਚ ਡਾਕਟਰ ਦਿਨੇਸ਼ ਮਧੋਕ (ਐੱਮ ਐੱਸ) ਤੇ ਡਾਕਟਰ ਸਚਿਨ ਦੁੱਗਲ ਸ਼ਾਮਿਲ ਸਨ, ਵੱਲੋ 600 ਮਰੀਜ਼ਾਂ ਦਾ ਚੈੱਕ ਅਪ ਕੀਤਾ ਗਿਆ, ਮਰੀਜ਼ਾਂ ਨੂੰ ਮੁਫਤ ਦਵਾਈਆਂ, ਐਨਕਾਂ ਦਿੱਤੀਆਂ ਗਈਆਂ ਤੇ ਲੋੜਵੰਦ ਮਰੀਜ਼ਾਂ ਦੇ ਮੁਫਤ ਅਪਰੇਸ਼ਨ ਕੀਤੇ ਗਏ। ਗੁਰੂ ਕਾ ਲੰਗਰ ਅਟੁੱਟ ਚੱਲਿਆ। ਇਸ ਮੌਕੇ ਸੰਦੀਪ ਚੰਦੇਲੀ, ਰਾਜੇਸ਼ ਚੰਦੇਲੀ, ਨਿੰਦਰ, ਬਾਬਾ ਲਵਪ੍ਰੀਤ ਸਿੰਘ, ਰਾਮ ਆਸਰਾ,ਰਾਮ ਨਰਾਇਣ, ਜਥੇਦਾਰ ਮੱਖਣ ਸਿੰਘ ਕੋਠੀ, ਚੰਨਣ ਰਾਮ ਸਾਹਿਬਾ, ਅੰਜਲੀ ਸ਼ਰਮਾ, ਗੋਪਾਲ ਸ਼ਰਮਾ, ਰਸ਼ਪਾਲ ਕੌਰ,ਅਨੀਤਾ, ਸ਼ਿਵਾਨੀ, ਗੁਰਮੇਲ ਸਿੰਘ,ਅਮਰਜੀਤ ਸਿੰਘ ਸਮੇਤ ਇਸ ਅਸਥਾਨ ਨਾਲ ਜੁੜੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਹਾਜ਼ਰ ਸਨ।

# ਖਾਲਸਾ ਏਡ ਵੱਲੋਂ ਪੰਜਾਬ 'ਚ ਗਰੀਬ ਤੇ ਹੜ੍ਹਾਂ ਨਾਲ ਪ੍ਰਭਾਵਤ ਪਰਵਾਰਾਂ ਲਈ ਘਰ ਨਿਰਮਾਣ ਪ੍ਰੋਜੈਕਟ ਜਾਰੀ : ਲਖਵੀਰ ਸਿੰਘ

ਅੰਮ੍ਰਿਤਸਰ : ਖਾਲਸਾ ਏਡ ਦੇ ਸੀਨੀਅਰ ਆਗੂ ਲਖਵੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਾਲਸਾ ਏਡ ਵੱਲੋਂ ਪੰਜਾਬ 'ਚ ਮਨੁੱਖਤਾ ਦੀ ਸੇਵਾ ਦੇ ਤਹਿਤ ਹੜ੍ਹਾਂ ਨਾਲ ਪ੍ਰਭਾਵਿਤ ਅਤੇ ਗਰੀਬ ਲੋੜਵੰਦ ਪਰਵਾਰਾਂ ਲਈ ਘਰ-ਨਿਰਮਾਣ ਅਤੇ ਮੁੜ ਵਸੇਬੇ ਦਾ ਇੱਕ ਵਿਸ਼ਾਲ ਅਤੇ ਯੋਜਨਾਬੱਧ ਪ੍ਰੋਜੈਕਟ ਲਗਾਤਾਰ ਚਲਾਇਆ ਜਾ ਰਿਹਾ ਹੈ।ਇਸ ਪ੍ਰੋਜੈਕਟ ਦਾ ਮੁੱਖ ਮਕਸਦ ਉਹਨਾਂ ਪਰਵਾਰਾਂ ਨੂੰ ਦੁਬਾਰਾ ਸੁਰੱਖਿਅਤ ਅਤੇ ਜ਼ਿੰਦਗੀ ਨੂੰ ਲੀਹ 'ਤੇ ਲਿਆਉਣਾ ਹੈ, ਜੋ ਪੰਜਾਬ ਵਿੱਚ ਆਉਣ ਵਾਲੀਆਂ ਹੜ੍ਹਾਂ ਦੀ ਮਾਰ ਕਾਰਨ ਆਪਣਾ ਘਰ-ਬਾਰ ਗੁਆ ਬੈਠੇ ਹਨ ਜਾਂ ਜਿਨ੍ਹਾਂ ਦੇ ਘਰ ਪਹਿਲਾਂ ਤੋਂ ਹੀ ਕੱਚੇ ਅਤੇ ਅਸੁਰੱਖਿਅਤ ਸਨ।ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਖਾਲਸਾ ਏਡ ਨੂੰ ਫਿਰੋਜ਼ਪੁਰ, ਫਾਜ਼ਿਲਕਾ, ਗੁਰਦਾਸਪੁਰ, ਡੇਰਾ ਬਾਬਾ ਨਾਨਕ ਅਤੇ ਅੰਮ੍ਰਿਤਸਰ ਸਮੇਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਪਿੰਡਾਂ ਤੋਂ ਦੋ ਹਜ਼ਾਰ ਤੋਂ ਵੱਧ ਐਪਲੀਕੇਸ਼ਨਾਂ ਪ੍ਰਾਪਤ ਹੋਈਆਂ ਹਨ।ਇਹ ਸਾਰੀਆਂ ਐਪਲੀਕੇਸ਼ਨਾਂ ਉਹਨਾਂ ਗਰੀਬ ਅਤੇ ਲੋੜਵੰਦ ਪਰਵਾਰਾਂ ਵੱਲੋਂ ਹਨ, ਜੋ ਹੜ੍ਹਾਂ ਦੀ ਮਾਰ ਕਾਰਨ ਬੇਘਰ ਹੋ ਚੁੱਕੇ ਹਨ ਜਾਂ ਅਜੇ ਵੀ ਟੁੱਟੇ-ਫੁੱਟੇ ਅਤੇ ਅਸਥਾਈ ਘਰਾਂ ਵਿੱਚ ਰਹਿਣ ਲਈ ਮਜਬੂਰ ਹਨ।ਲਖਵੀਰ ਸਿੰਘ ਨੇ ਅੱਗੇ ਦੱਸਿਆ ਕਿ ਖਾਲਸਾ ਏਡ ਵੱਲੋਂ ਪ੍ਰਾਪਤ ਹੋਈਆਂ 2,000 ਤੋਂ ਵੱਧ ਐਪਲੀਕੇਸ਼ਨਾਂ ਦੀ ਪੂਰੀ ਪਾਰਦਰਸ਼ੀ, ਨਿਰਪੱਖ ਅਤੇ ਮੈਦਾਨੀ ਪੱਧਰ 'ਤੇ ਜਾਂਚ ਕਰਕੇ ਵੈਰੀਫਿਕੇਸ਼ਨ ਕੀਤੀ ਜਾ ਰਹੀ ਹੈ, ਤਾਂ ਜੋ ਮਦਦ ਸਿਰਫ਼ ਅਸਲ, ਗਰੀਬ ਅਤੇ ਸਭ ਤੋਂ ਜ਼ਿਆਦਾ ਪ੍ਰਭਾਵਿਤ ਪਰਵਾਰਾਂ ਤੱਕ ਹੀ ਪਹੁੰਚੇ।ਉਨ੍ਹਾਂ ਕਿਹਾ ਕਿ ਇਸੇ ਯੋਜਨਾ ਦੇ ਤਹਿਤ ਹੁਣ ਤੱਕ 50 ਤੋਂ ਵੱਧ ਘਰਾਂ ਦਾ ਨਿਰਮਾਣ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ, ਜੋ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਤੇਜ਼ੀ ਨਾਲ ਚੱਲ ਰਿਹਾ ਹੈ।ਲਖਵੀਰ ਸਿੰਘ ਨੇ ਦੱਸਿਆ ਕਿ ਹਰ ਬਣ ਰਹੇ ਘਰ ਵਿੱਚ ਦੋ ਕਮਰੇ, ਬਰਾਂਡਾ, ਰਸੋਈ (ਕਿਚਨ), ਬਾਥਰੂਮ, ਮਜ਼ਬੂਤ ਦਰਵਾਜ਼ੇ ਅਤੇ ਖਿੜਕੀਆਂ, ਬਿਜਲੀ ਦੀ ਪੂਰੀ ਵਿਵਸਥਾ ਅਤੇ ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਮੁਤਾਬਕ, ਹਰ ਘਰ 'ਤੇ ਲਗਭਗ 9 ਤੋਂ 10 ਲੱਖ ਰੁਪਏ ਤੱਕ ਦਾ ਖਰਚਾ ਆ ਰਿਹਾ ਹੈ, ਜੋ ਖਾਲਸਾ ਏਡ ਵੱਲੋਂ ਪੂਰੀ ਤਰ੍ਹਾਂ ਸੇਵਾ ਭਾਵ ਅਤੇ ਦਾਨਦਾਤਿਆਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।ਅੰਤ ਵਿੱਚ ਖਾਲਸਾ ਏਡ ਦੇ ਸੀਨੀਅਰ ਆਗੂ ਲਖਵੀਰ ਸਿੰਘ ਨੇ ਕਿਹਾ ਕਿ ਸੰਸਥਾ ਭਵਿੱਖ ਵਿੱਚ ਵੀ ਹੜ੍ਹਾਂ ਨਾਲ ਪ੍ਰਭਾਵਿਤ, ਗਰੀਬ ਅਤੇ ਲੋੜਵੰਦ ਪਰਵਾਰਾਂ ਦੀ ਮਦਦ ਲਈ ਆਪਣੇ ਯਤਨ ਹੋਰ ਤੇਜ਼ ਕਰੇਗੀ ਅਤੇ ਮਨੁੱਖਤਾ ਦੀ ਸੇਵਾ ਨੂੰ ਆਪਣਾ ਸਭ ਤੋਂ ਵੱਡਾ ਫਰਜ਼ ਮੰਨਦਿਆਂ ਇਹ ਸੇਵਾ ਕਾਰਜ ਨਿਰੰਤਰ ਜਾਰੀ ਰਹੇਗਾ।





# ਨਸ਼ਾ ਛੁਡਾਊ ਕੇਂਦਰ ਵਿਖੇ ਸੰਗਰਾਂਦ ਦਾ ਦਿਹਾੜਾ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਰੇਲਵੇ ਰੋਡ ਵਿਖੇ ਸੰਗਰਾਂਦ ਦਾ ਦਿਹਾੜਾ ਮਨਾਇਆ ਗਿਆ ।ਇਸ ਮੌਕੇ ਗੁਰਦੁਆਰਾ ਗੁਰੂ ਨਾਨਕ ਨਗਰ ਦੇ ਹੈੱਡ ਗ੍ਰੰਥੀ ਭਾਈ ਮਨਜੀਤ ਸਿੰਘ ਨਵਾਂਸ਼ਹਿਰ ਨੇ ਬਾਰ੍ਹਮਾਹ ਦੇ ਪਾਠ ਕੀਤੇ ਅਤੇ ਅਰਦਾਸ ਕੀਤੀ। ਸੈਂਟਰ ਵਿੱਚ ਦਾਖਲ ਮਰੀਜ਼ਾਂ ਨੂੰ ਵਾਹਿਗੁਰੂ ਦਾ ਜਾਪ ਲੈ ਕੇ ਨਸ਼ਾ ਛੱਡਣ ਦੀ ਅਪੀਲ ਕੀਤੀ। ਇਸ ਮੌਕੇ ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਸੈਂਟਰ ਵਿੱਚ ਦਾਖਲ ਲੜਕਿਆਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਨਸ਼ਾ ਇੱਕ ਬਹੁਤ ਹੀ ਬੁਰੀ ਆਦਤ ਹੈ, ਨਸ਼ਾ ਕਰਨ ਵਾਲਾ ਖੁਦ ਬਰਬਾਦ ਹੋ ਜਾਂਦਾ ਹੈ। ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਦੇ ਪ੍ਰੋਜੈਕਟ ਡਾਇਰੈਕਟਰ ਚਮਨ ਸਿੰਘ ਨੇ ਦੱਸਿਆ ਕਿ ਇਸ ਸੈਂਟਰ ਵਿੱਚ ਦਾਖਲ ਮਰੀਜਾਂ ਨੂੰ ਨਸ਼ਾ ਮੁਕਤ ਕਰਵਾਉਣ ਲਈ ਉਪਰਾਲੇ ਕੀਤੇ ਜਾਂਦੇ ਹਨ ਤੇ ਕੇਂਦਰ ਵੱਲੋਂ ਮਰੀਜ਼ਾਂ ਲਈ ਭੋਜਨ ਤੇ ਦਵਾਈਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਮੌਕੇ ਕਮਲਜੀਤ ਕੌਰ, ਜਸਵਿੰਦਰ ਕੌਰ, ਪ੍ਰਵੀਨ ਕੁਮਾਰੀ,ਕੋਮਲਪ੍ਰੀਤ ਕੋਰ, ਦਿਨੇਸ਼ ਕੁਮਾਰ, ਕਮਲ੍ਹਾ ਰਾਣੀ ਆਦਿ ਅਤੇ ਮਰੀਜ ਉਨ੍ਹਾਂ ਦੇ ਮਾਤਾ-ਪਿਤਾ ਹਾਜ਼ਰ ਸਨ।



# ਡੇਰਾ ਸੱਚਖੰਡ ਬੱਲਾਂ ਵਿਖੇ ਮਾਘੀ ਦਾ ਦਿਹਾੜਾ ਸ਼ਰਧਾ ਸਹਿਤ ਮਨਾਇਆ

**ਅਲਾਵਲਪੁਰ, ਕਿਸ਼ਨਗੜ੍ਹ (ਮਦਨ ਬੰਗੜ, ਸੁਖਜੀਤ)**- ਡੇਰਾ ਬ੍ਰਹਮਲੀਨ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਚੌਹਾਂ ਯੁਗਾਂ ਦੇ ਜੰਜੂ ਦਿਖਾਏ ਦਿਵਸ ਤੇ ਪਾਵਨ ਮਾਘੀ ਦਾ ਦਿਹਾੜਾ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਗੋਵਰਧਨਪੁਰ ਵਾਰਾਣਸੀ (ਯੂ ਪੀ) ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਪੂਰਬਕ ਮਨਾਇਆ ਗਿਆ। ਇਸ ਮੌਕੇ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪ ਕਰਵਾਏ ਗਏ। ਉਪਰੰਤ ਸੰਤ ਨਿਰੰਜਨ ਦਾਸ ਮਹਾਰਾਜ ਜੀ ਵੱਲੋ ਸੰਗਤਾਂ ਨੂੰ ਨਵੇਂ ਮਹੀਨੇ ਮਾਘ ਦਾ ਨਾਮ ਆਪਣੇ ਮੁਖਾਰਬਿੰਦ ਤੋਂ ਸਰਵਣ ਕਰਵਾਉਦੇ ਹੋਏ ਸੰਗਤਾਂ ਨੂੰ ਪ੍ਰਭੂ-ਭਗਤੀ, ਸੰਤਾਂ ਦੀ ਸੰਗਤ, ਸਭ ਧਰਮਾਂ ਦਾ ਸਤਿਕਾਰ ਕਰਨ ਅਤੇ ਜਗਤ ਗੁਰੂ ਸਤਿਗੁਰੂ ਰਵਿਦਾਸ ਜੀ ਦੇ ਬਖਸ਼ੇ ਉਪਦੇਸ਼ਾਂ 'ਤੇ ਚੱਲਣ ਲਈ ਪੁਰਜੋਰ ਪ੍ਰੇਰਿਤ ਕੀਤਾ । ਇਸ ਮੌਕੇ 'ਤੇ ਵੱਖ-ਵੱਖ ਡੇਰਿਆਂ ਦੇ ਸੰਤ ਮਹਾਪੁਰਸ਼ਾਂ 'ਚ ਸੰਤ ਪ੍ਰਦੀਪ ਦਾਸ ਢੇਪੁਰ - ਕੂਪੁਰ, ਸੰਤ ਲੇਖਰਾਜ ਨੂਰਪੁਰ, ਸੰਤ ਅਸ਼ੋਕ ਚੱਕਰਵਰਤੀ, ਸੇਵਾਦਾਰ ਹਰਦੇਵ ਦਾਸ ਆਦਿ ਤੋਂ ਇਲਾਵਾ ਵੱਖ-ਵੱਖ ਕੀਰਤਨੀ ਜਥਿਆਂ ਅਤੇ ਮਿਸ਼ਨਰੀ ਗਾਇਕ ਕਲਾਕਾਰਾਂ ਦੇ ਨਾਲ ਨਾਲ ਪ੍ਰਸਿੱਧ ਗਾਇਕ ਫਿਰੋਜ਼ ਖਾਨ 'ਲੋਕੀ ਕਹਿੰਦੇ ਜੋੜੇ ਗੰਢਦਾ ਉਹ ਗੰਢਦੇ ਤਕਦੀਰਾਂ ਨੂੰ' 'ਤੁਸੀਂ ਬੱਚਿਆਂ ਨੂੰ ਗੁਰੂ ਰਵਿਦਾਸ ਬਾਰੇ ਦੱਸੋ ' ਆਦਿ ਚਰਚਿਤ ਗੀਤਾਂ ਨਾਲ ਸਮਾਂ ਬੰਨ ਕੇ ਸਮੁੱਚੀਆਂ ਸੰਗਤਾਂ ਨੂੰ ਇਕ ਮਨ ਇਕ ਚਿਤ ਵਾਲੀ ਪਰਵਿਰਤੀ ਨਾਲ ਜੋੜ ਦਿੱਤਾ ਤੇ ਸੰਤ ਸਰਵਣ ਦਾਸ ਜੀ ਮਾਡਲ ਸਕੂਲ ਹਦੀਆਬਾਦ ਫਗਵਾੜਾ ਦੇ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਜੀਵਨ ਮਹਿਮਾ ਸਰਵਣ ਕਰਵਾਉਦਿਆਂ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਮੈਂਬਰ ਪਾਰਲੀਮੈਂਟ ਰਾਜ ਕੁਮਾਰ ਚੱਬੇਵਾਲ, ਵਿਧਾਇਕ ਆਦਮਪੁਰ ਸੁਖਵਿੰਦਰ ਕੋਟਲੀ, ਸਾਬਕਾ ਵਿਧਾਇਕ ਤੇ ਚੇਅਰਮੈਨ ਪਵਨ ਕੁਮਾਰ ਟੀਨੂੰ, ਵਿਧਾਇਕ ਜਸਵੀਰ ਸਿੰਘ ਰਾਜਾ ਟਾਂਡਾ, ਸਾਬਕਾ ਵਿਧਾਇਕ ਕੇ.ਡੀ ਭੰਡਾਰੀ, ਬਲਵਿੰਦਰ ਕੁਮਾਰ ਬਸਪਾ ਆਗੂ, ਕਾਂਗਰਸੀ ਆਗੂ ਸੇਵਾ ਮੁਕਤ ਐਸ ਐਸ ਪੀ ਰਜਿੰਦਰ ਸਿੰਘ, ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਸਾਬਕਾ ਵਿਧਾਇਕ ਦੇਸ ਰਾਜ ਧੁੱਗਾ, ਅਮਰਜੀਤ ਸਿੰਘ ਅਮਰੀ ਭਾਜਪਾ ਆਗੂ, ਤਹਿਸੀਲਦਾਰ ਵਿਜੈ ਕੁਮਾਰ ਅਹੀਰ, ਸਾਬਕਾ ਸਰਪੰਚ ਪ੍ਰਦੀਪ ਕੁਮਾਰ ਦੀਪਾ ਬੱਲਾਂ,ਹਰਦੇਵ ਦਾਸ, ਵਰਿੰਦਰ ਦਾਸ ਬੱਬੂ, ਦਵਿੰਦਰ ਦਾਸ, ਕੈਲਾਸ਼ ਚੰਦਰ, (ਚਾਰੇ ਸੇਵਾਦਾਰ) ਟਰੱਸਟ ਜਨ.ਸਕੱਤਰ ਸਤਪਾਲ ਹੀਰ, ਮੈਨੇਜਰ ਬਾਬੂ ਧਰਮਪਾਲ ਸਿਮਕ, ਜੋਗਿੰਦਰ ਪਾਲ ਸੇਵਾਮੁਕਤ ਆਈ.ਆਰ.ਐਸ, ਨਿਰੰਜਨ ਦਾਸ ਚੀਮਾ, ਸੇਠ ਸਤਪਾਲ ਮੱਲ ਬੂਟਾਂ ਮੰਡੀ,ਸੇਠ ਦੇਸ ਰਾਜ ਫਗਵਾੜਾ, ਬੀਪੀਈਓ ਬੀ.ਕੇ ਮਹਿਮੀ, ਸਤੀਸ਼ ਕੁਮਾਰ, ਸ਼ਾਮ ਲਾਲ, ਮਹਿੰਦਰ ਕੁਮਾਰ ਸੇਵਾਮੁਕਤ ਕਨੂੰਨਗੋ, ਲੈਕਚਰਾਰ ਸੁਰਜੀਤ ਜੱਸਲ, ਰੋਸ਼ਨ ਲਾਲ ਸੋਂਧੀ, ਗਿਆਨੀ ਰਮੇਸ਼ ਦਾਸ, ਧਰਮਵੀਰ, ਗੁਰਮੀਤ ਰਾਮ ਨਰ, ਪ੍ਰਸਿੱਧ ਗੀਤਕਾਰ ਮਹਿੰਦਰ ਸੰਧੂ ਮਹੇੜੂ , ਮੈਨੇਜਰ ਬੀ.ਸੀ. ਚੋਪੜਾ ਕਮਲਜੀਤ ਜੰਡੂ ਸਿੰਘਾ,ਬਾਬਾ ਸੁਖਦੇਵ ਸੁੱਖੀ, ਸ਼ਾਦੀ ਲਾਲ ਬੱਲਾਂ, ਸਾਬਕਾ ਕੌਂਸਲਰ ਗੁਰਮੀਤ ਚੰਦ ਦੁੱਗਲ,ਸੇਵਾ ਮੁਕਤ ਐਸਆਈ ਜਗਦੀਸ਼ ਲਾਲ ਸੇਵਾ ਮੁਕਤ ਇੰਸਪੈਕਟਰ ਸੋਹਣ ਲਾਲ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਉਕਤ ਸਮਾਗਮ ਦੌਰਾਨ ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ ਦੇ ਨਾਲ ਨਾਲ ਵੱਖ-ਵੱਖ ਪਾਰਟੀਆਂ ਨਾਲ ਜੁੜੀਆਂ ਸਿਆਸੀ ਨਾਮਵਰ ਸ਼ਖਸ਼ੀਅਤਾਂ ਨੂੰ ਸੰਤ ਨਿਰੰਜਨ ਦਾਸ ਮਹਾਰਾਜ ਵੱਲੋਂ ਸਨਮਾਨਤ ਕੀਤਾ ਗਿਆ। ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਨ ਦੀਆਂ ਸੇਵਾਵਾਂ ਸੇਵਾਦਾਰ ਦਵਿੰਦਰ ਦਾਸ ਵੱਲੋਂ ਨਿਭਾਈਆਂ ਗਈਆਂ।



# ਬੱਚਿਆਂ ਨੂੰ ਗੰਨ ਕਲਚਰ ਲਈ ਉਕਸਾਉਣ 'ਤੇ ਸਰਕਾਰ ਤੁਰੰਤ ਰੋਕ ਲਗਾਏ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਬੱਚੇ ਦੇਸ਼ ਦਾ ਭੱਵਿਖ ਹਨ,ਉਨ੍ਹਾਂ ਨੂੰ ਹਮੇਸ਼ਾਂ ਗਲੱਤ ਆਦਤਾਂ ਤੋਂ ਬਚਾਉਣਾ ਸਭ ਦੀ ਡਿਊਟੀ ਹੈ ।ਇੰਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਕਿਹਾ ਕਿ ਬਜਾਰ ਵਿਚ ਬੱਚਿਆਂ ਨੂੰ ਪਤੰਗਾਂ ਦੁਆਰਾ ਗਲੱਤ ਦਿਸ਼ਾ ਵੱਲ ਲਿਜਾਉਣ ਲਈ ਫੈਲਾਏ ਜਾ ਰਹੇ ਸਵਾਰਥੀ ਕਲਚਰ ਦੀ ਸਖਤ ਸਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਗਨ ਕਲਚਰ, ਜੰਕ ਫੂਡ, ਵਿਦੇਸ਼ੀ ਝੰਡਿਆਂ ਤੇ ਅਲੱਗ ਅਲੱਗ ਕੰਪਨੀਆਂ ਵਲੋਂ ਅਪਣੀ ਐਡਵਰਟਾਇਜਮੈਂਟ ਨੂੰ ਆਮਦਨ ਦਾ ਸਾਧਨ ਬਨਾਉਣ ਅਤੇ ਚਾਇਨਾ ਡੋਰ ਆਦਿ ਦੀਆਂ ਪਤੰਗਾਂ ਦੀ ਵਰਤੋਂ ਕਰਨ ਤੇ ਪੰਜਾਬ ਸਰਕਾਰ ਤੁਰੰਤ ਰੋਕ ਲਗਾਏ ।ਉਨਾਂ ਕਿਹਾ ਕਿ ਇਹ ਇਕ ਬਹੁਤ ਵੱਡਾ ਗੰਭੀਰ ਮਸਲਾ ਹੈ।ਪਲਾਸਟਿਕ ਦੇ ਪਤੰਗਾਂ ਨਾਲ ਇੱਕ ਤਾਂ ਪਲਾਸਟਿਕ ਦਾ ਪ੍ਰਦੂਸ਼ਣ ਵੱਧਦਾ ਜਾ ਰਿਹਾ ਹੈ, ਚਾਇਨਾਂ ਡੋਰ ਨਾਲ ਪੰਛੀਆਂ ਅਤੇ ਆਮ ਵਿਅਕਤੀਆਂ ਦਾ ਨੁਕਸਾਨ ਹੋ ਰਿਹਾ ਹੈ, ਪਤੰਗਾਂ ਨਾਲ ਬੱਚਿਆਂ ਵਿਚ ਘਟਨਾਵਾਂ ਵਾਪਰ ਰਹੀਆਂ ਹਨ,ਬੱਚੇ ਘਰਾਂ ਦੀਆਂ ਛੱਤਾਂ ਤੋਂ ਡਿੱਗ ਕੇ ਮੌਤ ਦੇ ਮੂੰਹ ਵਿਚ ਵੀ ਜਾ ਰਹੇ ਹਨ।ਅਨੇਕਾਂ ਪੰਛੀ ਇਨ੍ਹਾਂ ਪਤੰਗਾਂ ਦੀਆਂ ਡੋਰਾਂ ਵਿਚ ਫਸ ਕੇ ਮਰ ਰਹੇ ਹਨ।ਬੱਚਿਆਂ ਵਿਚ ਪਤੰਗਾਂ ਦੁਆਰਾ ਗਲੱਤ ਆਦਤਾਂ ਪੈ ਰਹੀਆਂ ਹਨ,ਗਨ ਕਲਚਰ ਦੁਆਰਾ ਬੱਚੇ ਬਚਪਨ ਤੋਂ ਹੀ ਪ੍ਰਭਾਵਿਤ ਹੋ ਜਾਂਦੇ ਹਨ ਤੇ ਵੱਡੇ ਹੋ ਕੇ ਅਜਿਹਾ ਹੀ ਕਲਚਰ ਪੈਦਾ ਕਰ ਲੈਂਦੇ ਹਨ। ਧੀਮਾਨ ਨੇ ਕਿਹਾ ਕਿ ਇਸ ਵਿਚ ਕੇਂਦਰ ਸਰਕਾਰ ਦਾ ਵੀ ਦੋਗਲਾਪਨ ਹੈ।



# ਹਸਤਕਲਾ ਪ੍ਰਦਰਸ਼ਨੀ ਲਗਾਈ

**ਮੁਹਾਲੀ (ਗੁਰਜੀਤ ਬਿੱਲਾ)**- ਭਾਰਤ ਦੇ ਪਹਿਲੇ ਉਦਯੋਗ-ਅਗਵਾਈ ਵਾਲੇ ਫੈਸ਼ਨ ਸਕੂਲ, ਇੰਸਟੀਚਿਊਟ ਆਫ਼ ਫੈਸ਼ਨ ਐਂਡ ਕਮਿਊਨੀਕੇਸ਼ਨ ਟੈਕਨੋਲੋਜੀ (ਆਈ ਐੱਫ ਸੀ ਟੀ), ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ 'ਬ੍ਰਾਈਟ ਬਿਗਿਨਿੰਗਜ਼ 2026' ਨਾਮਕ ਇੱਕ ਰੰਗੀਨ ਤੇ ਪ੍ਰਭਾਵਸ਼ਾਲੀ ਕਲਾ ਅਤੇ ਹਸਤਕਲਾ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਦੀ ਰਚਨਾਤਮਕ ਪ੍ਰਤਿਭਾ ਨੂੰ ਬਖ਼ੂਬੀ ਦਰਸਾਇਆ ਗਿਆ।



# ਗੁਰਦੁਆਰਾ ਸ਼ਹੀਦ ਬਾਬਾ ਮੱਤੀ ਵਿਖੇ ਮਾਘੀ ਦਾ ਦਿਹਾੜਾ ਮਨਾਇਆ

**ਆਦਮਪੁਰ, (ਪਰਮਜੀਤ ਸਿੰਘ)**- ਵਿਧਾਨ ਸਭਾ ਹਲਕਾ ਆਦਮਪੁਰ ਦੇ ਇਤਿਹਾਸਿਕ ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਡਰੋਲੀ ਕਲਾ ਵਿਖੇ ਸੰਗਰਾਂਦ ਤੇ ਮਾਘੀ ਦਾ ਪਵਿੱਤਰ ਦਿਹਾੜਾ ਗੁਰਦੁਆਰਾ ਸ਼ਹੀਦ ਬਾਬਾ ਮਤੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਦੀ ਅਗਵਾਈ ਹੇਠ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਪ੍ਰਧਾਨ ਮਨੋਹਰ ਸਿੰਘ ਨੇ ਦੱਸਿਆ ਕਿ ਸਮਾਗਮ ਵਿੱਚ ਭਾਈ ਨਿਰਮਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਰਨੈਲ ਸਿੰਘ ਬੈਂਸ ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਜੱਥਾ ਪਿੰਡ ਲੱਲੀਆਂ (ਨਕੋਦਰ), ਗਿਆਨੀ ਜੈ ਦੀਪ ਸਿੰਘ ਫਗਵਾੜਾ ਕਥਾ ਵਾਚਕ, ਭਾਈ ਗੁਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਡਰੋਲੀ ਕਲਾ ਸੰਗਤਾਂ ਨੂੰ ਕਥਾ, ਕੀਰਤਨ ਤੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਧਾਨ ਮਨੋਹਰ ਸਿੰਘ, ਜਰਨੈਲ ਸਿੰਘ, ਰਣਵੀਰਪਾਲ ਸਿੰਘ, ਜਸਪਾਲ ਸਿੰਘ, ਨਰਿੰਦਰ ਸਿੰਘ ਨਿੰਦੀ, ਰਛਪਾਲ ਸਿੰਘ ਸਰਪੰਚ, ਡਾ. ਰਣਧੀਰ ਸਿੰਘ ਰੰਧਾਵਾ, ਹਰਦਿਆਲ ਸਿੰਘ, ਐਡਵੋਕੇਟ ਕੁਮਾਰ ਗੋਤਮ, ਅਮਰਜੀਤ ਸਿੰਘ ਸਿੰਘ ਸਮੇਤ ਕਮੇਟੀ ਮੈਂਬਰ ਤੇ ਸੰਗਤਾਂ ਹਾਜ਼ਰ ਹੋਈਆਂ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੁਰਜੀਤ ਸਿੰਘ ਵੱਲੋ ਬਾਖੂਬੀ ਨਿਭਾਈ ਗਈ।



# ਚੋਣ ਡਿਊਟੀ ਦੌਰਾਨ ਜਾਨ ਗਵਾਉਣ ਵਾਲੇ ਅਧਿਆਪਕ ਜੋੜੇ ਦੇ ਹੱਕ 'ਚ ਕੈਂਡਲ ਮਾਰਚ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣ ਡਿਊਟੀ ਦੌਰਾਨ ਮੋਗਾ ਵਿਖੇ ਜਾਨ ਗਵਾਉਣ ਵਾਲੇ ਅਧਿਆਪਕ ਜੋੜੇ ਨੂੰ ਇਨਸਾਫ ਦੁਆਉਣ ਲਈ ਸਥਾਨਕ ਬਾਰਾਂਦਰੀ ਗਾਰਡਨ ਤੋਂ ਫੱਟੀ ਬਸਤਾ ਚੌਕ ਤੋਂ ਹੁੰਦੇ ਹੋਏ ਬੱਸ ਸਟੈਂਡ ਚੌਂਕ ਨੇੜੇ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਤੱਕ ਕੈਂਡਲ ਮਾਰਚ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਅਧਿਆਪਕਾਂ ਅਤੇ ਭਰਾਤਰੀ ਜਥੇਬੰਦੀਆਂ ਨੇ ਭਾਗ ਲਿਆ। ਇਸ ਮੌਕੇ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਜਸਵਿੰਦਰ ਔਜਲਾ, ਰਾਮ ਕਿਸ਼ਨ ਪੱਲੀ ਝਿੱਕੀ, ਬਿਕਰਮਜੀਤ ਸਿੰਘ,ਹਰਮਿੰਦਰ ਸਿੰਘ ਉਪਲ ਅਤੇ ਰਮੇਸ਼ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮ੍ਰਿਤਕ ਜੋੜੇ ਨੂੰ ਦਸ-ਦਸ ਲੱਖ ਰੁਪਏ ਦੀ ਨਿਗੂਣੀ ਰਾਸ਼ੀ ਦੇ ਚੈੱਕ ਦਿੱਤੇ ਗਏ ਜੋ ਕਿ ਪਰਵਾਰ ਤੇ ਜਥੇਬੰਦੀਆਂ ਵੱਲੋਂ ਨਕਾਰ ਦਿੱਤੇ ਗਏ ਜਦੋਂ ਕਿ ਜ਼ਖਮੀ ਹੋਏ ਅਧਿਆਪਕਾਂ ਦੀ ਤਾਂ ਸਰਕਾਰ ਨੇ ਕੋਈ ਸਾਰ ਵੀ ਨਹੀਂ ਲਈ। ਆਗੂਆਂ ਨੇ ਮੰਗ ਕੀਤੀ ਕਿ ਸਦੀਵੀ ਵਿਛੋੜਾ ਦੇ ਗਏ ਅਧਿਆਪਕ ਜਸਕਰਨ ਸਿੰਘ ਅਤੇ ਕਮਲਜੀਤ ਕੌਰ ਦੀ ਭਿਆਨਕ ਮੌਤ 'ਤੇ 2-2 ਕਰੋੜ ਰੁਪਏ ਦਾ ਮੁਆਵਜ਼ਾ ਉਨ੍ਹਾਂ ਦੇ ਬੱਚਿਆਂ ਦੇ ਨਾਂਅ 'ਤੇ ਤੁਰੰਤ ਜਾਰੀ ਕੀਤਾ ਜਾਵੇ, ਬੱਚਿਆਂ ਦੀ ਪੜ੍ਹਾਈ ਦੀ ਸਰਕਾਰ ਪੱਧਰ 'ਤੇ ਜਿੰਮੇਵਾਰੀ ਲਈ ਜਾਵੇ ਤੇ ਉਹਨਾਂ ਦੇ ਬੱਚਿਆਂ ਲਈ ਸਰਕਾਰੀ ਨੌਕਰੀ ਰਾਖਵੀਂ ਰੱਖੀ ਜਾਵੇ। ਇਸ ਤੋਂ ਇਲਾਵਾ ਜ਼ਖਮੀ ਹੋਏ ਅਧਿਆਪਕਾਂ ਲਈ 20-20 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਜੇਕਰ ਪੰਜਾਬ ਸਰਕਾਰ ਵੱਲੋਂ ਹਾਦਸੇ ਦੇ ਸ਼ਿਕਾਰ ਹੋਏ ਅਧਿਆਪਕਾਂ ਨੂੰ ਇਨਸਾਫ ਨਹੀਂ ਮਿਲਦਾ ਤਾਂ 18 ਜਨਵਰੀ ਨੂੰ ਮੋਗਾ ਵਿਖੇ ਅਧਿਆਪਕ ਇਨਸਾਫ ਕਮੇਟੀ ਦੇ ਬੈਨਰ ਹੇਠ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਇਸ ਮੌਕੇ ਅਜੇ ਚਾਹੜ ਮਜਾਰਾ, ਚੰਦਰ ਸ਼ੇਖਰ,ਭੁਪਿੰਦਰ ਸੜੋਆ, ਸਤਨਾਮ ਮੀਰਪੁਰੀ,ਜਗਦੀਪ ਸੈਂਪਲੇ,ਮਨਜੀਤ ਰਾਮ, ਗੁਰਪ੍ਰੀਤ ਸਿੰਘ, ਕਿਸ਼ਨ ਖਟਕੜ,ਸੁਰਜੀਤ ਸੈਂਪਲੇ,ਸਤਨਾਮ ਰਾਮ,ਯੋਧ ਪਾਲ,ਗੁਰਦੀਸ਼ ਸਿੰਘ, ਪ੍ਰਸ਼ੋਤਮ ਲਾਲ, ਗੁਰਨਾਮ ਸਿੰਘ, ਬਲਜੀਤ ਸਿੰਘ, ਮਨਜਿੰਦਰਜੀਤ ਸਿੰਘ, ਇਕਬਾਲ ਸਿੰਘ, ਮਨਮੋਹਣ ਸਿੰਘ ਚੱਢਾ,ਹਰਜੀਤ ਸਿੰਘ, ਰਾਜਵਿੰਦਰ ਕੌਰ, ਗੁਰਪ੍ਰੀਤ ਕੌਰ, ਦਲਜੀਤ, ਸਰਬਜੀਤ, ਕੰਚਨ ਘਈ, ਜਸਵਿੰਦਰ ਸਿੰਘ ਸੰਧੂ,ਨਰਿੰਦਰ ਸਿੰਘ, ਚੰਦਰ ਸ਼ੇਖਰ, ਬਲਜਿੰਦਰ ਕੁਮਾਰ,ਦੇਸ ਰਾਜ , ਸੰਜੀਵ ਦੁੱਗਲ ਆਦਿ ਵੱਡੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਸਨ।



# ਮਾਘੀ ਮੌਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਮਾਘੀ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੇ ਭਾਈ ਜੈਤਾ ਜੀ ਹਸਪਤਾਲ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਇਸ ਉਪਰੰਤ ਸਰਬੱਤ ਦੇ ਭਲੇ ਤੇ ਨਾਗਰਿਕਾਂ ਦੀ ਤੰਦਰੁਸਤੀ ਦੀ ਅਰਦਾਸ ਕੀਤੀ ਗਈ।ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੁਖਵਿੰਦਰ ਸਿੰਘ ਨੇ ਸਭ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਨਵੇਂ ਵਰ੍ਹੇ ਵਿਚ ਸਿਹਤ ਸਹੂਲਤਾਂ ਨੂੰ ਹੋਰ ਬਿਹਤਰ ਢੰਗ ਨਾਲ ਹਰ ਵਿਅਕਤੀ ਤੱਕ ਪਹੁੰਚਾਉਣ ਦੀ ਵਚਨਬੱਧਤਾ ਦੁਹਰਾਈ। ਸੀਨੀਅਰ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਸਮਾਜ ਵਿੱਚ ਧੀਆਂ ਦੀ ਮਹੱਤਤਾ ਉਜਾਗਰ ਕਰਨ, ਲਿੰਗ ਅਨੁਪਾਤ ਸੰਤੁਲਨ ਬਾਰੇ ਜਾਗਰੂਕਤਾ ਫੈਲਾਉਣ ਅਤੇ ਧੀ-ਪੁੱਤਰ ਦੀ ਸਮਾਨਤਾ ਦਾ ਸੁਨੇਹਾ ਦੇਣ ਲਈ ਹਸਪਤਾਲ ਵਿਚ 'ਧੀਆਂ ਦੀ ਲੋਹੜੀ' ਦਾ ਸਮਾਗਮ ਵੀ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਧੀਆਂ ਦੇ ਪਰਵਾਰ ਨੂੰ ਕੰਬਲ ਆਦਿ ਭੇਟ ਕਰ ਸਨਮਾਨਤ ਕੀਤਾ ਗਿਆ। ਡਾ. ਸੁਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਸਿਹਤ ਤੇ ਪਰਵਾਰ ਭਲਾਈ ਅਫ਼ਸਰ, ਰੂਪਨਗਰ ਡਾਕਟਰ ਅੰਜਲੀ ਚੌਧਰੀ ਦੀ ਅਗਵਾਈ ਵਿੱਚ ਭਰੂਣ ਹੱਤਿਆ ਨੂੰ ਰੋਕਣ ਲਈ ਪੀ ਸੀ-ਪੀ ਐੱਨ ਡੀ ਟੀ ਐਕਟ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸਮਾਗਮ ਦੌਰਾਨ ਲੋਹੜੀ ਵੰਡਣ ਤੋਂ ਇਲਾਵਾ ਸਾਰਿਆਂ ਨੇ ਮਿਲ ਕੇ ਧੀਆਂ ਦੀ ਖੁਸ਼ਹਾਲੀ ਅਤੇ ਚੰਗੇ ਭਵਿੱਖ ਲਈ ਅਰਦਾਸ ਕੀਤੀ।ਇਸ ਮੌਕੇ ਬਲਾਕ ਐਕਸਟੈਨਸ਼ਨ ਐਜੂਕੇਟਰ ਰਤਿਕਾ ਓਬਰਾਏ, ਬਾਲ ਰੋਗਾਂ ਦੇ ਮਾਹਿਰ ਡਾਕਟਰ ਕੰਚਨ ਸ਼ਰਮਾ, ਹੱਡੀਆਂ ਦੇ ਮਾਹਿਰ ਡਾਕਟਰ ਸੁਪ੍ਰੀਤ ਸਿੰਘ ਮਨਚੰਦਾ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

